Punjabi Parwaz

# ਪੰਜਾਬੀ ਪਰਵਾਜ਼

ਅੰਕ 45ਵਾਂ (ਸ਼ਿਕਾਗੋ): 1 ਫਰਵਰੀ ਤੋਂ 14 ਫਰਵਰੀ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਮੁਲਕੀ ਤਰਜੀਹਾਂ: ਤਿੰਨ ਕੋਣੀ ਡਿਪਲੋਮੇਸੀ ਦੇ ਸਿਆਪੇ

**ਜਸਵੀਰ ਸਿੰਘ ਸ਼ੀਰੀ**

**ਭਾਰਤ-ਅਮਰੀਕਾ ਵਿਚਾਲੇ ਸੰਬੰਧਾਂ ਦੀ ਗੱਲਬਾਤ *ਭਾਰਤ ਦੀ ਚੀਨ ਨਾਲ ਹਵਾਈ ਮੇਲਜੋਲ ਵਧਾਉਣ ਬਾਰੇ ਸਹਿਮਤੀ*

ਭਾਰਤ ਅਤੇ ਅਮਰੀਕਾ ਵਿਚਕਾਰ ਆਪਸੀ ਸੰਬੰਧਾਂ ਨੂੰ ਰਵੇਂ ਕਰਨ ਦੇ ਮਾਮਲੇ ਵਿੱਚ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦਾ ਕਾਫੀ ਜ਼ੋਰ ਲੱਗ ਰਿਹਾ ਹੈ। ਇਹ ਪਿਛਲੀ ਬਾਇਡਨ ਸਰਕਾਰ ਵੇਲੇ ਵੀ ਇਵੇਂ ਲਗਦਾ ਰਿਹਾ ਅਤੇ ਹੁਣ ਵੀ ਲੱਗ ਰਿਹਾ ਹੈ। ਹਿੰਦੁਸਤਾਨ ਦੀ ਜਿਹੜੀ ਜਿਓ-ਪੁਲਿਟੀਕਲੀ ਸਥਿਤੀ ਹੈ, ਉਹ ਹਮੇਸ਼ਾ ਮਹੱਤਵਪੂਰਨ ਰਹੀ ਹੈ ਅਤੇ ਹੁਣ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਹੋ ਗਈ ਹੈ। ਕਿਉਂਕਿ ਪੂਰਬ ਵਾਲੇ ਪਾਸੇ ਚੀਨ ਤੇ ਰੂਸ ਵੱਡੀਆਂ ਤਾਕਤਾਂ ਬਣ ਕੇ ਉਭਰ ਆਏ ਹਨ ਅਤੇ ਅਮਰੀਕਾ ਦੀ ਹਾਲਤ ਪਹਿਲਾਂ ਨਾਲੋਂ ਪਤਲੀ ਹੋਈ ਹੈ; ਪਰ ਫਿਰ ਵੀ ਅਮਰੀਕਾ ਦੁਨੀਆਂ 'ਤੇ ਆਪਣੀ ਸਰਦਾਰੀ ਬਰਕਰਾਰ ਰੱਖਣ ਦੇ ਸਿਰਤੋੜ ਯਤਨ ਕਰ ਰਿਹਾ ਹੈ। ਇਹ ਉਨ੍ਹਾਂ ਨੀਤੀਆਂ ਤੋਂ ਵੀ ਸਪਸ਼ਟ ਹੋ ਰਿਹਾ ਹੈ, ਜਿਹੜੀਆਂ ਟਰੰਪ ਪ੍ਰਸ਼ਾਸਨ ਵੱਲੋਂ ਸਾਹਮਣੇ ਲਿਆਂਦੀਆਂ ਜਾ ਰਹੀਆਂ ਹਨ। ਨਵੀਂ ਸਰਾਕਰ ਦੀਆਂ ਨੀਤੀਆਂ ਦੀ ਪ੍ਰਮੁੱਖ ਟੈਗ ਲਾਈਨ 'ਅਮਰੀਕਾ ਫਸਟ' ਵਾਲੀ ਹੈ।

ਇਸ ਤੋਂ ਸਪਸ਼ਟ ਹੈ ਕਿ ਅਮਰੀਕਾ ਦੀ ਨਵੀਂ ਸਰਕਾਰ ਭਾਰਤ ਸਮੇਤ ਕਿਸੇ ਹੋਰ ਮੁਲਕ ਬਾਰੇ ਨੀਤੀਆਂ ਤੈਅ ਕਰਨ ਲੱਗਿਆਂ ਇਸੇ ਟੈਗ ਲਾਈਨ ਦੇ ਅਧੀਨ ਤੁਰੇਗੀ। ਇੱਧਰ ਹਿੰਦੁਸਤਾਨ ਨੇ ਆਪਣੇ ਹਿੱਤ ਵੇਖਦਿਆਂ ਹੀ ਫੈਸਲੇ ਕਰਨੇ ਹਨ; ਪਰ ਹਕੀਕਤ ਇਹ ਹੈ ਕਿ ਕੁਝ ਮਾਮਲਿਆਂ ਵਿੱਚ ਖਾਸ ਕਰਕੇ ਹਥਿਆਰਾਂ ਦੀ ਖਰੀਦ ਦੇ ਮਾਮਲੇ ਵਿੱਚ ਅਤੇ ਅਮਰੀਕੀ ਧਰਤੀ 'ਤੇ 'ਅਮਰੀਕੀ ਨਾਗਿਰਕਾਂ ਖਿਲਾਫ ਕਤਲ ਦੀ ਸਾਜ਼ਿਸ਼' ਦੇ ਮਾਮਲੇ ਵਿੱਚ ਅਮਰੀਕਾ ਭਾਰਤ ਦੀ ਬਾਂਹ ਮਰੋੜ ਰਿਹਾ ਹੈ। ਇਸ ਘਟਨਾਕ੍ਰਮ ਕਰਕੇ 'ਸਿੱਖ ਮਸਲੇ' ਭਾਰਤ-ਅਮਰੀਕੀ ਕੂਟਨੀਤੀ ਦੇ ਕੇਂਦਰ ਵਿੱਚ ਆ ਗਏ ਹਨ। ਇਹ 1947 ਤੋਂ ਬਾਅਦ ਸਿੱਖਾਂ ਦੇ ਵੱਡੀ ਪੱਧਰ 'ਤੇ ਪੱਛਮੀ ਮੁਲਕਾਂ ਵਿੱਚ ਜਾ ਵੱਸਣ ਕਾਰਨ ਹੀ ਵਾਪਰ ਰਿਹਾ ਹੈ। ਸਿੱਖ ਕਈ ਵੱਡੇ ਪੱਛਮੀ ਦੇਸ਼ਾਂ ਦੀ ਭਾਰਤ ਪ੍ਰਤੀ ਵਿਦੇਸ਼ ਨੀਤੀ ਤੈਅ ਕਰਨ ਦੇ ਮਾਮਲੇ ਵਿੱਚ ਮਹੱਤਵਪੂਰਨ ਕਾਰਕ ਬਣ ਰਹੇ ਹਨ। ਇਤਿਹਾਸ ਵਿੱਚ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਵਾਪਰਿਆ।

ਅਮਰੀਕੀਆਂ ਨੂੰ ਹਮੇਸ਼ਾ ਚਿੰਤਾ ਰਹਿੰਦੀ ਹੈ ਕਿ ਫੌਜੀ ਸਾਜ਼ੋ-ਸਮਾਨ ਖਰੀਦਣ ਦੇ ਮਾਮਲੇ ਵਿੱਚ ਭਾਰਤ ਰੂਸ ਨੂੰ ਤਰਜੀਹ ਨਾ ਦੇਵੇ। ਯਾਦ ਰਹੇ, ਠੰਡੀ ਜੰਗ ਦੇ ਵੇਲਿਆਂ ਤੋਂ ਹੀ ਆਧੁਨਿਕ ਫੌਜੀ ਸਾਜ਼ੋ-ਸਮਾਨ ਲਈ ਭਾਰਤ ਮੁੱਖ ਤੌਰ 'ਤੇ ਰੂਸ 'ਤੇ ਨਿਰਭਰ ਰਿਹਾ ਹੈ। ਅਮਰੀਕਾ ਦੀ ਡੀਪ ਸਟੇਟ ਰੂਸ ਦੇ ਸਿਰ ਚੁੱਕਣ ਤੋਂ ਹਮੇਸ਼ਾ ਦਹਿਲਦੀ ਰਹੀ ਹੈ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਰੂਸ ਧਰਤੀ ਦਾ ਬੜਾ ਵੱਡਾ ਟੁਕੜਾ ਮੱਲੀਂ ਬੈਠਾ ਹੈ, ਜਿਸ ਵਿੱਚ ਕੁਝ ਗੈਰ-ਰੂਸੀ ਕੌਮਾਂ ਵੀ ਵੱਸਦੀਆਂ ਹਨ। ਸੋਵੀਅਤ ਯੂਨੀਅਨ ਟੁੱਟਣ ਵੇਲੇ 10-12 ਛੋਟੇ-ਛੋਟੇ ਮੁਲਕ ਰੂਸ ਤੋਂ ਵੱਖ ਹੋ ਗਏ ਸਨ, ਪਰ ਬਾਅਦ ਵਿੱਚ ਵਲਾਦੀਮੀਰ ਪੂਤਿਨ ਦੀ ਅਗਵਾਈ ਵਿੱਚ ਰੂਸ ਨੇ ਮੁੜ ਆਪਣੇ ਆਪ ਨੂੰ ਪੈਰਾਂ ਸਿਰ ਕਰ ਲਿਆ। ਪੱਛਮ ਚਾਹੁੰਦਾ ਹੈ ਕਿ ਰੂਸ ਦੇ ਕੁਝ ਹੋਰ ਟੋਟੇ ਕਰ ਲਏ ਜਾਣ ਅਤੇ ਫਿਰ ਅਲੱਗ ਹੋਏ ਛੋਟੇ ਮੁਲਕਾਂ ਨੂੰ ਆਪਣੇ ਪੱਖ ਵਿੱਚ ਵਰਤਿਆ ਜਾਵੇ। ਜਿਵੇਂ ਅੱਜ ਕੱਲ੍ਹ ਯੂਕਰੇਨ ਨੂੰ ਵਰਤਿਆ ਜਾ ਰਿਹਾ ਹੈ। ਅਮਰੀਕਾ ਅਸਲ ਵਿੱਚ ਇੱਕ ਧਰੁਵੀ ਸੰਸਾਰ ਵਿੱਚ ਹੀ ਜੀਣ ਦਾ ਇਛੁੱਕ ਹੈ, ਪਰ ਹਕੀਕੀ ਰਾਜਨੀਤਿਕ ਪਾੜੇ ਸਥਿਤੀਆਂ ਨੂੰ ਕਿਸੇ ਹੋਰ ਪਾਸੇ ਧੱਕ ਰਹੇ ਹਨ।



ਇਸ ਸਾਰੇ ਕੁਝ ਦੇ ਬਾਵਜੂਦ ਰੂਸ ਹੀ ਇੱਕ ਅਜਿਹਾ ਮੁਲਕ ਹੈ, ਜਿਹੜਾ ਫੌਜੀ ਸਮਰੱਥਾ ਪੱਖੋਂ ਪੱਛਮ, ਖਾਸ ਕਰਕੇ ਅਮਰੀਕਾ ਨੂੰ ਚੁਣੌਤੀ ਦੇ ਸਕਦਾ ਹੈ। ਇਸ ਦਰਮਿਆਨ ਚੀਨ ਦੁਨੀਆਂ ਦੀ ਇੱਕ ਵੱਡੀ ਆਰਥਕ ਤਕਨੀਕੀ ਸ਼ਕਤੀ ਬਣ ਕੇ ਉਭਰਿਆ ਹੈ। ਜੇ ਚੀਨ ਅਤੇ ਰੂਸ ਦਾ ਸਹਿਚਾਰ ਵਧਦਾ ਹੈ ਤਾਂ ਇਹ ਅਮਰੀਕਾ ਸਮੇਤ ਪੂਰੇ ਪੱਛਮ ਲਈ ਇੱਕ ਵੱਡੀ ਚੁਣੌਤੀ ਬਣੇਗਾ। ਜੇ ਭਾਰਤ ਵੀ ਇਸ ਗੱਠਜੋੜ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਬਿਨਾ ਸ਼ੱਕ ਇਹ ਸੰਸਾਰ ਵਿੱਚ ਇਕ ਮਹਾਂ-ਤਾਕਤਵਰ ਗੱਠਜੋੜ ਹੋਏਗਾ। ਆਪਣੀ ਜਿਓਗਰਾਫੀਕਲ ਪੁਜੀਸ਼ਨ ਕਾਰਨ ਅਤੇ ਵਿਕਾਸ ਲਈ ਆਧੁਨਿਕ ਤਕਨੀਕੀ ਲੋੜਾਂ ਦੇ ਮੱਦੇਨਜ਼ਰ ਭਾਰਤ ਦੀ ਰੂਸ ਜਾਂ ਅਮਰੀਕਾ ਨਾਲ ਅਲਾਇੰਸ ਦੇ ਮਾਮਲੇ ਸਥਿਤੀ ਪੈਂਡੂਲਮ ਵਰਗੀ ਹੈ। ਦੋਨੋਂ ਪਾਸੇ ਦੀਆਂ ਖਿੱਚਾਂ/ਲੋੜਾਂ ਭਾਰਤੀ ਡਿਪਲੋਮੇਸੀ ਨੂੰ ਇਸ ਵਿਸ਼ੇਸ਼ ਪੈਟਰਨ ਵਿੱਚ ਗਤੀਸ਼ੀਲ ਰੱਖ ਰਹੀਆਂ ਹਨ।

ਉਪਰੋਕਤ ਲੋੜਾਂ ਕਰਕੇ ਹੀ ਪਿਛਲੀ ਸਦੀ ਵਿੱਚ ਭਾਰਤ ਨੇ ਕਈ ਹੋਰ ਮੁਲਕਾਂ ਨਾਲ ਮਿਲ ਕੇ 'ਗੁੱਟ ਨਿਰਲੇਪ' ਵਾਲੀ ਨੀਤੀ ਅਪਣਾਈ ਸੀ। ਪਿਛਲੀ ਸਦੀ ਦੇ ਆਖਰੀ ਦਹਾਕੇ ਵਿੱਚ ਸੰਸਾਰ ਲਗਪਗ ਇੱਕ ਧਰੁਵੀ ਹੋ ਗਿਆ ਸੀ। ਇਸ ਦਾ ਕਾਰਨ ਇਹੋ ਸੀ ਕਿ ਰੂਸ ਆਰਥਕ-ਸਿਆਸੀ ਤੌਰ 'ਤੇ ਕਾਫੀ ਕਮਜ਼ੋਰ ਹੋ ਗਿਆ ਸੀ ਅਤੇ ਚੀਨ ਹਾਲੇ ਇੱਕ ਵੱਡੀ ਆਰਥਕ ਤਾਕਤ ਵਜੋਂ ਸਾਹਮਣੇ ਨਹੀਂ ਸੀ ਆਇਆ। ਉਸ ਦੌਰ ਵਿੱਚ ਵੀ ਭਾਰਤ ਕਾਫੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਅਮਰੀਕਾ ਦੀ ਅਗਵਾਈ ਵਾਲੇ ਇੱਕ ਧਰੁਵੀ ਸੰਸਾਰ ਨਾਲ ਪੂਰੀ ਤਰ੍ਹਾਂ ਨਹੀਂ ਸੀ ਤੁਰ ਸਕਿਆ।

ਇਸ ਵੇਲੇ ਸੰਸਾਰ ਦੇ ਬਹੁਧਰੁਵੀ ਹੋਣ ਦੇ ਆਸਾਰ ਬਣ ਗਏ ਹਨ ਜਾਂ ਹਾਲ ਦੀ ਘੜੀ ਸਥਿਤੀਆਂ ਉਧਰ ਨੂੰ ਵਧ ਰਹੀਆਂ ਵਿਖਾਈ ਦਿੰਦੀਆਂ ਹਨ, ਪਰ ਅਮਰੀਕਾ ਨੂੰ ਹਾਲੇ ਇਹ ਮਨਜ਼ੂਰ ਨਹੀਂ ਹਨ। ਬਰਿਕਸ ਦੇਸ਼ਾਂ ਵੱਲੋਂ ਆਰਥਕ ਤਬਾਦਲੇ ਲਈ ਡਾਲਰ ਦੀ ਥਾਂ ਬਦਲਵੇਂ ਸਾਧਨ ਲੱਭਣ ਦੇ ਯਤਨ ਨੇ ਪਿਛੇ ਜਿਹੇ ਅਮਰੀਕਾ ਨੂੰ ਕਾਫੀ ਪ੍ਰੇਸ਼ਾਨ ਕੀਤਾ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਬਰਿਕਸ ਦੇਸ਼ਾਂ ਨੂੰ ਟਰੇਡ 'ਤੇ ਜ਼ਿਆਦਾ ਟੈਰਿਫ ਲਗਾਉਣ ਦੀ ਧਮਕੀ ਦਿੱਤੀ। ਦੱਖਣੀ ਅਫਰੀਕਾ, ਚੀਨ ਅਤੇ ਬ੍ਰਾਜ਼ੀਲ ਵਰਗੇ ਮੁਲਕ ਬਰਿਕਸ ਦਾ ਹਿੱਸਾ ਹਨ। ਹਿੰਦੁਸਤਾਨ ਇਨ੍ਹਾਂ ਵਿੱਚੋਂ ਪਹਿਲਾ ਹੈ, ਜਿਹੜਾ ਟਰੰਪ ਦੀ ਧਮਕੀ ਤੋਂ ਇਕਦਮ ਬਾਅਦ ਅਮਰੀਕਾ ਅੱਗੇ ਗੋਡਿਆਂ ਭਾਰ ਹੋ ਗਿਆ ਹੈ। ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਬੀਤੇ ਕੁਝ ਮਹੀਨਿਆਂ ਵਿੱਚ ਕਈ ਵਾਰ ਅਮਰੀਕਾ ਦੀ ਫੇਰੀ ਮਾਰ ਚੁੱਕੇ ਹਨ। ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੇ ਕਥਿਤ ਕੇਸ ਵਿੱਚ ਚੈਕ ਰਿਪਬਲਿਕ ਤੋਂ ਇੱਕ ਵਿਅਕਤੀ ਦੇ ਫੜੇ ਜਾਣ ਤੋਂ ਬਾਅਦ ਭਾਰਤ ਅਤੇ ਅਮਰੀਕਾ ਵਿਚਕਾਰ ਇਹ ਬੈਕ ਚੈਨਲ ਡਿਪਲੋਮੇਸੀ ਕਾਫੀ ਤੇਜ਼ ਹੋ ਗਈ ਹੈ। ਭਾਰਤ ਆਪਣੀ ਭੂਗੋਲਿਕ ਸਥਿਤੀ, ਰਾਜਨੀਤਿਕ ਲੋੜਾਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਦੇ ਸੰਤੁਲਨ ਦੀ ਦ੍ਰਿਸ਼ਟੀ ਤੋਂ ਰੂਸ-ਚੀਨ ਵੱਲ ਝੁਕਣ ਦਾ ਇਛੁੱਕ ਹੈ, ਪਰ ਉਪਰੋਕਤ ਮਜਬੂਰੀਆਂ ਉਸ ਨੂੰ ਆਪਣਾ ਇੱਕ ਹੱਥ ਅਮਰੀਕਾ ਨਾਲ ਮਿਲਾਉਣ ਲਈ ਵੀ ਮਜਬੂਰ ਕਰ ਰਹੀਆਂ ਹਨ। ਫਿਰ ਵੀ ਇਹ ਅਚਾਨਕ ਨਹੀਂ ਹੈ ਕਿ ਇੱਕ ਪਾਸੇ ਡੋਨਾਲਡ ਟਰੰਪ ਭਾਰਤੀ ਪ੍ਰਧਾਨ ਮੰਤਰੀ ਨਾਲ ਟੈਲੀਫੋਨ ਵਾਰਤਾ ਕਰਦੇ ਹਨ ਅਤੇ ਉਨ੍ਹਾਂ ਨੂੰ ਵਾਈਟ ਹਾਉਸ ਆਉਣ ਦਾ ਸੱਦਾ ਦਿੰਦੇ ਹਨ।

ਦੂਜੇ ਪਾਸੇ ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਚੀਨੀ ਵਿਦੇਸ਼

⇒ ਬਾਕੀ ਸਫਾ 9 ਉਤੇ ਪੜ੍ਹੋ









# ਪੰਜਾਬ ਵਿੱਚ ਜਾਤੀ ਕਲੇਸ਼ ਕਰਵਾਉਣ ਦੀ ਸਾਜ਼ਿਸ਼?

**ਜਸਵੀਰ ਸਿੰਘ ਮਾਂਗਟ**




ਪੰਜਾਬ ਦੀ ਧਾਰਮਿਕ ਰਾਜਧਾਨੀ ਅੰਮ੍ਰਿਤਸਰ ਵਿੱਚ 26 ਜਨਵਰੀ ਵਾਲੇ ਦਿਨ ਇੱਕ ਸਿੱਖ ਨੌਜਵਾਨ ਨੇ ਪੌੜੀ 'ਤੇ ਚੜ੍ਹ ਕੇ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਨੂੰ ਤੋੜਨ ਦਾ ਯਤਨ ਕੀਤਾ। ਬਾਵਜੂਦ ਇਸ ਦੇ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਾ ਨੌਜੁਆਨ ਵੀ ਦਲਿਤ ਸ਼੍ਰੇਣੀ ਨਾਲ ਸੰਬੰਧਤ ਹੈ, ਅਗਲੇ ਦਿਨ ਘਟਨਾ 'ਤੇ ਵਿਆਪਕ ਪ੍ਰਤੀਕਰਮ ਹੋਇਆ। ਕਈ ਦਲਿਤ ਸੰਗਠਨਾਂ ਵੱਲੋਂ ਬੀਤੇ ਸੋਮ-ਮੰਗਲਵਾਰ ਵਾਲੇ ਦਿਨ ਸ਼ਹਿਰ/ਪੰਜਾਬ ਬੰਦ ਕਰਨ ਦਾ ਸੱਦਾ ਦਿੱਤਾ ਗਿਆ, ਜਿਸ ਨੂੰ ਜਲੰਧਰ ਸਮੇਤ ਕਈ ਜ਼ਿਲ੍ਹਿਆਂ ਵਿੱਚ ਭਰਵਾਂ ਹੁੰਘਾਰਾ ਮਿਲਿਆ। ਡਾ. ਭੀਮ ਰਾਓ ਅੰਬੇਦਕਰ ਦਾ ਇਹ ਬੁੱਤ ਕਿਉਂਕਿ ਹਰਿਮੰਦਰ ਸਾਹਿਬ ਦੇ ਨਜ਼ਦੀਕ ਕੋਤਵਾਲੀ ਦੇ ਲਾਗੇ ਹੈ ਅਤੇ ਇੱਥੇ ਸਿੱਖ ਸ਼ਰਧਾਲੂਆਂ ਦੀ ਆਵਾਜਾਈ ਰਹਿੰਦੀ ਹੈ, ਇਸ ਲਈ ਭਾਜਪਾ ਨਾਲ ਸੰਬੰਧਤ ਕੁਝ ਆਗੂਆਂ ਵੱਲੋਂ ਇਸ ਨੂੰ 'ਦਲਿਤ ਬਨਾਮ ਸਿੱਖ' ਮਸਲਾ ਬਣਾਉਣ ਦਾ ਯਤਨ ਕੀਤਾ ਗਿਆ, ਪਰ ਸਿੱਖ ਆਗੂਆਂ ਵੱਲੋਂ ਵੇਲੇ ਸਿਰ ਪ੍ਰਤੀਕਰਮ ਦੇਣ ਅਤੇ ਸੰਬੰਧਤ ਨੌਜੁਆਨ ਦੇ ਖੁਦ ਦਲਿਤ ਤਬਕਿਆਂ ਨਾਲ ਸੰਬੰਧਤ ਹੋਣ ਕਾਰਨ ਇਹ ਮਸਲਾ ਵੱਡਾ ਕਲੇਸ਼ ਬਣਨ ਤੋਂ ਟਲ ਗਿਆ।

ਪੁਲਿਸ ਸੂਤਰਾਂ ਅਨੁਸਾਰ ਬੁੱਤ ਨੂੰ ਤੋੜਨ ਦਾ ਯਤਨ ਕਰਨ ਵਾਲਾ ਨੌਜਵਾਨ ਆਕਾਸ਼ ਸਿੰਘ ਧਰਮਕੋਟ ਨਾਲ ਸੰਬੰਧਤ ਹੈ। ਉਸ ਦੀ ਮਾਤਾ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਗੁਜ਼ਾਰਾ ਕਰਦੀ ਹੈ। ਨੌਜਵਾਨ ਐਸ.ਸੀ. ਤਬਕੇ ਨਾਲ ਸੰਬੰਧਤ ਦੱਸਿਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਕਿਹਾ ਕਿ ਸਿੱਖ ਡਾ. ਅੰਬੇਦਕਰ ਦਾ ਦਿਲੋਂ ਸਤਿਕਾਰ ਕਰਦੇ ਹਨ। ਇਸ ਤੋਂ ਇਲਾਵਾ ਬੁੱਤ ਤੋੜਨ ਦਾ ਯਤਨ ਕਰਨ ਵਾਲੇ ਨੌਜੁਆਨ ਨੂੰ ਸਭ ਤੋਂ ਪਹਿਲਾਂ ਸਿੱਖਾਂ ਵੱਲੋਂ ਹੀ ਰੋਕਿਆ ਗਿਆ ਅਤੇ ਸਿੱਖ ਨੌਜਵਾਨਾਂ ਵੱਲੋਂ ਆਪ ਫੜ ਕੇ ਪੁਲਿਸ ਦੇ ਹਵਾਲੇ ਕੀਤਾ ਗਿਆ। ਅਤੀਤ ਵਿੱਚ ਭਾਰਤੀ ਜਨਤਾ ਪਾਰਟੀ ਨਾਲ ਸੰਬੰਧਤ ਰਹੇ ਆਗੂ ਵਿਜੇ ਸਾਂਪਲਾ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਬੁੱਤ ਕਿਉਂਕਿ ਹਰਿਮੰਦਰ ਸਾਹਿਬ ਦੇ ਗਲਿਆਰੇ ਵਿੱਚ ਪੈਂਦਾ ਹੈ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਇਸ ਮਾਮਲੇ ਵਿੱਚ ਜਵਾਬਦੇਹ ਹੋਣਾ ਚਾਹੀਦਾ ਹੈ। ਪਰ ਸ. ਧਾਮੀ ਨੇ ਇਸ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਡਾ. ਅੰਬੇਦਕਰ ਦੇ ਬੁੱਤ ਨੂੰ ਹਰਿਮੰਦਰ ਸਾਹਿਬ ਦੇ ਗਲਿਆਰੇ ਨਾਲ ਜੋੜਨਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਇਹ ਬੁੱਤ 1947 ਦੀ ਵੰਡ ਬਾਰੇ ਮਿਊਜ਼ੀਅਮ ਅਤੇ ਕੋਤਵਾਲੀ ਦੇ ਨੇੜੇ ਪੈਂਦਾ ਹੈ। ਇਸ ਲਈ ਇਸ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਘਟਨਾ ਦੀ ਘੋਰ ਨਿੰਦਾ ਕੀਤੀ ਅਤੇ ਕਿਹਾ ਕਿ ਇਸ ਘਟਨਾ ਨਾਲ ਬਾਬਾ ਸਾਹਿਬ ਦਾ ਸਤਿਕਾਰ ਕਰਨ ਵਾਲੇ ਹਰ ਸ਼ਖਸ ਨੂੰ ਠੇਸ ਪਹੁੰਚੀ ਹੈ। ਇਸ ਘਟਨਾ ਦੇ ਜ਼ਿੰਮੇਵਾਰ/ਜ਼ਿੰਮੇਵਾਰਾਂ ਨੂੰ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਸੰਜਮ ਵਰਤਣ ਦੀ ਵੀ ਅਪੀਲ ਕੀਤੀ ਅਤੇ ਕਿਹਾ ਕਿ ਸਮਾਜ ਵਿਰੋਧੀ ਅਨਸਰ ਪੰਜਾਬ ਵਿੱਚ ਫਿਰਕੂ ਕਲੇਸ਼ ਖੜ੍ਹਾ ਕਰਨ ਦੀ ਤਾਕ ਵਿੱਚ ਹਨ। ਪੰਜਾਬ ਦੇ ਮੁੱਖ ਮੰਤਰੀ ਦੀ ਸਾਜ਼ਿਸ਼ ਦੀ ਧਾਰਨਾ ਵਿੱਚ ਵਜ਼ਨ ਜਾਪਦਾ ਹੈ, ਕਿਉਂਕਿ ਇਸ ਤੋਂ ਪਹਿਲਾਂ ਦਰਬਾਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਯਤਨ ਵੀ ਹੋ ਚੁਕੇ ਹਨ। ਇਸ ਤੋਂ ਇਲਾਵਾ ਪਿੰਡਾਂ/ਕਸਬਿਆਂ ਦੇ ਗੁਰਦੁਆਰਾ ਸਾਹਿਬਾਨ ਵਿੱਚ ਵੀ ਗੁਰੂ ਮਹਾਰਾਜ ਦੀ ਬੇਅਦਬੀ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ ਹਨ। ਇਹ ਸ਼ਾਇਦ ਪੰਜਾਬ ਦੇ ਲੋਕਾਂ ਦੀ ਸਹਿਣਸ਼ੀਲਤਾ ਹੀ ਹੈ ਕਿ ਕੋਈ ਵੱਡਾ ਕਲੇਸ਼ ਖੜ੍ਹਾ ਨਹੀਂ ਹੋਇਆ।

ਤਾਜ਼ਾ ਘਟਨਾ ਦਾ 26 ਜਨਵਰੀ ਦਿਨ ਵਾਲੇ ਹੋਣਾ, ਇਸ ਦਾ ਅੰਮ੍ਰਿਤਸਰ ਵਿੱਚ ਵਾਪਰਨਾ ਅਤੇ ਬੁੱਤ ਦੇ ਹੱਥ ਵਿੱਚ ਫੜੀ ਸੰਵਿਧਾਨ ਦੀ ਕਾਪੀ ਦੇ ਮਾਡਲ ਨੂੰ ਤੋੜਨਾ ਆਦਿ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਇਸ ਘਟਨਾ ਨੂੰ 2027 ਵਿੱਚ ਪੰਜਾਬ ਵਿੱਚ ਆ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨਾਲ ਜੋੜ ਕਿ ਵੇਖਿਆ ਜਾਵੇ ਤਾਂ ਸੰਭਾਵਿਤ ਸਾਜ਼ਿਸ਼ ਦੇ ਮਕਸਦ ਦੀ ਸਮਝ ਪੈ ਸਕਦੀ ਹੈ। ਯਾਦ ਰਹੇ, ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਅਤੇ ਇਸ ਨਾਲ ਜੁੜੇ ਹੋਰ ਕੱਟੜ ਸੰਗਠਨਾਂ ਨੇ ਹਰਿਆਣਾ ਦੇ ਨੂਹ ਵਿੱਚ ਜਾਟਾਂ ਨੂੰ ਮੁਸਲਮਾਨਾਂ ਦੇ ਗਲ਼ ਪਾਉਣ ਦਾ ਯਤਨ ਕੀਤਾ ਸੀ; ਪਰ ਹਰਿਆਣਾ ਵਿੱਚ ਵੱਸਦੇ ਜਾਟਾਂ ਦੇ ਇੱਕ ਜਾਗਰੂਕ ਤਬਕੇ ਨੇ ਸੋਸ਼ਲ ਮੀਡੀਆ 'ਤੇ ਇੱਕ ਵੱਡੀ ਮੁਹਿੰਮ ਚਲਾ ਕੇ ਕੱਟੜ ਹਿੰਦੂ ਸੰਗਠਨਾਂ ਅਤੇ ਭਾਜਪਾ ਦੀ ਇਸ ਚਾਲ ਨੂੰ ਪੂਰੀ ਤਰ੍ਹਾਂ ਫੇਲ੍ਹ ਕਰ ਦਿੱਤਾ ਸੀ। ਇਸ ਤਰ੍ਹਾਂ ਪੰਜਾਬ ਦੇ ਸਿਆਸੀ ਤੌਰ 'ਤੇ ਸੁਚੇਤ ਤਬਕਿਆਂ ਨੂੰ ਹੁਣੇ ਤੋਂ ਸਤਰਕ ਰਹਿਣਾ ਚਾਹੀਦਾ ਹੈ।

ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਸਹਿਯੋਗੀ ਕੱਟੜਵਾਦੀ ਸੰਗਠਨ ਪੰਜਾਬ ਵਿੱਚ ਜੱਟ ਸਿੱਖ ਤਬਕੇ ਅਤੇ ਪਛੜੀਆਂ ਸ਼੍ਰੇਣੀਆਂ ਤੇ ਸ਼ਡਿਊਲਡ ਕਾਸਟ ਤਬਕਿਆਂ ਨੂੰ ਇੱਕ ਦੂਜੇ ਦੇ ਖਿਲਾਫ ਖੜ੍ਹੇ ਕਰਨ ਲਈ ਪੰਜਾਬ ਦੇ ਲੋਕਾਂ ਵਿੱਚ ਆਪਸੀ ਕਲੇਸ਼ ਕਰਵਾਉਣ ਦੇ ਯਤਨ ਕਰ ਸਕਦੇ ਹਨ। ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਚੱਲ ਰਹੇ ਕਿਸਾਨਾਂ ਦੇ ਧਰਨੇ, ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਅਣਗੌਲਿਆ ਕਰਨ ਦੇ ਸਿੱਟੇ ਵਜੋਂ ਪੰਜਾਬ ਵਿੱਚ ਭਾਜਪਾ ਦੇ ਪੈਰ ਲੱਗਣੇ ਹਾਲ ਦੀ ਘੜੀ ਸੰਭਵ ਨਹੀਂ ਹਨ। ਇਸ ਹਾਲਤ ਵਿੱਚ ਭਾਰਤੀ ਜਨਤਾ ਪਾਰਟੀ ਗੈਰ-ਕਾਸ਼ਤਕਾਰ ਅਤੇ ਪਛੜੀਆਂ-ਦਲਿਤ ਸ਼੍ਰੇਣੀਆਂ ਨੂੰ ਆਪਣੇ ਪਿੱਛੇ ਲਾਮਬੰਦ ਕਰਕੇ ਪੰਜਾਬ ਵਿੱਚ ਸੱਤਾ 'ਤੇ ਕਾਬਜ ਹੋਣ ਦਾ ਯਤਨ ਕਰ ਸਕਦੀ ਹੈ। ਇਸ ਰਾਜਨੀਤਿਕ ਸਮੀਕਰਣ ਦਾ ਪ੍ਰਯੋਗ ਭਾਰਤੀ ਜਨਤਾ ਪਾਰਟੀ ਹਰਿਆਣਾ ਵਿੱਚ ਪਹਿਲਾਂ ਹੀ ਕਰ ਚੁੱਕੀ ਹੈ। ਇਹ ਪੰਜਾਬ ਵਿੱਚ ਵੀ ਦੁਹਰਾਇਆ ਜਾ ਸਕਦਾ ਹੈ।

ਫਿਰਕੂ ਦੰਗਿਆਂ ਅਤੇ ਜਾਤੀ ਕਲੇਸ਼ਾਂ ਦੇ ਸੰਬੰਧ ਵਿੱਚ ਵੀ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਇਹ ਉਥੇ ਹੀ ਸੰਭਵ ਹੋ ਸਕਦੇ ਹਨ, ਜਿੱਥੇ ਰਾਜ ਕਰਨ ਵਾਲੀਆਂ ਜਮਾਤਾਂ ਜਾਂ ਰਾਜ ਸੱਤਾ 'ਤੇ ਕਾਬਜ਼ ਹੋਣ ਦੀ ਇੱਛਾ ਰੱਖਣ ਵਾਲੀਆਂ ਧਿਰਾਂ ਦੀ ਸਿਆਸਤ ਦੇ ਇਹ ਰਾਸ ਬੈਠਦੇ ਹੋਣ। ਇਸ ਨੁਕਤੇ ਤੋਂ ਕਾਂਗਰਸ ਦੀ ਜਿਸ ਕਿਸਮ ਦੀ ਲੀਡਰਸ਼ਿਪ ਹੁਣ ਅਗਵਾਈ ਕਰਦੀ ਹੈ, ਉਹ 'ਤੇ ਕਿਸੇ ਕਿਸਮ ਦੀ ਹਿੰਸਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭੜਕਾ ਨਹੀਂ ਸਕਦੀ ਅਤੇ ਨਾ ਹੀ ਅਜਿਹਾ ਕਰਨਾ ਉਸ ਦੀ ਸਿਆਸਤ ਦੇ ਰਾਸ ਆਉਂਦਾ ਹੈ। 'ਆਪ' ਦੀ ਸੱਤਾ ਪੰਜਾਬ ਵਿੱਚ ਮੌਜੂਦ ਹੈ ਅਤੇ ਅਕਾਲੀਆਂ ਦੇ ਇਸ ਕਿਸਮ ਦੀ ਜਾਤੀ ਵੰਡ ਕਤੱਈ ਰਾਸ ਨਹੀਂ ਆਉਂਦੀ। ਇਸ ਹਾਲਤ ਵਿੱਚ ਭਾਰਤੀ ਜਨਤਾ ਪਾਰਟੀ ਹੀ ਹੈ, ਜੋ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਵਿੱਚ ਜਾਤੀ ਵੰਡ ਪਾਉਣ ਦਾ ਯਤਨ ਕਰ ਸਕਦੀ ਹੈ। ਇਸ ਸਥਿਤੀ 'ਤੇ ਪੰਜਾਬ ਦੇ ਸਮੂਹ ਜਾਗਰੂਕ ਤਬਕਿਆਂ ਨੂੰ ਤਿੱਖੀ ਨਜ਼ਰ ਰੱਖਣ ਦੀ ਲੋੜ ਹੈ।

ਪੰਜਾਬ ਸਰਕਾਰ ਨੂੰ ਬੁੱਤ ਤੋੜਨ ਵਾਲੇ ਨੌਜਵਾਨ ਦੇ ਪਿਛੇ ਕੰਮ ਕਰਦੀਆਂ ਤਾਕਤਾਂ ਤੱਕ ਪਹੁੰਚਣ ਲਈ ਤਕੜੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਬੇਅਦਬੀਆਂ ਦੇ ਮਸਲੇ ਹਾਲੇ ਤੱਕ ਨਹੀਂ ਸੁਲਝੇ ਅਤੇ ਨਾ ਹੀ ਇਨ੍ਹਾਂ ਨੂੰ ਅੰਜਾਮ ਦੇਣ ਵਾਲੇ ਕੁਝ ਵਿਅਕਤੀਆਂ ਦੇ ਪਿਛੋਕੜ ਅਤੇ ਕੰਮ ਕਰਦੀਆਂ ਸਾਜ਼ਿਸ਼ਾਂ ਬਾਰੇ ਕੁਝ ਪਤਾ ਲਗਾਇਆ ਜਾ ਸਕਿਆ ਹੈ। ਇਹ ਦੁਰਭਾਗ ਅਤੇ ਰਾਜਸੀ ਦਲਿੱਦਰਤਾ ਦਾ ਹੀ ਨਮੂਨਾ ਕਿਹਾ ਜਾ ਸਕਦਾ ਹੈ।





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill

Restaurant - Bar - Banquet

1038 N. Jackson St,
Milwaukee, WI 53202

We Also Provide

Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913

ਜਾਂ 414-588-3325

# ਦਿੱਲੀ ਚੋਣ ਮੁਹਿੰਮ ਵੋਟਰਾਂ ਨੂੰ ਭਰਮਾਉਣ 'ਤੇ ਕੇਂਦਰਿਤ

**ਪੰਜਾਬੀ ਪਰਵਾਜ਼ ਬਿਊਰੋ**

### *ਮੁਫਤ ਸੇਵਾ ਲਈ ਹਾਜ਼ਰ ਹੋਈਆਂ ਸਾਰੀਆਂ ਰਾਜਨੀਤਿਕ ਪਾਰਟੀਆਂ
### *ਮੁੱਖ ਮੁਕਾਬਲਾ 'ਆਪ' ਅਤੇ ਭਾਜਪਾ ਵਿਚਕਾਰ

ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲਈ ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਚੋਣ ਮੁਹਿੰਮ ਇਨ੍ਹੀਂ ਦਿਨੀਂ ਸਿਖਰਾਂ ਛੂਹ ਰਹੀ ਹੈ। ਤਿੰਨਾਂ ਪਾਰਟੀਆਂ ਨੇ ਵੋਟਰਾਂ ਨੂੰ ਲੁਭਾਉਣ ਲਈ ਆਪੋ-ਆਪਣੇ ਚੋਣ ਮੈਨੀਫੈਸਟੋ ਜਾਰੀ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਦਿੱਲੀ ਦੇ ਲੋਕਾਂ ਨੂੰ ਮੁਫਤ ਸਹੂਲਤਾਂ ਦੇ ਲਾਰੇ ਲੱਪਿਆਂ ਦੀ ਭਰਮਾਰ ਹੈ। ਇਸ ਮਾਮਲੇ 'ਚ ਕੋਈ ਵੀ ਪਾਰਟੀ ਪਿਛੇ ਨਹੀਂ ਰਹੀ ਹੈ।

ਹਰ ਪਾਰਟੀ ਇੱਕ ਦੂਜੇ ਤੋਂ ਅੱਗੇ ਵਧ ਕੇ (ਸਰਕਾਰ ਬਣਨ ਬਾਅਦ) ਮੁਫਤ ਦੀਆਂ ਨਿਆਮਤਾਂ ਵੰਡਣ ਦਾ ਐਲਾਨ ਕਰ ਰਹੀ ਹੈ। ਇਸ ਤੋਂ ਇਲਾਵਾ ਇੱਕ ਦੂਜੇ 'ਤੇ ਚਿੱਕੜ ਉਛਾਲੀ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਨਿਕਲਣ ਦਿੱਤਾ ਜਾ ਰਿਹਾ। ਭਾਜਪਾ ਵੱਲੋਂ ਦੋ ਕਿਸ਼ਤਾਂ ਵਿੱਚ ਆਪਣਾ ਸੰਕਲਪ ਪੱਤਰ ਜਾਰੀ ਕੀਤਾ ਗਿਆ, ਜਿਸ ਵਿੱਚ ਪਾਰਟੀ ਨੇ ਔਰਤਾ ਨੂੰ ਹਰ ਮਹੀਨੇ 2500 ਰੁਪਏ ਦੇਣ ਦਾ ਵਾਅਦਾ ਕੀਤਾ ਹੈ। ਯਾਦ ਰਹੇ, ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਔਰਤਾਂ ਨੂੰ ਹਰ ਮਹੀਨੇ 2100 ਰੁਪਏ ਦੇਣ ਦਾ ਵਾਅਦਾ ਕਰ ਚੁੱਕੀ ਹੈ। ਉਧਰ ਕਾਂਗਰਸ ਪਾਰਟੀ ਨੇ ਵੀ ਆਪਣੀ 'ਪ੍ਰਿਯ ਦੀਦੀ ਯੋਜਨਾ' ਤਹਿਤ ਔਰਤਾਂ ਨੂੰ 2500 ਰੁਪਏ ਹਰ ਮਹੀਨੇ ਦੇਣ ਦਾ ਵਾਅਦਾ ਕੀਤਾ ਹੈ। ਦਿੱਲੀ ਚੋਣਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਹਰ ਪਾਰਟੀ ਔਰਤਾਂ, ਝੁੱਗੀ ਝੌਂਪੜੀ ਅਤੇ ਆਟੋ ਰਿਕਸ਼ਾ ਤੇ ਕਾਰ ਡਰਾਇਵਰੀ ਪੇਸ਼ੇ ਨਾਲ ਸੰਬੰਧ ਰੱਖਦੇ ਗਰੀਬ ਤਬਕਿਆਂ ਨੂੰ ਰਿਝਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਲੰਘੀ 27 ਜਨਵਰੀ ਨੂੰ ਜਾਰੀ ਕੀਤੇ ਗਏ ਆਪਣੇ ਚੋਣ ਮੈਨੀਫੈਸਟੋ ਵਿੱਚ 15 ਗਾਰੰਟੀਆਂ ਦਾ ਐਲਾਨ ਕੀਤਾ। ਆਪਣੀ ਪਹਿਲੀ ਗਾਰੰਟੀ ਤਹਿਤ ਉਨ੍ਹਾਂ ਕਿਹਾ ਕਿ ਉਹ ਦਿੱਲੀ ਵਿੱਚੋਂ ਬੇਰੁਜ਼ਗਾਰੀ ਦਾ ਮੁਕੰਮਲ ਤੌਰ 'ਤੇ ਖਾਤਮਾ ਕਰਨਗੇ। 'ਮਹਿਲਾ ਸਮਾਨ ਯੋਜਨਾ' ਤਹਿਤ ਦਿੱਤੇ ਜਾਣ ਵਾਲੇ 2100 ਰੁਪਏ ਉਨ੍ਹਾਂ ਦੂਜੀ ਗਾਰੰਟੀ ਵਜੋਂ ਐਲਾਨੇ ਹਨ। ਤੀਜੀ ਗਾਰੰਟੀ 60 ਸਾਲ ਤੋਂ ਉਪਰ ਉਮਰ ਵਾਲੇ ਸਾਰੇ ਸ਼ਹਿਰੀਆਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ ਬਾਰੇ ਹੈ। ਇਹ ਸਹੂਲਤਾਂ ਸਰਕਾਰੀ ਅਤੇ ਪ੍ਰਾਈਵੇਟ- ਦੋਹਾਂ ਕਿਸਮ ਦੇ ਹਸਪਤਾਲਾਂ ਵਿੱਚ ਮੁਹੱਈਆ ਕਰਵਾਈਆਂ ਜਾਣਗੀਆਂ। ਕੇਜਰੀਵਾਲ ਨੇ ਚੌਥੀ ਗਾਰੰਟੀ ਇਹ ਦਿੱਤੀ ਹੈ ਕਿ ਵਧਾਅ-ਚੜ੍ਹਾਅ ਕੇ ਭੇਜੇ ਗਏ ਸਾਰੇ ਬਿਜਲੀ ਬਿੱਲ ਮੁਆਫ ਕੀਤੇ ਜਾਣਗੇ।

ਇਵੇਂ ਆਪਣੀ ਅਗਲੀਆਂ 10 ਗਾਰੰਟੀਆਂ ਤਹਿਤ ਉਨ੍ਹਾਂ ਨੇ ਪੀਣ ਵਾਲੇ ਪਾਣੀ ਦੀ 24 ਘੰਟੇ-ਸੱਤੇ ਦਿਨ ਸਪਲਾਈ, ਯਮਨਾ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨਾ, ਸੜਕਾਂ ਨੂੰ ਯੂਰਪੀਅਨ ਪੱਧਰ ਦੀਆਂ ਬਣਾਉਣ, ਅੰਬੇਦਕਰ ਸ਼ਕੌਲਰਸ਼ਿਪ ਯੋਜਨਾ ਤਹਿਤ ਅਰਵਿੰਦ ਕੇਜਰੀਵਾਲ ਨੇ ਸਾਰੇ ਦਲਿਤ ਵਿਦਿਆਰਥੀਆਂ ਦਾ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਹੁੰਦਾ ਸਾਰਾ ਖਰਚਾ ਚੁਕਣ, ਸਾਰੇ ਵਿਦਿਆਰਥੀਆਂ ਨੂੰ ਮੁਫਤ ਬੱਸ ਸਰਵਿਸ, ਮੈਟਰੋ ਵਿੱਚ 50% ਕਿਰਾਇਆ ਮੁਆਫ ਕਰਨ, ਸਿੱਖ ਗ੍ਰੰਥੀਆਂ ਅਤੇ ਹਿੰਦੂ ਪੁਜਾਰੀਆਂ ਨੂੰ 18,000 ਰੁਪਏ ਮਹੀਨਾ ਦੇਣ, ਦਿੱਲੀ ਵਿੱਚ ਰਹਿਣ ਵਾਲੇ ਕਿਰਾਏਦਾਰਾਂ ਨੂੰ ਬਿਜਲੀ-ਪਾਣੀ ਦੀ ਮੁਫਤ ਸਪਲਾਈ ਉਪਲਬਧ ਕਰਵਾਉਣ, ਬੰਦ ਹੋ ਗਈਆਂ ਤੇ ਪੁਰਾਣੀਆਂ ਸੀਵਰੇਜ ਪਾਈਪਾਂ ਨਵੀਆਂ ਪਾਉਣ, ਨਵੇਂ ਰਾਸ਼ਨ ਕਾਡ ਬਣਾਉਣ, ਆਟੋ ਅਤੇ ਈ-ਰਿਕਸ਼ਾ ਡਰਾਇਵਰਾਂ ਨੂੰ ਇੱਕ ਲੱਖ ਰੁਪਏ ਸਹਾਇਤਾ, 10 ਲੱਖ ਦਾ ਜੀਵਨ ਬੀਮਾ ਅਤੇ ਪੰਜ ਲੱਖ ਦੀ ਐਕਸੀਡੈਂਟ ਇੰਸ਼ੋਰੈਂਸ ਦੇਣ ਦਾ ਵਾਅਦਾ ਕੀਤਾ ਹੈ।

ਭਾਜਪਾ ਵੱਲੋਂ ਆਪਣੇ ਵਿੱਤੀ ਵਾਅਦੇ ਵੱਡੇ ਕਰ ਦਿੱਤੇ ਗਏ ਤਾਂ ਕੇਜਰੀਵਾਲ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕੇ ਆਉਂਦੇ ਬਜਟ ਵਿੱਚ ਉਨ੍ਹਾਂ ਦੀਆਂ ਸੱਤ ਮੰਗਾਂ ਪੂਰੀਆਂ ਕੀਤੀਆਂ ਜਾਣ। ਇਸ ਵਿੱਚ ਉਨ੍ਹਾਂ ਮੱਧ ਵਰਗ ਨੂੰ ਰਿਝਾਉਣ ਲਈ ਆਮਦਨ ਕਰ ਦੀ ਹੱਦ 7 ਲੱਖ ਤੋਂ ਵਧਾ ਕੇ 10 ਲੱਖ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਨਿੱਤ ਵਰਤੋਂ ਦੀ ਚੀਜ਼ਾਂ ਉਪਰ ਜੀ.ਐਸ.ਟੀ. ਖਤਮ ਕਰਨ, ਸਿੱਖਿਆ ਦਾ ਬਜਟ 2 ਫੀਸਦੀ ਤੋਂ ਵਧਾ ਕੇ 10 ਫੀਸਦੀ ਕਰਨ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੀ ਕੋਈ ਹੱਦ ਨਿਸ਼ਚਿਤ ਕਰਨ, ਉੱਚ ਵਿਦਿਆ ਲਈ ਸਬਸਿਡੀ ਤੇ ਸਕਾਲਰਸ਼ਿਪ ਦੇਣ, ਸਿਹਤ ਸੇਵਾਵਾਂ ਦਾ ਬਜਟ 10 ਫੀਸਦੀ ਵਧਾਉਣ, ਸੀਨੀਅਰ ਸਿਟੀਜਨਜ਼ ਨੂੰ ਮੁਫਤ ਸਿਹਤ ਸੇਵਾ ਅਤੇ ਰੇਲ ਭਾੜੇ ਵਿੱਚ 50 ਫੀਸਦੀ ਛੋਟ, ਆਦਿ ਸੱਤ ਮੰਗਾਂ ਰੱਖੀਆਂ ਹਨ।




ਭਾਰਤੀ ਜਨਤਾ ਪਾਰਟੀ ਨੇ ਆਪਣੇ ਦੂਜੇ ਮੈਨੀਫੈਸਟੋ ਵਿੱਚ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਸਰਕਾਰੀ ਸੰਸਥਾਵਾਂ ਵਿੱਚ ਮੁਫਤ ਸਿਖਿਆ ਦਾ ਪ੍ਰਬੰਧ ਕਰਨ, ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਦੋ ਕੋਸ਼ਿਸ਼ਾਂ ਲਈ ਇੱਕ ਮੁਸ਼ਤ 15,000 ਰੁਪਏ ਦੀ ਮਦਦ, ਘਰੇਲੂ ਵਰਕਰਾਂ, ਆਟੋ ਤੇ ਟੈਕਸੀ ਡਰਾਇਵਰਾਂ ਨੂੰ 10 ਲੱਖ ਦਾ ਜੀਵਨ ਬੀਮਾ ਅਤੇ 5 ਲੱਖ ਦੇ ਐਕਸੀਡੈਂਟ ਬੀਮੇ ਤੋਂ ਇਲਾਵਾ ਬੱਚਿਆਂ ਨੂੰ ਪੜ੍ਹਾਈ ਲਈ ਸ਼ਕਾਲਰਸ਼ਿੱਪ ਦੇਣ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ ਅੰਬੇਦਕਰ ਸਕੀਮ ਤਹਿਤ ਸ਼ਡਿਊਲਡ ਕਾਸਟ (ਐੱਸ.ਸੀ.) ਅਤੇ ਸ਼ਡਿਊਲਡ ਟਰਾਈਬਜ਼ (ਐੱਸ.ਟੀ.) ਦੇ ਬੱਚਿਆਂ ਨੂੰ ਆਈ.ਟੀ.ਆਈ ਅਤੇ ਸਕਿੱਲ ਕੋਰਸਾਂ ਲਈ 1000 ਰੁਪਿਆ ਮਹੀਨਾ ਦੇਣ ਅਤੇ ਫੜੀ-ਫੇਰੀ ਵਾਲਿਆਂ ਨੂੰ ਦੋ ਕਿਸ਼ਤਾਂ ਵਿੱਚ ਕਰਜ਼ਾ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ 17 ਜਨਵਰੀ ਨੂੰ ਜਾਰੀ ਕੀਤੇ ਗਏ ਆਪਣੇ ਪਹਿਲੇ ਸੰਕਲਪ ਪੱਤਰ ਵਿੱਚ ਭਾਜਪਾ ਨੇ 'ਮਹਿਲਾ ਸਮਰਿਧੀ ਯੋਜਨਾ' ਤਹਿਤ ਔਰਤਾਂ ਨੂੰ ਹਰ ਮਹੀਨੇ 2500 ਰੁਪਏ, ਰਸੋਈ ਗੈਸ ਦਾ ਸਿਲੰਡਰ 500 ਰੁਪਏ ਅਤੇ ਹੋਲੀ-ਦੀਵਾਲੀ 'ਤੇ ਮੁਫਤ ਸਿਲੰਡਰ ਦੇਣ ਦਾ ਵਾਅਦਾ ਕੀਤਾ ਹੈ। ਦਿੱਲੀ ਵਿੱਚ ਰਹਿਣ ਵਾਲੇ ਸੀਨੀਅਰ ਸਿਟੀਜਨਜ਼ ਨੂੰ 2500 ਤੋਂ 3000 ਰੁਪਏ ਤੱਕ ਪੈਨਸ਼ਨ ਦੇਣ ਦਾ ਵਾਅਦਾ ਵੀ ਕੀਤਾ ਹੈ। ਇਸ ਤੋਂ ਇਲਾਵਾ ਦੋ ਵਕਤ ਦੀ ਰੋਟੀ ਤੋਂ ਅਵਾਜ਼ਾਰ ਲੋਕਾਂ ਲਈ 'ਅਟੱਲ ਕੰਟੀਨਾਂ' ਵਿੱਚ 5 ਰੁਪਏ ਥਾਲੀ ਮੁਹੱਈਆ ਕਰਵਾਉਣ ਦੀ ਗੱਲ ਕਹੀ ਗਈ ਹੈ।

10-11 ਸਾਲਾਂ ਤੋਂ ਕੇਂਦਰੀ ਸੱਤਾ ਤੋਂ ਬਾਹਰ ਰਹਿ ਰਹੀ ਕਾਂਗਰਸ ਪਾਰਟੀ ਦਾ ਦਿੱਲੀ ਚੋਣਾਂ ਲਈ ਮੈਨੀਫੈਸਟੋ ਵੀ ਧਮਾਤੜਾਂ ਵਾਲਾ ਹੈ। ਆਪਣੇ ਮੈਨੀਫੈਸਟੋ ਵਿੱਚ ਕਾਂਗਰਸ ਪਾਰਟੀ ਨੇ 300 ਯੂਨਿਟ ਮੁਫਤ ਬਿਜਲੀ, ਘਰੇਲੂ ਗੈਸ ਦਾ ਸਿਲੰਡਰ 500 ਰੁਪਏ ਵਿੱਚ, ਨਾਲ ਫਰੀ ਰਾਸ਼ਨ ਕਿੱਟ, ਪਿਆਰੀ ਦੀਦੀ ਯੋਜਨਾ ਤਹਿਤ ਔਰਤਾਂ ਨੂੰ 2500 ਰੁਪਏ ਮਹੀਨਾ, ਸਾਰੇ ਲੋਕਾਂ ਲਈ 25 ਲੱਖ ਤੱਕ ਦਾ ਸਿਹਤ ਬੀਮਾ। ਪੜ੍ਹੇ-ਲਿਖੇ ਬੇਰੁਜ਼ਗਾਰਾਂ ਲਈ 8500 ਰੁਪਏ ਮਹੀਨਾ ਸਟਾਈਪਨ ਫੰਡ ਦੇਣ ਦਾ ਵਾਅਦਾ ਕੀਤਾ ਗਿਆ ਹੈ। ਇੰਜ ਅਸੀਂ ਵੇਖਦੇ ਹਾਂ ਕਿ ਦਿੱਲੀ ਦੀ ਚੋਣ ਮੁਹਿੰਮ ਕੁੱਲ ਮਿਲਾ ਕੇ ਮੁਫਤ ਵਾਲੀਆਂ ਸਕੀਮਾਂ ਦੁਆਲੇ ਘੁੰਮ ਰਹੀ ਹੈ। ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਗੱਲ ਸਿਰਫ 'ਆਪ' ਨੇ ਕੀਤੀ ਹੈ। ਬਾਕੀਆਂ ਨੇ ਬੇਰੁਜ਼ਗਾਰੀ ਬਦਲੇ ਚੋਗਾ ਸੁਟਣ ਦਾ ਹੀ ਵਾਅਦਾ ਕੀਤਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਰੀ ਚੋਣ ਮਹਿੰਮ ਗਰੀਬ ਅਤੇ ਮੱਧ ਵਰਗੀ ਤਬਕਿਆਂ ਨੂੰ ਸੰਬੋਧਿਤ ਹੈ। ਪਿਛਲੇ ਕੁਝ ਸਾਲਾਂ ਵਿੱਚ ਨੌਜਵਾਨ ਤਬਕਾ ਅਤੇ ਔਰਤਾਂ ਵੋਟ ਬੈਂਕ ਵਜੋਂ ਸਿਆਸੀ ਪਾਰਟੀਆਂ ਲਈ ਵੱਡਾ ਮਹੱਤਵ ਅਖਤਿਆਰ ਕਰ ਗਈਆਂ ਹਨ। ਇਹ ਦੋਨੋ ਤਬਕੇ ਕਿਸੇ ਵੀ ਚੋਣ ਦਾ ਨਤੀਜਾ ਨਿਸ਼ਚਤ ਕਰਨ ਦੇ ਸਾਧਨ ਸਮਝੇ ਜਾ ਰਹੇ ਹਨ। ਔਰਤਾਂ, ਖਾਸ ਕਰਕੇ ਜੋ ਲੰਮੇ ਸਮੇਂ ਤੱਕ ਅਣਗੌਲੀਆਂ ਰਹੀਆਂ ਹਨ, ਅਜ਼ਾਦ ਵੋਟਰ ਹਸਤੀ ਵਜੋਂ ਉਭਰ ਆਈਆਂ ਹਨ। ਔਰਤਾਂ ਤੇ ਨੌਜਵਾਨ ਤਬਕੇ ਦਾ ਮਹੱਤਵ ਵਿਧਾਨ ਸਭਾ ਤੋਂ ਇਲਾਵਾ ਸਥਾਨਕ ਸੰਸਥਾਵਾਂ ਅਤੇ ਪਾਰਲੀਮਾਨੀ ਚੋਣਾਂ ਲਈ ਵੀ ਵਧਿਆ ਹੈ। ਇਨ੍ਹਾਂ ਚੋਣਾਂ ਵਿੱਚ ਭਾਵੇਂ ਕਾਗਰਸ ਪਾਰਟੀ ਤੀਜੀ ਧਿਰ ਵਜੋਂ ਮੌਜੂਦ ਹੈ, ਪਰ ਉਹ 'ਆਪ' ਅਤੇ ਭਾਜਪਾ ਦੇ ਮੁਕਾਬਲੇ ਵਿੱਚ ਵਿਖਾਈ ਨਹੀਂ ਦਿੰਦੀ। ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਮੁਕਾਬਲਾ ਗਹਿਗੱਚ ਹੈ। 'ਸੀ-ਵੋਟਰ' ਦੇ ਇੱਕ ਹਾਲ ਹੀ ਦੇ ਸਰਵੇ ਅਨੁਸਾਰ 'ਆਪ' ਹਾਲੇ ਵੀ ਦੋ ਤਿੰਨ ਫੀਸਦੀ ਦੇ ਫਰਕ ਨਾਲ ਅੱਗੇ ਚੱਲ ਰਹੀ ਹੈ।

ਦਿੱਲੀ ਵਿਧਾਨ ਸਭਾ ਲਈ ਵੋਟਾਂ 5 ਫਰਵਰੀ ਨੂੰ ਪੈਣੀਆਂ ਹਨ। ਇੰਜ ਅਗਲਾ ਇੱਕ ਹਫਤਾ ਦੋਹਾਂ ਪਾਰਟੀਆਂ ਲਈ ਬੇਹੱਦ ਮਹੱਤਵਪੂਰਨ ਹੈ। ਦੋਹਾਂ ਧਿਰਾਂ ਦਾ ਜ਼ੋਰ ਵੀ ਟਿੱਲ ਤੱਕ ਲੱਗ ਗਿਆ ਹੈ। ਭਾਜਪਾ ਨੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਸਮੇਤ ਵੱਡੇ ਲੀਡਰਾਂ ਨੂੰ ਚੋਣ ਮੁਹਿੰਮ ਵਿੱਚ ਝੋਕ ਦਿੱਤਾ ਹੈ। ਕੇਂਦਰ ਸਰਕਾਰ ਕੋਲ ਤਾਂ ਸਾਧਨਾਂ ਅਤੇ ਮੈਨਪਾਵਰ ਦਾ ਵੀ ਅੰਤ ਨਹੀਂ। ਪੰਜਾਬ-ਦਿੱਲੀ ਵਿੱਚ ਸੱਤਾਸ਼ੀਲ ਹੋਣ ਕਾਰਨ 'ਆਪ' ਵੀ ਇਹ ਚੋਣਾਂ ਪੂਰੀ ਤਾਕਤ ਨਾਲ ਲੜ ਰਹੀ ਹੈ। ਮੁੱਖ ਮੰਤਰੀ ਸਮੇਤ ਤਕਰੀਬਨ ਪੂਰੀ ਪੰਜਾਬ ਸਰਕਾਰ ਦਿੱਲੀ ਦੀ ਚੋਣ ਮੁਹਿੰਮ 'ਤੇ ਹੈ। ਪੰਜਾਬ ਦੇ ਨੰਬਰਾਂ ਵਾਲੀਆਂ ਗੱਡੀਆਂ ਅਤੇ ਚਿੱਟੇ ਕੁੜਤੇ ਪਜਾਮੇ ਵਾਲੇ ਬੰਦਿਆਂ ਦੀ ਦਿੱਲੀ ਵਿੱਚ ਅੱਜ ਕੱਲ੍ਹ ਭਰਮਾਰ ਹੈ। ਪੰਜਾਬ ਪੁਲਿਸ ਵੱਲੋਂ ਕੇਜਰੀਵਾਲ ਨੂੰ ਦਿੱਤੀ ਗਈ ਜੈਡ ਸੁਰੱਖਿਆ ਦਾ ਮੁੱਦਾ ਵੀ ਬਹਿਸ ਦਾ ਵਿਸ਼ਾ ਬਣਿਆ ਅਤੇ ਇਹ ਸੁਰੱਖਿਆ ਬਾਅਦ ਵਿੱਚ ਪੰਜਾਬ ਪੁਲਿਸ ਨੂੰ ਵਾਪਸ ਲੈਣੀ ਪਈ। ਪੰਜਾਬੀਆਂ ਦੀ ਦਿੱਲੀ ਚੋਣਾਂ ਵਿੱਚ ਭਰਮਾਰ ਹੋਣ ਕਾਰਨ ਭਾਜਪਾ ਦੇ ਇੱਕ ਆਗੂ ਨੇ ਸੁਰੱਖਿਆ ਦਾ ਵੀ ਮੁੱਦਾ ਉਠਾਇਆ। ਇੱਧਰ ਦਿੱਲੀ ਦੀ ਮੌਜੂਦਾ ਮੁੱਖ ਮੰਤਰੀ ਆਤਿਸ਼ੀ ਸਿੰਘ ਨੇ ਕੇਜਰੀਵਾਲ ਦੀ ਸੁਰੱਖਿਆ ਦਾ ਮੁੱਦਾ ਵੀ ਚੁੱਕ ਲਿਆ। ਤੁਰਦੀ-ਤੁਰਦੀ ਬਹਿਸ ਪੰਜਾਬੀਆਂ ਦੇ ਹਿੰਸਕ ਪਿਛੋਕੜ, ਅਤਿਵਾਦ ਅਤੇ ਦੇਸ਼ ਭਗਤੀ ਦੇ ਸਰਟੀਫਿਕੇਟਾਂ ਤੱਕ ਚਲੀ ਗਈ। ਆਉਂਦੇ ਦਿਨਾਂ ਵਿੱਚ ਇਹ ਬਹਿਸ ਕੁਝ ਹੋਰ ਤਲਖ ਵੀ ਹੋ ਸਕਦੀ ਹੈ।

## 'ਸਵੇਰਾ' ਦਾ ਲੋਹੜੀ ਪ੍ਰੋਗਰਾਮ 15 ਮਾਰਚ ਨੂੰ

**ਸ਼ਿਕਾਗੋ:** ਵੂਮਨ ਸੁਪੋਰਟ ਗਰੁੱਪ 'ਸਵੇਰਾ' ਵੱਲੋਂ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਤਿਓਹਾਰ ਲੋਹੜੀ ਦਾ ਪ੍ਰੋਗਰਾਮ 15 ਮਾਰਚ, ਸ਼ਨਿਚਰਵਾਰ ਨੂੰ 'ਅਟਲਾਂਟਿਸ ਬੈਂਕੁਇਟਸ' (1273 N. Rand Rd., Arlington Heights, IL 60004) ਵਿਖੇ ਸ਼ਾਮ 6 ਤੋਂ ਰਾਤ 11 ਵਜੇ ਤੱਕ ਕਰਵਾਇਆ ਜਾਵੇਗਾ। ਇਸ ਮੌਕੇ 'ਲੋਹੜੀ ਹਰ ਜੀਅ ਦੀ, ਪੁੱਤ ਦੀ ਤੇ ਧੀ ਦੀ' ਨਾਅਰੇ ਤਹਿਤ ਨਵ-ਜਨਮੇ ਬੱਚਿਆਂ ਤੇ ਨਵ-ਵਿਆਹਿਆਂ ਦੀ ਲੋਹੜੀ ਦੇ ਸ਼ਗਨ ਮਨਾਏ ਜਾਣਗੇ। ਇਸ ਤੋਂ ਇਲਾਵਾ ਮਨੋਰੰਜਨ ਲਈ ਲੋਹੜੀ ਦੇ ਗੀਤ, ਗਿੱਧਾ, ਡਾਂਸ, ਗੀਤ-ਸੰਗੀਤ ਹੋਵੇਗਾ ਅਤੇ ਲਜ਼ੀਜ਼ ਪੰਜਾਬੀ ਖਾਣੇ ਦਾ ਵੀ ਪ੍ਰਬੰਧ ਹੋਵੇਗਾ।

'ਸਵੇਰਾ' ਦੀ ਸਰਕਰਦਾ ਬੀਬੀ ਜਸਬੀਰ ਕੌਰ ਮਾਨ ਨੇ ਦੱਸਿਆ ਕਿ ਸੰਸਥਾ ਦੀਆਂ ਮੈਂਬਰ ਲੋਹੜੀ ਸਮਾਗਮ ਦੀ ਤਿਆਰੀ ਲਈ ਹੁਣੇ ਤੋਂ ਜੁਟ ਗਈਆਂ ਹਨ। ਹੋਰ ਜਾਣਕਾਰੀ ਲਈ ਬੀਬੀ ਮਾਨ ਨਾਲ ਫੋਨ: 847-890-2390 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

SWERA Women Support Group ਸਵੇਰਾ SIKH WOMEN ERA


Atlantis Banquets


1273 North Rand Road, Arlington Heights, IL 60004


Ph: 847-259-0013

Cell: 773-225-4123 / 847-708-4997

atlantisbanquetsrr@gmil.com atlantisbanquet.com

Under New Management With New Glance of Experience.



*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

ATLANTIS ATLANTIS ATLANTIS BANQUETS

√ Wedding
√ Mehandi
√ Sangeet
√ Anniversary
√ Bitrthdays
√ Sweet 16
√ Graduation
√ Baby Shower
√ Aameen
√ Aqeeqa
√ Corporate

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਗਾਜ਼ਾ ਜੰਗਬੰਦੀ: ਅਮਨ ਦੇ ਪੱਖ ’ਚ ਚੱਲਿਆ ਟਰੰਪ ਕਾਰਡ

ਪੰਜਾਬੀ ਪਰਵਾਜ਼ ਬਿਊਰੋ

***ਸਾਬਕਾ ਰਾਸ਼ਟਰਪਤੀ ਬਾਇਡਨ ਦੇ ਬੀਜੇ ਕੰਡੇ ਚੁਗਣ ਦਾ ਯਤਨ***

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਬੀਜੇ ਕੰਡੇ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲ ਟਰੰਪ ਵੱਲੋਂ ਚੁਗਣ ਦਾ ਯਤਨ ਕੀਤਾ ਜਾ ਰਿਹਾ ਹੈ। ਭਾਵੇਂ ਕਿ ਅਮਰੀਕਾ ਵਿੱਚ ਵੱਸਦੇ ਪੰਜਾਬੀ/ਭਾਰਤੀ ਅਤੇ ਹੋਰ ਪਰਵਾਸੀਆਂ ਬਾਰੇ ਉਸ ਦੀ ਪਹੁੰਚ ਨਵੇਂ ਕੰਡੇ ਖਿਲਾਰਨ ਵਾਲੀ ਹੈ, ਖਾਸ ਕਰਕੇ ਸਾਡੇ ਮੁਲਕ ਦੇ ਅਮਰੀਕੀ ਪਰਵਾਸੀਆਂ ਦੇ ਸੰਦਰਭ ਵਿੱਚ ਇਹ ਵਰਤਾਰਾ ਗਹਿਰੇ ਆਰਥਕ ਸਮਾਜਕ ਪ੍ਰਭਾਵ ਛੱਡ ਰਿਹਾ ਹੈ।

ਤਿੰਨ ਕੁ ਸਾਲ ਪਹਿਲਾਂ ਰੂਸ ਨੇ ਯੂਕਰੇਨ ‘ਤੇ ਹਮਲਾ ਕੀਤਾ। ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਹੋਰ ਨਾਟੋ ਮੁਲਕਾਂ ਨੇ ਇਸ ‘ਤੇ ਠੰਡਾ ਛਿੜਕਣ ਦੀ ਬਜਾਏ ਇਸ ਨੂੰ ਹੋਰ ਹਵਾ ਦੇਣੀ ਸ਼ੁਰੂ ਕਰ ਦਿੱਤੀ। ਇਸ ਹਵਾ ਦੇ ਨਾਲ ਅਮਰੀਕਾ ਜਰਮਨੀ ਅਤੇ ਫਰਾਂਸ ਹਥਿਆਰ ਵੀ ਯੂਕਰੇਨ ਨੂੰ ਵੇਚਣ ਲੱਗੇ; ਪਰ ਰੂਸੀ ਰਾਸ਼ਟਰਪਤੀ ਪੂਤਿਨ ਦੀ ਜ਼ਿਦ ਅਤੇ ਪੱਛਮੀ ਮੁਲਕਾਂ ਦੀ ਨਾਸਮਝੀ ਤੇ ਲਾਲਚ ਨੇ ਇੱਕ ਵੱਸਦਾ-ਰੱਸਦਾ ਖੁਸ਼ਹਾਲ ਮੁਲਕ ‘ਯੂਕਰੇਨ’ ਬਰਬਾਦੀ ਦੇ ਕੰਢੇ ‘ਤੇ ਲੈ ਆਂਦਾ। ਇਸੇ ਤਰ੍ਹਾਂ ਅਮਰੀਕਾ ਅਤੇ ਕਈ ਹੋਰ ਯੂਰਪੀਅਨ ਮੁਲਕਾਂ ਦੀ ਸ਼ਹਿ ‘ਤੇ ਪਹਿਲਾਂ ਹੀ ਜੇਲ੍ਹ ਵਰਗੇ ਇਲਾਕੇ ‘ਗਾਜ਼ਾ ਪੱਟੀ’ ਵਿੱਚ ਫਲਿਸਤੀਨੀਆਂ ਦੇ ਵਸੇਬੇ ਨੂੰ ਮਲਬੇ ਦੇ ਢੇਰ ਵਿੱਚ ਬਦਲ ਦਿੱਤਾ ਹੈ। ਪਰ ਰਿਪਬਲਿਕਨ ਪਾਰਟੀ ਦੇ ਆਗੂ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਇਨ੍ਹਾਂ ਦੋਹਾਂ ਖ਼ਿਤਿਆਂ ਵਿੱਚ ਅਮਨ-ਅਮਾਨ ਕਾਇਮ ਹੋਣ ਦੀ ਆਸ ਬੱਝ ਗਈ ਹੈ। ਇਸੇ ਕਿਸਮ ਦਾ ਅਮਨ ਚੈਨ ਜੇ ਰਾਸ਼ਟਰਪਤੀ ਟਰੰਪ ਅਮਰੀਕਾ ਅੰਦਰ ਵੱਸਦੇ ਭਾਈਚਾਰਿਆਂ ਵਿਚਕਾਰ ਵੀ ਬਣਾਈ ਰੱਖ ਸਕਣ ਤਾਂ ਉਨ੍ਹਾਂ ਦੇ ਰਾਸ਼ਟਰਪਤੀ ਵਜੋਂ ਇਹ ਚਾਰ ਸਾਲ ਇਤਿਹਾਸਕ, ਅਹਿਮ ਅਤੇ ਯਾਦਗਾਰੀ ਹੋਣਗੇ।

ਜਿਸ ਤਰ੍ਹਾਂ ਆਪਣੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਹਮਾਸ ਅਤੇ ਇਜ਼ਰਾਇਲ ਵਿਚਕਾਰ ਜੰਗ ਰੋਕਣ ਲਈ ਸਰਗਰਮੀ ਵਿਖਾਈ, ਇਹ ਬੇਹੱਦ ਸਲਾਹੁਣਯੋਗ ਅਮਲ ਹੈ। ਟਰੰਪ ਨੇ ਕਿਹਾ ਸੀ ਕਿ ਮੇਰੇ ਗੱਦੀ ਸਾਂਭਣ ਤੋਂ ਪਹਿਲਾਂ ਗਾਜ਼ਾ ਵਿੱਚ ਜੰਗਬੰਦੀ ਹੋ ਜਾਣੀ ਚਾਹੀਦੀ ਹੈ। ਉਸ ਨੇ ਹਮਾਸ ਨੂੰ ਵੀ ਧਮਕੀ ਦਿੱਤੀ ਸੀ ਕਿ, “ਜੇ ਬੰਦੀ ਬਣਾਏ ਇਜ਼ਰਾਇਲੀ ਉਸ ਨੇ ਨਾ ਛੱਡੇ ਤਾਂ ਉਨ੍ਹਾਂ ਲਈ ਨਰਕ ਦਾ ਦਰਵਾਜ਼ਾ ਖੋਲ੍ਹ ਦਿਆਂਗਾ।” ਭਾਵੇਂ ਕੇ ਲਿਬਰਲ ਪਾਰਟੀ ਦੇ ਆਗੂ ਅਤੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਜਾਂਦੇ-ਜਾਂਦੇ ਗਾਜ਼ਾ ਜੰਗਬੰਦੀ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦਾ ਯਤਨ ਕੀਤਾ, ਪਰ ਸਾਰੀ ਦੁਨੀਆਂ ਨੂੰ ਇਹ ਤੱਥ ਚਿੱਟੇ ਦਿਨ ਵਾਂਗ ਸਾਫ ਹੈ ਕਿ ਗਾਜ਼ਾ ਸਮਝੌਤਾ ਅਸਲ ਵਿੱਚ ਮੌਜੂਦਾ ਰਾਸ਼ਟਰਪਤੀ ਦੇ ਯਤਨਾਂ ਦਾ ਸਿੱਟਾ ਹੈ। ਵਾਧੇ ਵਾਲੀ ਗੱਲ ਇਹ ਵੀ ਹੈ ਕਿ ਟਰੰਪ ਨੇ ਇਰਾਨ ਨਾਲ ਵੀ ਦੋਸਤਾਨਾ ਸੰਬੰਧ ਰੱਖਣ ਦਾ ਐਲਾਨ ਕੀਤਾ ਹੈ।

ਯਾਦ ਰਹੇ, ਰਾਸ਼ਟਰਪਤੀ ਵਜੋਂ ਆਪਣੀ ਪਿਛਲੀ ਟਰਮ ਵਿੱਚ ਟਰੰਪ ਨੇ ਅਮਰੀਕਾ ਨਾਲ ਪ੍ਰਮਾਣੂ ਮਾਮਲੇ ਵਿੱਚ ਝਮੇਲਾ ਖੜ੍ਹਾ ਕਰੀ ਰੱਖਿਆ ਸੀ। ਇਸੇ ਦੌਰਾਨ ਇਰਾਨ ਦੇ ਇੱਕ ਸੀਨੀਅਰ ਜਰਨੈਲ ਦਾ ਡਰੋਨ ਹਮਲੇ ਰਾਹੀਂ ਕਤਲ ਕਰਵਾ ਦਿੱਤਾ ਗਿਆ ਸੀ। ਇਸ ਕਾਰਨ ਦੋਹਾਂ ਮੁਲਕਾਂ ਦੇ ਸੰਬੰਧ ਕਾਫੀ ਅਸਥਿਰ ਹੋ ਗਏ ਸਨ। ਉਂਝ ਅਮਰੀਕਾ ਅਤੇ ਇਰਾਨ ਵਿਚਕਾਰ 1980 ਦੇ ਇਸਲਾਮਿਕ ਇਨਕਲਾਬ ਤੋਂ ਪਿੱਛੋਂ ਸੰਬੰਧ ਹਮੇਸ਼ਾ ਤਣਾਅ ਭਰੇ ਹੀ ਰਹੇ ਹਨ। ਇਨ੍ਹਾਂ ਸੰਬੰਧਾਂ ਵਿੱਚ ਸਾਂਤਮਈ ਤਬਦੀਲੀ ਨਾ ਸਿਰਫ ਪੂਰੇ ਮੱਧ ਪੂਰਬ ਨੂੰ ਸਥਿਰ ਕਰੇਗੀ, ਸਗੋਂ ਇਹ ਤੀਜੀ ਸੰਸਾਰ ਜੰਗ ਵੱਲ ਵਧ ਰਹੇ ਪੂਰੇ ਸੰਸਾਰ ਨੂੰ ਵੀ ਰਾਹਤ ਦੇਵੇਗੀ। ਇਸੇ ਸੰਦਰਭ ਵਿੱਚ ਅਸੀਂ ਇਜ਼ਰਾਇਲ ਅਤੇ ਹਮਾਸ ਵੱਲੋਂ ਇੱਕ ਦੂਜੇ ਦੇ ਬੰਦੀਆਂ ਨੂੰ ਛੱਡਣ ਲਈ ਕੀਤੀ ਗਈ ਜੰਗਬੰਦੀ ਨੂੰ ਵੇਖ ਸਕਦੇ ਹਾਂ।



■ ਵਸਲ ਦੀ ਘੜੀ: ਇਜ਼ਰਾਇਲੀ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਇੱਕ ਫਲਿਸਤੀਨੀ ਨੂੰ ਗਲਵੱਕੜੀ ਵਿੱਚ ਲੈਂਦੇ ਹੋਏ ਪਰਿਵਾਰਕ ਮੈਂਬਰ

ਹਾਲ ਦੀ ਘੜੀ ਇਹ ਜੰਗਬੰਦੀ ਬੇਹੱਦ ਜਰਜ਼ਰੀ ਜ਼ਮੀਨ ‘ਤੇ ਖੜ੍ਹੀ ਹੈ। ਬੰਦੀਆਂ ਦੀ ਰਿਹਾਈ ਲਈ ਹਮਾਸ ਵੱਲੋਂ ਰੱਖੀਆਂ ਗਈਆਂ ਸ਼ਰਤਾਂ ਨੇ ਇਜ਼ਰਾਇਲ ਨੂੰ ਜ਼ਖਮੀ ਕੀਤਾ ਹੋਇਆ ਹੈ। ਉਸ ਨੂੰ ਨਾਮੋਸ਼ੀ ਪੂਰਨ ਸਮਝੌਤਾ ਕਰਨਾ ਪਿਆ ਹੈ। ਇਸ ਲਈ ਕੌਮਾਂਤਰੀ ਤਾਕਤਾਂ, ਖਾਸ ਕਰਕੇ ਅਮਰੀਕਾ ਦਾ ਦਬਾਅ ਕਇਮ ਨਹੀਂ ਰਹਿੰਦਾ ਤਾਂ ਜੰਗ ਕਦੀ ਵੀ ਮੁੜ ਛਿੜ ਸਕਦੀ ਹੈ। ਇਜ਼ਰਾਇਲ ਅਤੇ ਹਮਾਸ ਵਿਚਕਾਰ ਇਸ ਜੰਗਬੰਦੀ ਨੂੰ ਲੰਮੀ ਅਤੇ ਸਥਾਈ ਕਰਨ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ ਤੇ ਗਾਜ਼ਾ ਦੇ ਪੁਨਰਵਾਸ ਵਿੱਚ ਸਾਰੇ ਸੰਸਾਰ ਨੂੰ ਹਿੱਸਾ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਦਿਆਂ ਹੀ ਸੰਯੁਕਤ ਰਾਸ਼ਟਰ ਵੱਲੋਂ ਪ੍ਰਵਾਨ ਕੀਤਾ ਦੋ ਮੁਲਕਾਂ ਦੀ ਸਹਿਹੋਂਦ ਦਾ ਸਿਧਾਂਤ ਲਾਗੂ ਹੋ ਸਕਦਾ ਹੈ। ਬਾਅਦ ਵਿੱਚ ਅਮਰੀਕਾ ਦੀ ਵਿਚੋਲਗੀ ਨਾਲ ਹੋਇਆ ਓਸਲੋ ਸਮਝੌਤਾ ਵੀ ਦੋ ਮੁਲਕਾਂ ਵਾਲੀ ਥਿਊਰੀ ਦੀ ਪੁਸ਼ਟੀ ਕਰਦਾ ਹੈ। ਇਜ਼ਰਾਇਲ ਬਣਨ ਵੇਲੇ ਅੰਤਰਰਾਸ਼ਟਰੀ ਤਾਕਤਾਂ ਨੇ ਯਹੂਦੀਆਂ ਨੂੰ ਤਕਰੀਬਨ ਪੂਰੇ ਫਲਿਸਤੀਨ ਦਾ 44 ਫੀਸਦੀ ਹਿੱਸਾ ਦਿੱਤਾ ਸੀ ਅਤੇ ਬਾਕੀ 66 ਫੀਸਦੀ ਫਲਿਸਤੀਨੀਆਂ ਨੂੰ; ਪਰ ਅਮਰੀਕਾ ਅਤੇ ਇੰਗਲੈਂਡ ਵਰਗੇ ਮੁਲਕਾਂ ਦੀ ਛਤਰਛਾਇਆ ਹੇਠ ਇਜ਼ਰਾਇਲ ਨੇ ਫਲਿਸਤੀਨੀਆਂ ਨੂੰ ਧੱਕ ਕੇ ਛੋਟੀ ਅਤੇ ਪਤਲੀ ਜਿਹੀ ਗਾਜ਼ਾ ਪੱਟੀ ਅਤੇ ਵੈਸਟ ਬੈਂਕ ਤੱਕ ਸੀਮਤ ਕਰ ਦਿੱਤਾ ਹੈ। ਇਜ਼ਰਾਇਲ ਹਾਲੇ ਵੀ ਵੈਸਟ ਬੈਂਕ ਵਿੱਚ ਯਹੂਦੀਆਂ ਨੂੰ ਆਪਣੀ ਫੌਜ ਦੀ ਮਦਦ ਨਾਲ ਵਸਾ ਕੇ ਫਲਿਸਤੀਨੀਆਂ ਨੂੰ ਕਿਨਾਰੇ ਵੱਲ ਧੱਕੀ ਜਾ ਰਿਹਾ ਹੈ। ਇਸ ਸਥਿਤੀ ਵਿੱਚ ਦਬਾਈਆਂ ਕੌਮਾਂ ਵੱਲੋਂ ਸਿਖਰਲੇ ਹਿੰਸਕ ਕਦਮ ਚੁੱਕਣ ਜਿਹੇ ਕਾਰਨਾਮੇ ਸਾਧਾਰਨ ਬੁੱਧੀ ਦੀ ਵੀ ਸਮਝ ਵਿੱਚ ਪੈਂਦੇ ਹਨ।

ਫਲਿਸਤੀਨੀਆਂ ਦੀ ਹਾਲਤ ‘ਮਰਦਾ ਕੀ ਨੀ ਕਰਦਾ’ ਵਾਲੀ ਹੈ। 7 ਅਕਤੂਬਰ 2023 ਨੂੰ ਹਮਾਸ ਵੱਲੋਂ ਇਜ਼ਰਾਇਲ ਦੇ ਇੱਕ ਮੇਲੇ ਨੁਮਾ ਸਥਾਨ ‘ਤੇ ਕੀਤਾ ਗਿਆ ਹਮਲਾ ਇਸ ਕਿਸਮ ਦੀਆਂ ਭਾਵਨਾਵਾਂ ਦਾ ਹੀ ਸਿੱਟਾ ਸੀ, ਜਿਸ ਵਿੱਚ 1250 ਦੇ ਕਰੀਬ ਲੋਕ ਮਾਰੇ ਗਏ ਸਨ ਅਤੇ 250 ਦੇ ਕਰੀਬ ਇਜ਼ਰਾਇਲੀਆਂ ਨੂੰ ਹਮਾਸ ਦੇ ਲੜਾਕਿਆਂ ਨੇ ਬੰਦੀ ਬਣਾ ਲਿਆ ਸੀ। ਇਨ੍ਹਾਂ ਵਿੱਚੋਂ ਕੁਝ ਦਾ ਕਤਲ ਕਰ ਦਿੱਤਾਂ ਗਿਆ ਅਤੇ ਬਾਕੀਆਂ ਨੂੰ ਆਪਣੇ ਸੈਂਕੜੇ ਕੈਦੀ ਛਡਾਉਣ ਦੇ ਬਦਲੇ ਹਮਾਸ ਵੱਲੋਂ ਰਿਹਾਅ ਕੀਤਾ ਜਾ ਰਿਹਾ ਹੈ।

ਪਿਛਲੇ ਕੁਝ ਦਿਨਾਂ ਦੌਰਾਨ ਹਮਾਸ ਨੇ 7 ਇਜ਼ਰਾਇਲੀ ਬੰਧਕਾਂ ਨੂੰ ਰਿਹਾਅ ਕੀਤਾ ਹੈ ਅਤੇ ਇਨ੍ਹਾਂ ਬਦਲੇ ਆਪਣੇ ਤਕਰੀਬਨ 290 ਕੈਦੀ ਛੁਡਾ ਲਏ ਹਨ। ਇਸੇ ਮਹੀਨੇ, 19 ਜਨਵਰੀ ਨੂੰ ਹਮਾਸ ਵੱਲੋਂ ਤਿੰਨ ਇਜ਼ਰਾਇਲੀ ਬੰਧਕ ਔਰਤਾਂ- ਰੋਮੀ ਗੋਨਿਨ (23), ਇਮਾਇਲੀ ਟੇਹੀਲਾ (28), ਡੋਰੋਨ ਸਟੇਅਨਬਰੀਚਰ (31) ਨੂੰ ਰਿਹਾਅ ਕੀਤਾ ਗਿਆ। ਇਸ ਤੋਂ ਬਾਅਦ 24 ਜਨਵਰੀ ਨੂੰ ਹਮਾਸ ਵੱਲੋਂ ਚਾਰ ਹੋਰ ਜਵਾਨ ਇਜ਼ਰਾਇਲੀ ਕੁੜੀਆਂ- ਕਰੀਨ ਅਰੇਵ, ਨਾਮਾ ਲੇਵੀ, ਲੀਰਾ ਅਲਬਾਗ ਅਤੇ ਡੇਨੀਅਲ ਗਿਲਬੋਆ ਨੂੰ ਰਿਹਾਅ ਕੀਤਾ ਗਿਆ। ਹਮਾਸ ਵੱਲੋਂ ਰਿਹਾਸ ਕੀਤੀਆਂ ਗਈਆਂ ਇਹ ਜਵਾਨ ਔਰਤਾਂ ਏਨੀ ਸਾਫ ਸੁਥਰੀ ਅਤੇ ਸਿਹਤਮੰਦ ਹਾਲਤ ਵਿੱਚ ਹਨ ਕਿ ਇਹ ਲਗਦਾ ਹੀ ਨਹੀਂ ਸੀ ਕਿਸੇ ਨੇ ਉਨ੍ਹਾਂ ਨੂੰ ਬੰਦੀ ਬਣਾ ਕੇ ਰੱਖਿਆ ਹੈ।

ਇਸ ਦੇ ਉਲਟ ਇਜ਼ਾਰਾਇਲ ਵੱਲੋਂ ਰਿਹਾਅ ਕੀਤੇ ਗਏ ਕੈਦੀਆਂ ਦੀ ਹਾਲਤ ਬੇਹੱਦ ਤਰਸਯੋਗ ਵਿਖਾਈ ਦਿੱਤੀ। ਇਨ੍ਹਾਂ ਵਿੱਚੋਂ ਕੁਝ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਉਨ੍ਹਾਂ ਦੀ ਹਾਲਤ ਖੁੱਡੇ ਵਿੱਚ ਤਾੜੇ ਹੋਏ ਕੁੱਕੜ ਵਰਗੀ ਸੀ। ਇਸ ਤੋਂ ਦੋਹਾਂ ਧਿਰਾਂ ਦੀ ਮਾਨਵ ਜ਼ਿੰਦਗੀ ਬਾਰੇ ਪਹੁੰਚ ਦਾ ਪਤਾ ਲੱਗਦਾ ਹੈ। ਉਪਰੋਕਤ ਔਰਤਾਂ ਨੂੰ ਛੱਡਣ ਵੇਲੇ ਹਮਾਸ ਦੇ ਲੜਾਕਿਆਂ ਨੇ ਜਿਸ ਕਿਸਮ ਦਾ ਅਨੁਸ਼ਾਸਨ ਅਤੇ ਚੁਸਤੀ ਵਿਖਾਈ, ਉਸ ਤੋਂ ਲੱਗਦਾ ਹੀ ਨਹੀਂ ਕਿ ਇਸ 15 ਮਹੀਨੇ ਦੀ ਜੰਗ ਦਾ ਉਨ੍ਹਾਂ ‘ਤੇ ਕੋਈ ਅਸਰ ਪਿਆ ਹੈ; ਪਰ ਪੰਜਾਹ ਹਜ਼ਾਰ ਦੇ ਕਰੀਬ ਸਾਧਾਰਣ ਲੋਕ ਮਾਰੇ ਗਏ ਹਨ। ਗਾਜ਼ਾ ਦੀਆਂ ਇਮਾਰਤਾਂ ਨੂੰ ਇਜ਼ਰਾਇਲੀ ਬੰਬਾਰੀ ਵੱਲੋਂ ਲਗਪਗ ਥੇਹ ਕਰ ਦਿੱਤਾ ਗਿਆ ਹੈ। 900 ਤੋਂ ਵੱਧ ਇਜ਼ਰਾਇਲੀ ਸੈਨਿਕਾਂ ਦੇ ਮਾਰੇ ਜਾਣ ਦੀ ਵੀ ਖਬਰ ਹੈ। ਮੌਜੂਦਾ ਜੰਗਬੰਦੀ ਦੇ ਬਾਵਜੂਦ ਇਜ਼ਰਾਇਲ ਧਮਕੀਆਂ ਦੇ ਰਿਹਾ ਹੈ ਕਿ ਉਹ ਹਮਾਸ ਦਾ ਮੁਕੰਮਲ ਖਾਤਮਾ ਕਰ ਕੇ ਹੀ ਸਾਹ ਲਵੇਗਾ। ਯਾਦ ਰਹੇ, ਬੀਤੇ ਕੁਝ ਸਮੇਂ ਤੋਂ ਇਜ਼ਰਾਇਲ ਹਮਾਸ ਨੂੰ ਲਗਪਗ ਖਤਮ ਕਰਨ ਦਾ ਦਾਅਵਾ ਕਰ ਰਿਹਾ ਸੀ, ਪਰ ਬੰਧਕਾਂ ਨੂੰ ਰਿਹਾਅ ਕਰਨ ਵੇਲੇ ਹਮਾਸ ਦੇ ਲੜਾਕਿਆਂ ਨੇ ਜਿਸ ਤਰ੍ਹਾਂ ਦਾ ਸ਼ਕਤੀ ਪ੍ਰਦਰਸ਼ਨ ਕੀਤਾ ਹੈ, ਉਸ ਤੋਂ ਲਗਦਾ ਹੈ ਕਿ ਇਜ਼ਰਾਇਲੀ ਹਾਕਮ ਇਸ ਤੋਂ ਚਿੜ੍ਹ ਗਏ ਹਨ ਅਤੇ ਮੁੜ ਜੰਗ ਛੇੜਨ ਦੀਆਂ ਗੱਲਾਂ ਕਰਨ ਲੱਗੇ ਹਨ।

ਗਾਜ਼ਾ ਦੀ ਮੌਜੂਦਾ ਹਾਲਤ ਬਿਆਨ ਕਰਦਿਆਂ ਖਾਨ ਯੂਨਿਸ ਵਿੱਚ ਪਨਾਹ ਲਈ ਬੈਠੇ ਇੱਕ ਫਲਿਸਤੀਨੀ ਅਹਿਮਦ ਅਬੂ ਅਯਿਆਮ ਨੇ ਕਿਹਾ ਕਿ ਜੰਗਬੰਦੀ ਨਾਲ ਕੁਝ ਹੋਰ ਮਨੁੱਖੀ ਜਾਨਾਂ ਦਾ ਬਚਾਅ ਹੋ ਜਾਵੇਗਾ, ਪਰ ਜਿਸ ਕਦਰ ਜਾਨੀ ਨੁਕਸਾਨ ਹੋਇਆ ਹੈ ਅਤੇ ਜਿੰਨੀ ਬਰਬਾਦੀ ਹੋਈ ਹੈ, ਉਸ ਨੂੰ ਵੇਖ ਕੇ ਲਗਦਾ ਹੈ ਕਿ ਇਹ ਖੁਸ਼ੀਆਂ ਮਨਾਉਣ ਦਾ ਸਮਾਂ ਨਹੀਂ ਹੈ। ਉਸ ਦੇ ਸ਼ਬਦ ਸਨ, “ਅਸੀਂ ਦਰਦ ਨਾਲ ਪੀੜੇ ਜਾ ਰਹੇ ਹਾਂ, ਇਹ ਖੁਸ਼ੀਆਂ ਮਨਾਉਣ ਦਾ ਨਹੀਂ, ਇੱਕ ਦੂਜੇ ਦੇ ਗਲ ਲੱਗ ਕੇ ਰੋਣ ਦਾ ਸਮਾਂ ਹੈ।”


## Matrimonials

### ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ, ਉਮਰ 24 ਸਾਲ, ਕੱਦ 5’-10" ਕੈਨੇਡੀਅਨ ਜੰਮਪਲ ਦਸਤਾਰਧਾਰੀ ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿੱਚ ਕੰਮ ਕਰ ਰਿਹਾ ਹੈ। ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਨੂੰ ਪਹਿਲ। ਸੰਪਰਕ ਕਰੋ: +1-604-763-7068 ਜਾਂ ਈਮੇਲ: gillco1977@gmail.com



3E Tours Offers




A Journey of Hearts‘ desire Yatra of prominent holy Sikh Shrines in the Punjab-Pakistan

- ■Meticulously arranged & superbly conducted by a team of experienced tour operators.
- ■Affordable Package Price which includes Air Fare, Hotel Accommodation, Food and Transportation.

*Fully customized couple packages & Large Groups*

17 to 26 February 2025 & 17 to 26 April 2025

For contact please:
3E Tours USA
Explore–Experience–Enjoy
www.3etoursllc.com

Whatsapp:
+1-443-362-9209
asjadghani581@gmail.com
3etoursllc@gmail.com





Harminder Kaur
Realtor
Cell: 224-848-2686

harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540

COLDWELL BANKER | REALTY

Owned by a subsidiary of Anywhere Advisors LLC.

ਡੋਨਾਲਡ ਟਰੰਪ ਦੀ ਆਮਦ ਦਾ ਅਸਰ

# ਗੈਰ-ਕਾਨੂੰਨੀ ਪਰਵਾਸੀਆਂ ਵਿੱਚ ਦਹਿਸ਼ਤ ਦਾ ਮਾਹੌਲ

***ਅਮਰੀਕਾ 'ਚ ਹਨ 18 ਹਜ਼ਾਰ ਦੇ ਕਰੀਬ ਗੈਰ-ਕਾਨੂੰਨੀ ਭਾਰਤੀ**

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਵਿੱਚ ਵੱਸਦੇ ਬਹੁਤ ਸਾਰੇ ਮੁਲਕਾਂ ਦੇ ਪਰਵਾਸੀਆਂ ਵਿੱਚ ਭਗਦੜ ਦਾ ਮਾਹੌਲ ਹੈ। ਖ਼ਾਸ ਕਰਕੇ ਉਨ੍ਹਾਂ ਵਿਚ, ਜਿਨ੍ਹਾਂ ਕੋਲ ਅਮਰੀਕਾ ਵਿੱਚ ਕਾਨੂੰਨੀ ਵਸਬੇ ਸੰਬੰਧੀ ਕਾਗਜ਼-ਪੱਤਰ ਨਹੀਂ ਹਨ ਜਾਂ ਹਾਲੇ ਪੂਰੇ ਕਾਗਜ਼ ਪੱਤਰ ਨਹੀਂ ਬਣਾ ਸਕੇ। ਆਰਥਕ ਸਮ੍ਰਿਧੀ ਦੀ ਚਾਹ ਰੱਖਣ ਵਾਲੇ ਦੁਨੀਆਂ ਭਰ ਦੇ ਸਾਧਾਰਣ ਸੁਪਨਸਾਜ਼ਾਂ ਲਈ ਇਹ ਕਿਸੇ ਖੂਬਸੂਰਤ ਸੁਪਨੇ ਦੇ ਅੱਧ ਵਿਚਾਲੇ ਟੁੱਟ ਜਾਣ ਵਾਂਗ ਹੈ।

ਲੰਘੀ 20 ਜਨਵਰੀ ਨੂੰ ਆਪਣਾ ਅਹੁਦਾ ਸੰਭਾਲਦਿਆਂ ਹੀ ਅਮਰੀਕਾ ਦੇ ਸੱਜੇ ਪੱਖੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਹਿਰਾਸਤ ਵਿੱਚ ਲੈਣ ਸੰਬੰਧੀ ਇੱਕ ਬਿਲ ਅਮਰੀਕੀ ਸੈਨੇਟ ਵਿੱਚ ਪਾਸ ਕਰਵਾ ਲਿਆ ਹੈ। ਬਿਲ ਦੀ ਹਮਾਇਤ ਵਿੱਚ 263 ਅਤੇ ਵਿਰੋਧ ਵਿੱਚ 156 ਵੋਟਾਂ ਪਈਆਂ। ਇਸ ਬਿਲ ਦੇ ਤਹਿਤ ਬਹੁਤ ਸਾਰੇ ਪਰਵਾਸੀ, ਜਿਨ੍ਹਾਂ ਕੋਲ ਅਮਰੀਕਾ ਵਿੱਚ ਕਾਨੂੰਨੀ ਤੌਰ 'ਤੇ ਜਾਇਜ਼ ਵਸੇਬੇ ਲਈ ਕਗਜ਼ ਪੱਤਰ ਨਹੀ ਹਨ, ਆਪੋ ਆਪਣੇ ਮੁਲਕਾਂ ਨੂੰ ਵਾਪਸ ਭੇਜੇ ਜਾਣਗੇ। ਇਸ ਤੋਂ ਇਲਾਵਾ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਨੇ ਅਮਰੀਕਾ ਵਿੱਚ ਜੰਮੇ ਗੈਰ-ਕਾਨੂੰਨੀ ਪਰਵਾਸੀਆਂ ਦੇ ਬੱਚਿਆਂ ਨੂੰ ਜਨਮਸਿੱਧ ਨਾਗਰਿਕਤਾ ਦਾ ਅਧਿਕਾਰ ਦੇਣ ਤੋਂ ਮਨ੍ਹਾਂ ਕਰਨ ਵਾਲੇ ਹੁਕਮ 'ਤੇ ਵੀ ਦਸਤਖਤ ਕਰ ਦਿੱਤੇ ਹਨ।

ਉਪਰੋਕਤ ਅਧਿਕਾਰ ਤਹਿਤ ਜਾਇਜ਼ ਜਾਂ ਨਜਾਇਜ਼, ਅਮਰੀਕਾ ਦੀ ਧਰਤੀ 'ਤੇ ਜਨਮ ਲੈਣ ਵਾਲਾ ਕੋਈ ਵੀ ਬੱਚਾ ਅਮਰੀਕਾ ਦਾ ਨਾਗਰਿਕ ਮੰਨਿਆ ਜਾਂਦਾ ਹੈ। ਇਸ ਸੰਬੰਧੀ ਅਮਰੀਕਨ ਸੰਵਿਧਾਨ ਦੀ 14ਵੀਂ ਸੋਧ ਤਹਿਤ ਇਹ ਅਧਿਕਾਰ ਲੋਕਾਂ ਨੂੰ ਦਿੱਤਾ ਗਿਆ ਸੀ। ਇਹ ਸੰਵਿਧਾਨਕ ਸੋਧ 1968 ਵਿੱਚ ਸਿਵਲ ਯੁੱਧ ਦੇ ਸਿੱਟੇ ਵਜੋਂ ਕੀਤੀ ਗਈ ਸੀ। ਮੂਲ ਰੂਪ ਵਿੱਚ ਇਹ ਅਫਰੀਕਾ ਨਾਲ ਸੰਬੰਧ ਕਾਲੇ ਲੋਕਾਂ ਨੂੰ ਨਾਗਰਿਕਤਾ ਦੀ ਸਹੂਲਤ ਦੇਣ ਲਈ ਪਾਸ ਕੀਤੀ ਗਈ ਸੰਵਿਧਾਨਕ ਸੋਧ ਅਮਰੀਕੀ ਜਮਹੂਰੀ ਪ੍ਰਬੰਧ ਵਿੱਚ ਨਸਲਵਾਦੀ ਭੇਦਭਾਵ ਨੂੰ ਮਿਟਾਉਣ ਵਾਲੀ ਹੈ; ਜਦਕਿ ਗੋਰੇ ਅਮਰੀਕੀਆਂ ਨੂੰ ਤਰਜੀਹ ਦੇਣ ਵਾਲੀ ਨਸਲੀ ਵਿਚਾਰਧਾਰਾ ਦੀ ਸਿਆਸਤ ਮੌਜੂਦਾ ਰਿਪਬਲਿਕਨ ਪਾਰਟੀ ਦੇ ਪ੍ਰਸ਼ਾਸਨ ਦਾ ਮੁੱਖ ਧੁਰਾ ਹੈ।

ਫਿਰ ਵੀ ਰਾਸ਼ਟਰਪਤੀ ਵੱਲੋਂ ਬੱਚੇ ਦੀ ਜਨਮਸਿੱਧ ਨਾਗਰਿਕਤਾ ਨੂੰ ਰੱਦ ਕਰਨ ਬਾਰੇ ਹੁਕਮ ਦੇ ਲੰਮੇ ਅਦਾਲਤੀ ਝਮੇਲੇ ਵਿੱਚ ਪੈਣ ਦੇ ਆਸਾਰ ਵੀ ਬਣ ਗਏ ਹਨ। ਸੰਘੀ ਅਦਾਲਤ ਨੇ ਇਸ ਹੁਕਮ 'ਤੇ 14 ਦਿਨਾਂ ਲਈ ਰੋਕ ਲਗਾ ਦਿੱਤੀ ਹੈ। ਸਿਆਟਲ ਵਿੱਚ ਅਮਰੀਕਾ ਦੇ ਸੰਘੀ ਜੱਜ ਨੇ ਬੀਤੇ ਦਿਨੀਂ ਟਰੰਪ ਦੇ ਫੈਸਲੇ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਹੁਕਮ ਨਾ ਲਾਗੂ ਕਰਨ ਦੇ ਆਦੇਸ਼ ਦਿੱਤੇ ਹਨ। ਐਰੀਜ਼ੋਨਾ, ਇਲੀਨਾਇ ਅਤੇ ਵਾਸ਼ਿੰਗਟਨ ਦੇ ਅਟਾਰਨੀ ਜਨਰਲ ਨਿੱਕ ਬਰਾਊਨ ਦੀਆਂ ਅਪੀਲਾਂ 'ਤੇ ਜੱਜ ਜੌਹਨ ਕਫਨਿਓਰ ਨੇ ਰੋਕ ਸੰਬੰਧੀ ਆਰਜੀ ਹੁਕਮ ਜਾਰੀ ਕੀਤੇ ਹਨ। ਜੱਜ ਜੌਹਨ ਕਫਨਿਓਰ ਨੇ ਟਰੰਪ ਦੇ ਹੁਕਮਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਪਿਛਲੇ ਚਾਲੀ ਸਾਲਾਂ ਤੋਂ ਸੁਣਵਾਈ ਕਰ ਰਹੇ ਹਨ, ਪਰ ਅਜਿਹਾ ਮਾਮਲਾ ਕਦੇ ਵੀ ਸਾਹਮਣੇ ਨਹੀਂ ਆਇਆ। ਯਾਦ ਰਹੇ, ਟਰੰਪ ਦੀ ਰਾਸ਼ਟਰਪਤੀ ਵਜੋਂ ਪਿਛਲੀ ਟਰਮ ਵਿੱਚ ਵੀ ਅਦਾਲਤਾਂ ਨੂੰ ਉਸ ਦੇ ਕਈ ਹੁਕਮਾਂ 'ਤੇ ਰੋਕਾਂ ਲਗਾਉਣੀਆਂ ਪਈਆਂ ਸਨ। ਰਾਸ਼ਟਰਪਤੀ ਡੋਨਾਲਡ ਟਰੰਪ ਪਿਛਲੀ ਟਰਮ ਵੇਲੇ ਆਪਣੀਆਂ ਵੱਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਮਰੀਕੀ ਜਮਹੂਰੀਅਤ ਵਿੱਚ ਵੱਖ-ਵੱਖ ਸੰਸਥਾਵਾਂ ਦੀ ਆਜ਼ਾਦੀ ਨੂੰ ਢਾਹ ਲਾਉਣ ਵਿੱਚ ਲਗਪਗ ਨਾਕਾਮ ਰਹੇ ਸਨ।

ਇਸ ਵਾਰ ਵੀ ਅਮਰੀਕਾ ਵਿੱਚ ਜੰਮਣ ਵਾਲੇ ਹਰ ਬੱਚੇ ਲਈ ਨਾਗਰਿਕਤਾ ਦੇ ਅਧਿਕਾਰ ਵਿਰੁਧ ਹੁਕਮ ਨੂੰ ਲੈ ਕੇ ਸੰਯੁਕਤ ਰਾਸ਼ਟਰ ਅਮਰੀਕਾ ਦੇ ਐਰੀਜ਼ੋਨਾ, ਇਲੀਨਾਇ, ਓਰੇਗਾਨ ਅਤੇ ਵਾਸ਼ਿੰਗਟਨ ਸਮੇਤ 22 ਰਾਜਾਂ ਦੇ ਅਧਿਕਾਰੀ ਇਸ ਕਾਨੂੰਨ ਵਿਰੁਧ ਅਮਰੀਕੀ ਨਿਆਇਕ ਪ੍ਰਬੰਧ ਦੀ ਸ਼ਰਣ ਵਿੱਚ ਚਲੇ ਗਏ ਹਨ। 22 ਸੂਬਿਆਂ ਅਤੇ ਵੱਡੀ ਗਿਣਤੀ ਵਿੱਚ ਮਨੁੱਖੀ ਹੱਕਾਂ ਬਾਰੇ ਜਥੇਬੰਦੀਆਂ ਵੱਲੋਂ ਵੱਖ-ਵੱਖ ਅਦਾਲਤਾਂ ਵਿੱਚ ਕੇਸ ਦਾਇਰ ਕੀਤੇ ਗਏ ਹਨ। ਉਹ ਸਾਰੇ ਰਾਜ ਇਸ ਹੁਕਮ ਦਾ ਵਿਰੋਧ ਕਰ ਰਹੇ ਹਨ, ਜਿਨ੍ਹਾਂ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਹੈ। ਜਨਮ ਸਿੱਧ ਅਧਿਕਾਰ ਸੰਬੰਧੀ ਅਮਰੀਕੀ ਰਾਸ਼ਟਰਪਤੀ ਵੱਲੋਂ ਦਿੱਤੇ ਗਏ ਹੁਕਮ 19 ਫਰਵਰੀ ਤੋਂ ਲਾਗੂ ਹੋਣੇ ਹਨ।

ਇੱਕ ਹੋਰ ਘਟਨਾਕ੍ਰਮ ਤਹਿਤ ਇਸ ਹੁਕਮ ਦੀ ਦਹਿਸ਼ਤ ਕਾਰਨ ਪਰਵਾਸੀ ਭਾਰਤੀ ਔਰਤਾਂ ਵਿੱਚ ਸਮੇਂ ਤੋਂ ਪਹਿਲਾਂ ਬੱਚਾ ਪੈਦਾ ਕਰਨ ਦੀ ਹੋੜ ਵਿਖਾਈ ਦੇ ਰਹੀ ਹੈ। ਜਿਹੜੀਆਂ ਔਰਤਾਂ ਅੱਠ ਜਾਂ 8-9 ਮਹੀਨੇ ਦੀਆਂ ਗਰਭਵਤੀ ਹਨ, ਉਹ ਹੁਣ ਸਮੇਂ ਤੋਂ ਪਹਿਲਾਂ ਡਿਲਿਵਰੀ ਕਰਵਾਉਣ ਲਈ ਡਾਕਟਰਾਂ ਨਾਲ ਸੰਪਰਕ ਕਰ ਰਹੀਆਂ ਹਨ। ਪਰ ਇਸ ਦਰਮਿਆਨ ਕੁਝ ਭਾਰਤੀ ਡਾਕਟਰਾਂ ਨੇ ਇਸ ਨਾਲ ਜੁੜੇ ਖਤਰਿਆਂ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਦਾ ਯਤਨ ਵੀ ਕੀਤਾ ਹੈ। ਇਸ ਮਾਮਲੇ ਵਿੱਚ ਹਿੰਦੁਸਤਾਨੀਆਂ ਵਿੱਚ ਖਾਸ ਤੌਰ 'ਤੇ ਭਗਦੜ ਮੱਚੀ ਹੋਈ ਹੈ। ਬਹੁਤ ਸਾਰੇ ਪਰਿਵਾਰ ਜੋ ਪੱਕੇ ਹੋਣ ਦੀ ਉਡੀਕ ਵਿੱਚ ਸਨ, ਬੈਕਲਾਗ ਦੇ ਸਿੱਟੇ ਵਜੋਂ ਗਰੀਨ ਕਾਰਡ ਦੀ ਉਡੀਕ ਵਿੱਚ ਬੁਢੇਪੇ ਵੱਲ ਵਧ ਰਹੇ ਸਨ। ਉਹ ਆਪਣੇ ਨਾਗਰਿਕ ਵਜੋਂ ਪੈਦਾ ਹੋਣ ਵਾਲੇ ਬੱਚੇ ਦੇ 21 ਸਾਲ ਦਾ ਹੋਣ 'ਤੇ ਨਾਗਰਿਕਤਾ ਪ੍ਰਾਪਤ ਕਰ ਸਕਦੇ ਸਨ।

ਅਮਰੀਕਾ ਦੇ ਸਰਕਾਰੀ ਅੰਕੜਿਆਂ ਅਨੁਸਾਰ 2023 ਵਿੱਚ 59 ਹਜ਼ਾਰ ਭਾਰਤੀਆਂ ਨੂੰ ਅਮਰੀਕਾ ਦੀ ਨਾਗਰਿਕਤਾ ਹਾਸਲ ਹੋਈ ਹੈ। 157 ਸਾਲਾਂ ਤੋਂ ਚਲੇ ਆ ਰਹੇ ਇਸ ਅਧਿਕਾਰ ਕਾਰਨ ਬੀਤੇ ਸਾਲਾਂ ਵਿੱਚ 48 ਲੱਖ ਤੋਂ ਜ਼ਿਆਦਾ ਭਾਰਤੀ ਨਾਗਰਿਕਾਂ ਦੇ ਬੱਚਿਆਂ ਨੂੰ ਜਨਮ ਆਧਾਰਤ ਕਾਨੂੰਨ ਤਹਿਤ ਨਾਗਰਿਕਤਾ ਮਿਲੀ ਹੈ। ਐਚ-1 ਵੀਜ਼ਾ ਦੀ ਉਡੀਕ 'ਚ ਰਹਿ ਰਹੇ ਜਾਂ ਗਰੀਨ ਕਾਰਡ ਹੋਲਡਰਾਂ ਦੇ ਬੱਚਿਆਂ ਨੂੰ ਇਸ ਕਾਨੂੰਨ ਤਹਿਤ ਨਾਗਰਿਕਤਾ ਮਿਲ ਜਾਂਦੀ ਸੀ। ਕੁੱਲ ਮਿਲਾ ਕੇ ਭਾਰਤੀ ਪਰਵਾਸੀ ਅਮਰੀਕੀ ਆਬਾਦੀ ਦਾ 1.5 ਫੀਸਦੀ ਬਣਦੇ ਹਨ। ਅਮਰੀਕਾ ਦੇ ਟੈਕਸ ਸੰਗ੍ਰਹਿਣ ਵਿੱਚ ਭਾਰਤੀ 300 ਅਰਬ ਡਾਲਰ ਦਾ ਯੋਗਦਾਨ ਦਿੰਦੇ ਹਨ। ਇਸ ਤੋਂ ਇਲਾਵਾ ਭਾਰਤੀ ਕੰਪਨੀਆਂ ਨੇ ਅਮਰੀਕਾ ਵਿੱਚ ਹੁਣ ਤੱਕ 40 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ। ਇਸ ਨਿਵੇਸ਼ ਨਾਲ 4.26 ਲੱਖ ਨੌਕਰੀਆਂ ਪੈਦਾ ਹੋਈਆਂ ਹਨ। ਬੀਤੇ ਦਿਨੀਂ ਜਦੋਂ ਹਿੰਦੁਸਤਾਨੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਮਰੀਕਾ ਵਿੱਚ ਸਨ ਤਾਂ ਉਨ੍ਹਾਂ ਦੀਆਂ ਅਮਰੀਕਾ ਦੇ ਨਵੇਂ ਹਮਰੁਤਬਾ ਮਾਰਕੋ ਰੂਬੀਓ ਨਾਲ ਮੁਲਾਕਾਤ ਹੋਈ ਸੀ। ਇਸ ਮੁਲਾਕਾਤ ਤੋਂ ਬਾਅਦ ਐਸ. ਜੈਸੰਕਰ ਨੇ ਕਿਹਾ ਸੀ ਕਿ ਹਿੰਦੁਸਤਾਨ ਗੈਰ-ਕਾਨੂੰਨੀ ਪਰਵਾਸ ਦੇ ਹੱਕ ਵਿੱਚ ਨਹੀਂ ਹੈ। ਉਹ ਸਾਰੇ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਵਾਪਸ ਲੈਣ ਲਈ ਤਿਆਰ ਹੈ। ਸੂਤਰਾਂ ਅਨੁਸਾਰ ਤਕਰੀਬਨ 18 ਹਜ਼ਾਰ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਦੀ ਪਹਿਚਾਣ ਕੀਤੀ ਗਈ ਹੈ। ਉਂਝ ਅਮਰੀਕਾ ਢੀਠ ਕਿਸਮ ਦੇ ਕਾਰੋਬਾਰੀਆਂ ਦਾ ਮੁਲਕ ਹੈ, ਇਸ ਲਈ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇਹ ਬਿਆਨ ਇੱਕ ਆਸ ਬੰਨ੍ਹਾਉਂਦਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅਮਰੀਕਾ ਵਿੱਚ ਆਉਣ ਵਾਲੇ 'ਬੇਹੱਦ ਹੁਨਰਮੰਦ' ਵਿਅਕਤੀ ਪਸੰਦ ਹਨ। ਅਮਰੀਕੀ ਵਿਦੇਸ਼ ਮੰਤਰੀ ਦੀ ਇਹ ਸਟੇਟਮੈਂਟ ਵੀ ਆਸ ਦੀ ਕਿਰਨ ਹੈ ਕਿ ਅਮਰੀਕਾ ਹਿੰਦੁਸਤਾਨ ਨਾਲ ਡੂੰਘਾ 'ਰਣਨੀਤਿਕ' ਗੱਠਜੋੜ ਚਾਹੁੰਦਾ ਹੈ।

ਕਥਿਤ ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦੇ ਵਿਰੁੱਧ ਸਭ ਤੋਂ ਸਿਆਣੀ, ਉੱਚੀ ਅਤੇ ਦਇਆਵਾਨ ਆਵਾਜ਼ ਪੋਪ ਫਰਾਂਸਿਸ ਨੇ ਉਠਾਈ ਹੈ। ਉਨ੍ਹਾਂ ਕਿਹਾ ਕਿ ਪਰਵਾਸੀਆਂ ਦੇ ਸਮੂਹਿਕ ਦੇਸ਼ ਨਿਕਾਲੇ ਦੀ ਯੋਜਨਾ ਅਪਮਾਨਜਨਕ ਹੈ। ਯਾਦ ਰਹੇ, ਪੋਪ ਫਰਾਂਸਿਸ ਮੂਲ ਰੂਪ ਵਿੱਚ ਲਾਤੀਨੀ ਹਨ ਅਤੇ ਉਨ੍ਹਾਂ ਦਾ ਪਿਛੋਕੜ ਅਰਜਨਟੀਨਾ ਨਾਲ ਸੰਬੰਧਤ ਹੈ। ਆਪਣੀ ਪਿਛਲੀ ਟਰਮ ਵੇਲੇ ਜਦੋਂ ਡੋਨਾਲਡ ਟਰੰਪ ਨੇ ਅਮਰੀਕਾ-ਮੈਕਸੀਕੋ ਦੀ ਸਰਹੱਦ 'ਤੇ ਕੰਧ ਉਸਾਰਨ ਦਾ ਫੈਸਲਾ ਲਿਆ ਸੀ, ਪੋਪ ਨੇ ਕਿਹਾ ਸੀ ਕਿ ਕੰਧਾਂ ਉਸਾਰਣ ਵਾਲਾ ਰਾਸ਼ਟਰਪਤੀ ਇਸਾਈ ਨਹੀਂ ਹੋ ਸਕਦਾ। ਪੋਪ ਨੇ ਕਿਹਾ, "ਇਹ ਨਹੀਂ ਚੱਲੇਗਾ। ਇਹ ਮਸਲਿਆਂ ਨੂੰ ਹੱਲ ਕਰਨ ਦਾ ਸਹੀ ਤਰੀਕਾ ਨਹੀਂ ਹੈ। ਇਸ ਤਰ੍ਹਾਂ ਚੀਜ਼ਾਂ ਹੱਲ ਨਹੀਂ ਹੁੰਦੀਆਂ।" ਕੁਝ ਵੱਡੀਆਂ ਨਿਆਇਕ ਤੇ ਮਾਨਵੀ ਅਧਿਕਾਰਾਂ ਸੰਬੰਧੀ ਹਸਤੀਆਂ ਦਾ ਆਖਣਾ ਹੈ ਕਿ ਸੰਵਿਧਾਨ ਦੀ ਇਸ ਸੋਧ ਨਾਲ ਛੇੜ-ਛਾੜ ਕਰਨ ਦਾ ਰਾਸ਼ਟਰਪਤੀ ਕੋਲ ਕੋਈ ਅਧਿਕਾਰ ਨਹੀਂ ਹੈ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਭਾਰਤ ਅਤੇ ਪਾਕਿਸਤਾਨ 'ਚ ਲੋਕਾਂ ਨੂੰ 'ਲੁੱਟਣ' ਵਾਲੇ!

## 'ਖਾਣ ਵੱਢੀਆਂ ਨਿੱਤ ਇਮਾਨ ਵੇਚਣ, ਇਹੋ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ'

**ਸਿਆਸੀ ਤਨਜ਼**



ਮੁਹੰਮਦ ਹਨੀਫ਼

***ਸੀਨੀਅਰ ਪੱਤਰਕਾਰ ਤੇ ਲੇਖਕ ਮੁਹੰਮਦ ਹਨੀਫ਼ ਦੀ ਕਲਮ ਦੀ ਤਨਜ਼ ਬੜੀ ਤਿੱਖੀ ਤੇ ਡੂੰਘੇ ਅਰਥਾਂ ਵਾਲੀ ਹੁੰਦੀ ਹੈ। ਉਹ ਬੜੇ ਸਹਿਜ, ਪਰ ਬੜੀ ਬੇਬਾਕੀ ਨਾਲ ਆਪਣੀ ਗੱਲ ਕਹਿ ਜਾਂਦੇ ਹਨ। ਉਨ੍ਹਾਂ ਦੇ ਵਲੌਂਗ ਪੜ੍ਹਨ ਤੇ ਮਾਨਣ ਵਾਲੇ ਹੁੰਦੇ ਹਨ। ਜਾਂ ਇਹ ਆਖ ਲਓ ਕਿ ਆਪਣੀਆਂ ਟਿੱਪਣੀਆਂ ਜ਼ਰੀਏ ਗੁੜ 'ਚ ਕੁਨੈਨ ਪਾ ਕੇ ਦੇਣ ਦਾ ਵੱਲ ਉਨ੍ਹਾਂ ਨੂੰ ਆਉਂਦਾ ਹੈ। ਇਸੇ ਕਰਕੇ ਕਿਸੇ ਵੀ ਮੁੱਦੇ 'ਤੇ ਉਨ੍ਹਾਂ ਦੀ ਟਿੱਪਣੀ ਪੜ੍ਹਨਯੋਗ ਹੁੰਦੀ ਹੈ। ਪਿੱਛੇ ਜਿਹੇ 'ਚਿਊਇੰਗ ਗਮ' ਵਾਂਗ ਲੰਮਾ ਸਮਾਂ ਚੱਲੇ ਅੰਬਾਨੀ ਦੇ ਮੁੰਡੇ ਦੇ ਵਿਆਹ ਉਤੇ ਵੀ ਉਨ੍ਹਾਂ ਵਿਅੰਗਮਈ ਸ਼ਗਨ ਪਾਇਆ ਸੀ। ਹਥਲੀ ਲਿਖਤ ਵਿੱਚ ਉਨ੍ਹਾਂ ਸੇਠਾਂ, ਸਿਆਸਤਦਾਨਾਂ ਤੇ ਅਫ਼ਸਰਾਂ ਦੀ ਨੀਅਤ ਦਾ ਪਾਜ ਉਧੇੜਿਆ ਹੈ...***

ਵੈਸੇ ਤਾਂ ਹਿੰਦੁਸਤਾਨ 'ਚ ਵੀ ਵੱਡੇ-ਵੱਡੇ ਸੇਠ ਹਨ। ਕਈਆਂ ਉੱਤੇ ਇਲਜ਼ਾਮ ਲੱਗਦਾ ਹੈ ਕਿ ਉਹ ਮੁਲਕ ਨੂੰ, ਕੌਮ ਨੂੰ ਲੁੱਟ ਕੇ ਖਾ ਗਏ ਹਨ, ਪਰ ਆਖਿਰ ਨੂੰ ਸਾਰੇ ਹੱਥ ਬੰਨ੍ਹ ਕੇ ਭਾਰਤ ਮਾਤਾ ਨੂੰ ਸਲਾਮ ਹੀ ਕਰਦੇ ਹਨ। ਪਾਕਿਸਤਾਨ 'ਚ ਕੁਝ ਪੁੱਠਾ ਹਿਸਾਬ ਹੈ। ਜਿਸ ਨੇ ਪਾਕਿਸਤਾਨ ਨੂੰ ਜ਼ਿਆਦਾ ਖਾਧਾ ਹੈ, ਰੱਜ ਕੇ ਖਾਧਾ ਹੈ, ਨਸਲੋਂ ਨਸਲੀ ਖਾਧਾ ਹੈ, ਉਹ ਸਭ ਤੋਂ ਜ਼ਿਆਦਾ ਰੋਂਦਾ ਹੈ ਤੇ ਨਾਲ ਹੀ ਪਾਕਿਸਤਾਨੀਆਂ ਨੂੰ ਤਾਅਨੇ ਵੀ ਮਾਰਦਾ ਹੈ।

ਪਹਿਲਾਂ ਕੋਈ ਵਾਲਾ ਬੰਦਾ ਅਮੀਰ ਹੋ ਕੇ ਕੋਠੀ ਬਣਾ ਲੈਂਦਾ ਸੀ ਅਤੇ ਬਾਹਰ ਹਾਜ਼ਾ ਮਿਨ ਫਜ਼ਲੇ ਰੱਬੇ ਅਲੀ ਦੀ ਤਖ਼ਤੀ ਲਗਾ ਲੈਂਦਾ ਸੀ ਤਾਂ ਕਿ ਕਿਸੇ ਦੀ ਭੈੜੀ ਨਜ਼ਰ ਵੀ ਨਾ ਲੱਗੇ ਤੇ ਕੋਈ ਇਹ ਵੀ ਨਾ ਪੁੱਛੇ ਕਿ ਤੇਰੇ ਕੋਲ ਇੰਨਾ ਮਾਲ ਆਇਆ ਕਿੱਥੋਂ? ਤਖ਼ਤੀ ਪੜ੍ਹ ਲਓ ਅਤੇ ਸਮਝ ਜਾਓ ਕਿ ਸਾਰਾ ਉੱਪਰ ਵਾਲੇ ਦਾ ਹੀ ਫਜ਼ਲ ਹੈ। ਇੱਥੇ ਕਿਸੇ ਮਜ਼ਦੂਰ ਦੀ ਦਿਹਾੜੀ ਲੱਗ ਜਾਵੇ ਤੇ ਸ਼ਾਮ ਨੂੰ ਉਸ ਨੂੰ ਪੂਰੀ ਮਿਲ ਵੀ ਜਾਵੇ ਤਾਂ ਉਹ ਰੱਬ ਦਾ ਸ਼ੁਕਰ ਕਰਕੇ ਘਰ ਚਲਾ ਜਾਂਦਾ ਹੈ।

ਬਾਕੀ ਸਾਡੇ ਸੇਠ, ਸ਼ਾਹੂਕਾਰ, ਸਿਆਸਤਦਾਨ ਅਤੇ ਜਨਰਲ ਭਰਾ ਖਰਬਾਂ ਖਾ ਕੇ ਡੱਕਾਰ ਵੀ ਨਹੀਂ ਮਾਰਦੇ ਤੇ ਉੱਤੋਂ ਇਹ ਵੀ ਕਹਿੰਦੇ ਹਨ ਕਿ ਪਾਕਿਸਤਾਨ ਬਹੁਤ ਹੀ ਕੋਝਾ ਮੁਲਕ ਹੈ ਤੇ ਪਾਕਿਸਤਾਨੀਆਂ ਨੇ ਸਾਡੀ ਕਦਰ ਨਹੀਂ ਕੀਤੀ। ਪਹਿਲਾਂ ਸਾਡੇ ਕੋਲ ਨਵਾਜ਼ ਸ਼ਰੀਫ ਸਾਹਿਬ ਹਨ। ਤਿੰਨ ਵਾਰ ਵਜ਼ੀਰ-ਏ-ਆਜ਼ਮ ਰਹੇ ਹਨ, ਜੇਲ੍ਹ ਵੀ ਗਏ ਹਨ, ਦੇਸ਼ ਨਿਕਾਲਾ ਵੀ ਕੱਟਿਆ ਹੈ, ਪਰ ਹੁਣ ਵੀ ਪੰਜਾਬ ਦੀ ਹੁਕਮਰਾਨ ਉਨ੍ਹਾਂ ਦੀ ਆਪਣੀ ਧੀ ਹੈ। ਪੂਰੇ ਮੁਲਕ ਦਾ ਵਜ਼ੀਰ-ਏ-ਆਜ਼ਮ ਉਨ੍ਹਾਂ ਦਾ ਛੋਟਾ ਭਰਾ ਹੈ। ਲੇਕਿਨ ਫਿਰ ਵੀ ਜਦੋਂ ਮੂੰਹ ਖੋਲ੍ਹਦੇ ਹਨ ਤਾਂ ਇਹ ਹੀ ਕਹਿੰਦੇ ਹਨ ਕਿ ਮੇਰੇ ਨਾਲ ਅਤੇ ਮੇਰੇ ਖ਼ਾਨਦਾਨ ਨਾਲ ਜਿੰਨਾ ਜ਼ੁਲਮ ਹੋਇਆ ਹੈ, ਓਨਾ ਪਾਕਿਸਤਾਨ 'ਚ ਕਿਸੇ ਨਾਲ ਨਹੀਂ ਹੋਇਆ।

ਇੱਕ ਸਾਡੇ ਜਨਰਲ ਬਾਜਵਾ ਸਾਹਿਬ ਸਨ। ਤਿੰਨ ਸਾਲ ਲਈ ਆਰਮੀ ਚੀਫ਼ ਬਣੇ ਸਨ, ਫਿਰ ਸਿਆਸਤਦਾਨਾਂ ਦੀ ਗਿੱਚੀ 'ਤੇ ਅੰਗੂਠਾ ਰੱਖ ਕੇ ਤਿੰਨ ਸਾਲ ਦੀ ਐਕਸਟੈਂਸ਼ਨ ਲਈ। ਇੱਕ ਵਜ਼ੀਰ-ਏ-ਆਜ਼ਮ ਨੂੰ ਫਾਰਿਕ ਕੀਤਾ, ਦੂਜੇ ਨੂੰ ਲੈ ਕੇ ਆਏ। ਫਿਰ ਉਸ ਨੂੰ ਵੀ ਕੱਢਿਆ, ਪਰ ਜਾਂਦੇ-ਜਾਂਦੇ ਆਪਣੇ ਅਲਵਿਦਾਈ ਖਿਤਾਬ 'ਚ ਸੁਣਾ ਗਏ ਕਿ ਪਾਕਿਸਤਾਨੀਓ ਤੁਸੀਂ ਮੇਰੀ ਕਦਰ ਨਹੀਂ ਕੀਤੀ।


ਹੁਣ ਮਲਿਕ ਰਿਆਜ਼ ਸਾਹਿਬ ਨੇ ਬਿਹਰੀਆ ਟਾਊਨ ਵਾਲੇ, ਉਨ੍ਹਾਂ ਨੂੰ ਇਸ ਸੋਹਣੀ ਧਰਤੀ ਨਾਲ ਇੰਨਾ ਪਿਆਰ ਸੀ ਕਿ ਉਨ੍ਹਾਂ ਨੇ ਇਸ ਧਰਤੀ ਦੇ ਟੋਟੇ-ਟੋਟੇ ਕਰਕੇ ਪਲਾਟ ਬਣਾ ਕੇ, ਫਾਈਲਾਂ ਬਣਾ ਕੇ ਵੇਚੀਆਂ। ਸਰਕਾਰੀ ਜ਼ਮੀਨ ਸੀ, ਉਹ ਵੀ ਵੇਚ ਦਿੱਤੀ। ਕਿਸੇ ਮਾਤੜ੍ਹ ਕਿਸਾਨ ਦੀ ਜ਼ਮੀਨ ਸੀ, ਉਸ 'ਤੇ ਵੀ ਕਬਜ਼ਾ ਹੋਇਆ ਅਤੇ ਉਨ੍ਹਾਂ ਦੀਆਂ ਕਾਲੋਨੀਆਂ 'ਚ ਸ਼ਾਮਲ। ਮਲੀਰ 'ਚ ਸਦੀਆਂ ਪੁਰਾਣੇ ਗੋਟ ਸਨ, ਉੱਥੇ ਉਨ੍ਹਾਂ ਨੇ ਬੁਲਡੋਜ਼ਾਰ ਚਲਾ ਛੱਡੇ। ਜਿਹੜੀ ਜ਼ਮੀਨ ਕਿਸੇ ਨਕਸ਼ੇ 'ਤੇ ਮੌਜੂਦ ਹੈ ਹੀ ਨਹੀਂ ਸੀ, ਉਨ੍ਹਾਂ ਨੇ ਉਹ ਵੀ ਵੇਚ ਛੱਡੀ।

ਗੱਲ ਸੁਪਰੀਮ ਕੋਰਟ ਤੱਕ ਅੱਪੜੀ ਤੇ ਸਾਡੇ ਵੱਡੇ ਜੱਜਾਂ ਨੇ ਕਿਹਾ ਕਿ ਤੂੰ ਕਬਜ਼ੇ ਤਾਂ ਬਹੁਤ ਕੀਤੇ ਹਨ, ਉਨ੍ਹਾਂ ਦਾ ਹਿਸਾਬ ਤਾਂ ਅਸੀਂ ਲੈ ਨਹੀਂ ਸਕਦੇ। ਇਸ ਲਈ ਤੂੰ ਇੰਝ ਕਰ 400 ਅਰਬ ਜ਼ੁਰਮਾਨਾ ਭਰ ਦੇ ਤੇ ਆਪਣੇ ਧੰਦੇ ਨੂੰ ਜਾਰੀ ਰੱਖ। ਮਲਿਕ ਸਾਹਿਬ ਨੇ ਜ਼ੁਰਮਾਨਾ ਵੀ ਕੋਈ ਨਾ ਦਿੱਤਾ ਅਤੇ ਉਨ੍ਹਾਂ ਦੇ ਬੁਲਡੋਜ਼ਰ ਵੀ ਚੱਲਦੇ ਰਹੇ। ਹੁਣ ਇਮਰਾਨ ਖਾਨ ਵਾਲੇ ਕੇਸ 'ਚ ਉਨ੍ਹਾਂ ਦਾ ਨਾਮ ਆਇਆ ਹੈ ਤੇ ਉੱਠ ਕੇ ਦੁਬਈ ਤੁਰ ਗਏ ਹਨ; ਤੇ ਉੱਥੋਂ ਬੈਠ ਕੇ ਸਾਨੂੰ ਜ਼ੁਲਮ ਦੀ ਦਾਸਤਾਨ ਸੁਣਾ ਰਹੇ ਹਨ।

ਫੁਰਮਾਉਂਦੇ ਹਨ, "ਪਾਕਿਸਤਾਨ ਮੇਂ ਕਾਰੋਬਾਰ ਕਰਨਾ ਕੋਈ ਆਸਾਨ ਕਾਮ ਨਹੀਂ। ਕਦਮ-ਕਦਮ ਪਰ ਰੁਕਾਵਟੋਂ ਕੇ ਬਾਵਜੂਦ 40 ਸਾਲ ਖੂਨ-ਪਸੀਨਾ ਏਕ ਕਰਕੇ ਅੱਲ੍ਹਾ ਕੇ ਫਜ਼ਲ ਸੇ ਬਿਹਰੀਆ ਟਾਊਨ ਬਨਾਇਆ।" ਫਿਰ ਫੁਰਮਾਉਂਦੇ ਹਨ, "ਮੈਂ ਦਿਲ ਮੇਂ ਏਕ ਤੂਫ਼ਾਨ ਲਿਏ ਬੈਠਾ ਹੂੰ। ਅਗਰ ਜੇ ਬੰਦ ਟੂਟ ਗਿਆ ਤੋ ਸਭ ਕਾ ਭਰਮ ਟੂਟ ਜਾਏਗਾ।" ਅਤੇ ਨਾਲ ਹੀ ਇੱਕ ਛੋਟੀ ਜਿਹੀ ਧਮਕੀ ਵੀ 'ਕਿ ਯੇ ਮਤ ਭੂਲਣਾ ਕਿ ਪਿਛਲੇ 25-30 ਸਾਲੋਂ ਕੇ ਸਭ ਰਾਜ਼ ਸਬੂਤੋਂ ਕੇ ਸਾਥ ਮਹਿਫੂਜ਼ ਹੈਂ।'

ਪੰਜਾਬੀ ਵਿੱਚ ਮਲਿਕ ਸਾਹਿਬ ਫੁਰਮਾ ਰਹੇ ਕਿ ਤੁਸੀਂ ਸਾਰੇ ਮੇਰੇ ਕਾਣੇ ਹੋ, ਤੁਸੀਂ ਮੇਰਾ ਕੀ ਕਰ ਸਕਦੇ ਹੋ! ਉਨ੍ਹਾਂ ਦੀ ਗੱਲ ਸੱਚ ਵੀ ਲੱਗਦੀ ਹੈ। ਕਈ ਵਰ੍ਹੇ ਪਹਿਲਾਂ ਉਹ ਸੁਪਰੀਮ ਕੋਰਟ 'ਚ ਪੇਸ਼ ਹੋਏ ਸਨ ਤੇ ਉਨ੍ਹਾਂ ਦੇ ਪਿੱਛੇ ਇੰਨੇ ਕੁ ਸੀਨੀਅਰ ਰਿਟਾਇਰ ਜਨਰਲ ਸਨ ਕਿ ਲੱਗਦਾ ਸੀ ਕਿ ਖੌਰੇ ਮਲਿਕ ਸਾਹਿਬ ਨੇ ਕੋਰ ਕਮਾਂਡਰਾਂ ਦੀ ਆਪਣੀ ਹੀ ਮੀਟਿੰਗ ਬੁਲਾਈ ਹੋਵੇ।

ਬਾਕੀਆਂ ਨੂੰ ਛੱਡੋ! ਅਸੀਂ ਮੀਡੀਆ ਵਾਲੇ ਮਲਿਕ ਸਾਹਿਬ ਦੇ ਸਭ ਤੋਂ ਵੱਡੇ ਕਾਣੇ ਹਾਂ। ਕਰਾਚੀ ਵਿੱਚ ਮੇਰੇ ਘਰ ਤੋਂ ਚਾਰ-ਪੰਜ ਗਲੀਆਂ ਛੱਡ ਕੇ ਮਲਿਕ ਸਾਹਿਬ ਜੁਨੂਬੀ ਏਸ਼ੀਆ ਦਾ ਸਭ ਤੋਂ ਵੱਡਾ ਟਾਵਰ ਬਣਾ ਰਹੇ ਸਨ। ਇੱਕ ਦਿਨ ਮੈਂ ਘਰੋਂ ਵੇਖਿਆ ਕੁਝ 60ਵੀਂ-62ਵੀਂ ਮੰਜ਼ਿਲ 'ਤੇ ਵੱਡੀ ਅੱਗ ਲੱਗੀ ਸੀ। ਮੈਂ ਟੀਵੀ ਚੈਨਲ ਚੈੱਕ ਕੀਤੇ, ਪਰ ਕਿਤੇ ਕੋਈ ਖ਼ਬਰ ਨਹੀਂ। ਇੱਕ ਨਿਊਜ਼ਰੂਮ ਵਿੱਚ ਬੈਠੇ ਦੋਸਤ ਨੂੰ ਫੋਨ ਕੀਤਾ ਕਿ ਬਈ ਪੂਰੇ ਕਰਾਚੀ ਨੂੰ ਟਾਵਰ 'ਚ ਲੱਗੀ ਅੱਗ ਨਜ਼ਰ ਆ ਰਹੀ ਹੈ, ਤੁਹਾਨੂੰ ਨਜ਼ਰ ਨਹੀਂ ਆ ਰਹੀ?




ਉਸ ਨੇ ਕਿਹਾ, ਤੁਸੀਂ ਆਪ ਸਿਆਣੇ ਹੋ ਏਵੇਂ ਜਬਲੀਆਂ ਨਾ ਮਾਰੋ। ਸਾਰੇ ਟੀਵੀ ਚੈਨਲਾਂ ਦਾ ਖਰਚਾ ਤੇ ਸਾਡੀਆਂ ਤਨਖਾਹਾਂ ਮਲਿਕ ਸਾਹਬ ਦੇ ਇਸ਼ਤਿਹਾਰਾਂ ਤੋਂ ਹੀ ਤਾਂ ਆਉਂਦੀਆ ਹਨ। ਜਿਹੜਾ ਬੰਦਾ ਆਪ ਕਾਣਾ ਹੋਵੇ, ਉਹ ਅੱਗੇ ਕਿਸੇ ਸੇਠ ਨੂੰ ਕੀ ਜਵਾਬ ਦੇ ਸਕਦਾ ਹੈ!

ਬਸ ਹੱਥ ਬੰਨ੍ਹ ਕੇ ਇਹ ਹੀ ਕਹਿ ਸਕਦਾ ਹਾਂ ਕਿ 'ਜੇ ਸੋਹਣੀ ਧਰਤੀ ਦੇ ਟੋਟੇ-ਟੋਟੇ ਕਰਕੇ ਤੁਸੀਂ ਵੇਚੇ ਹਨ, ਬਿਲੀਨੀਅਰ ਬਣੇ ਹੋ ਤੇ ਹੁਣ ਵੀ ਇਸ ਦੇ ਨਾਲ ਸ਼ਿਕਾਇਤ ਹੈ ਤਾਂ ਫਿਰ ਹੋਰ ਮੁਲਕ ਲੱਭੋ ਅਤੇ ਉੱਥੇ ਜਾ ਕੇ ਹਾਜ਼ਾ ਮਿਨ ਫਜ਼ਲੇ ਰੱਬੀ ਵਾਲੀ ਤਖਤੀ ਲਗਾ ਲਓ!

### ਇਲਮੋਂ ਬੱਸ ਕਰੀਂ ਓ ਯਾਰ

ਸੂਫੀ ਬਜ਼ੁਰਗਾਂ ਦਾ ਕਲਾਮ ਤੁਸੀਂ ਵੀ ਸੁਣਦੇ ਹੋਵੋਗੇ, ਅਸੀਂ ਵੀ ਸੁਣੀਦੇ ਹਾਂ। ਕੰਨਾਂ ਨੂੰ ਵੀ ਚੰਗਾ ਲੱਗਦਾ ਹੈ ਅਤੇ ਰੂਹ ਵੀ ਰਾਜ਼ੀ ਹੁੰਦੀ ਹੈ। ਲੇਕਿਨ ਕਦੇ-ਕਦੇ ਕੋਈ ਗੱਲ ਸਮਝ ਨਹੀਂ ਆਉਂਦੀ। ਬੁੱਲ੍ਹੇ ਸ਼ਾਹ ਦੀ ਮਸ਼ਹੂਰ ਕਾਫ਼ੀ ਹੈ, ਤੁਸੀਂ ਸੁਣੀ ਹੀ ਹੋਵੇਗੀ: 'ਇਲਮੋਂ ਬਸ ਕਰੀਂ ਓ ਯਾਰ, ਇੱਕ ਅਲਫ਼ ਤੈਨੂੰ ਦਿਰਕਾਰ।'

ਮੈਂ ਹੈਰਾਨ ਹੁੰਦਾ ਸੀ ਕਿ ਆਪਣੇ ਜ਼ਮਾਨੇ ਦੇ ਹਿਸਾਬ ਨਾਲ ਬਲਕਿ ਸਾਰੇ ਜ਼ਮਾਨਿਆਂ ਦੇ ਹਿਸਾਬ ਨਾਲ ਬੁੱਲ੍ਹੇ ਸ਼ਾਹ ਇੱਕ ਆਲਮ ਆਦਮੀ ਹੈ। ਓਲਾ ਮੁਰਸ਼ਦ ਸ਼ਾਹ ਇਨਾਇਤ ਉਹ ਵੀ ਬੁੱਲ੍ਹੇ ਸ਼ਾਹ ਨੇ ਮਸ਼ਹੂਰ ਕੀਤਾ ਹੈ। ਹੁਣ ਵੀ ਸਾਨੂੰ ਜ਼ਿੰਦਗੀ ਵਿੱਚ ਕੋਈ ਮਸਲਾ ਹੋਵੇ ਤਾਂ ਅਸੀਂ ਬੁੱਲੇ ਸ਼ਾਹ ਦਾ ਕੋਈ ਨਾ ਕੋਈ ਸ਼ੇਅਰ ਸੁਣਾ ਛੱਡੀਦਾ ਹੈ।

ਮੈਂ ਹੈਰਾਨ ਸੀ ਕਿ ਇੰਨਾ ਪੜ੍ਹਿਆ ਬੁੱਲ੍ਹੇ ਲਿਖਿਆ ਆਲਮ ਆਦਮੀ ਸਾਨੂੰ ਤਾਲੀਮ ਤੋਂ ਕਿਉਂ ਮਨ੍ਹਾਂ ਕਰੀ ਜਾ ਰਿਹਾ ਹੈ!

ਕੁਝ ਮਹੀਨੇ ਪਹਿਲਾਂ ਬੁੱਲ੍ਹੇ ਸ਼ਾਹ ਦੇ ਸ਼ਹਿਰ ਕਸੂਰ ਦੇ ਨਾਲ ਹੀ ਲਾਹੌਰ ਹੈ, ਪੰਜਾਬ ਦਾ ਦਿਲ, ਉਥੇ ਕੁਝ ਸਟੂਡੈਂਟਸ ਦੇ ਨਾਲ ਟਾਕਰਾ ਹੋਇਆ ਤੇ ਪਹਿਲੀ ਦਫ਼ਾ ਸਮਝ ਆਈ ਕਿ ਬੁੱਲ੍ਹੇ ਸ਼ਾਹ ਇੰਨਾ ਐਂਟੀ ਐਜੂਕੇਸ਼ਨ ਕਿਉਂ ਹੋਇਆ ਸੀ!

ਮੇਰੀ ਆਪਣੀ ਤਾਲੀਮ ਕਿਉਂਕਿ ਪਿੰਡ ਦੇ ਟਾਟਾਂ ਵਾਲੇ ਸਕੂਲ 'ਚ ਹੋਈ ਹੈ। ਮਾਸਟਰਾਂ ਦੇ ਡੰਡੇ ਖਾਧੇ ਹਨ। ਉਸ ਤੋਂ ਬਾਅਦ ਫੌਜੀ ਐਕਡਮੀਆਂ 'ਚ ਪਰੇਡਾਂ ਕੀਤੀਆਂ ਹਨ ਤੇ ਉਥੇ ਵੀ ਉਨ੍ਹਾਂ ਨੇ ਸਾਨੂੰ ਅੰਗਰੇਜ਼ੀ 'ਚ ਕੁਝ ਵੰਨ-ਸੁਵੰਨੀਆਂ ਗਾਲਾਂ ਸਿਖਾ ਕੇ, ਉਸ ਨੂੰ ਤਾਲੀਮ ਦਾ ਨਾਮ ਦੇ ਛੱਡਿਆ ਸੀ।

ਇਸ ਲਈ ਜਦੋਂ ਵੀ ਕਿਤੇ ਯੂਨੀਵਰਸਿਟੀ ਦੇ ਮੁੰਡੇ-ਕੁੜੀਆਂ ਨੂੰ ਵੇਖਣਾ ਤਾਂ ਇੰਝ ਜਾਪਦਾ ਹੈ ਕਿ ਤਾਲੀਮ ਤਾਂ ਇਹ ਹਾਸਲ ਕਰ ਰਹੇ ਹਨ, ਮੌਜਾਂ ਤਾਂ ਇਨ੍ਹਾਂ ਦੀਆਂ ਹਨ। ਪਰ ਇੱਥੇ ਜਿਹੜਾ ਵੀ ਸਟੂਡੈਂਟ ਮਿਲੇ, ਵੈਸੇ ਪੜ੍ਹਾਕੂ ਅਤੇ ਹੁਸ਼ਿਆਰ ਪਰ ਜ਼ਿੰਦਗੀ ਤੋਂ ਅਵਾਜ਼ਾਰ। ਪ੍ਰੋਫੈਸਰ ਨਾਲ ਗੱਲ ਕਰੋ ਤਾਂ ਉਹ ਸਟੂਡੈਂਟਸ ਤੋਂ ਅਵਾਜ਼ਾਰ। ਮੈਂ ਪੁੱਛਿਆ ਕਿ ਇਸ ਇਲਮ ਦੇ ਪੂਰੇ ਧੰਦੇ 'ਚ ਖੁਸ਼ ਕੌਣ ਹੈ? ਪਤਾ ਲੱਗਿਆ ਕਿ 'ਸੇਠ।' ਉਹ ਸੇਠ ਜਿਨ੍ਹਾਂ ਨੇ ਵੱਡੇ-ਵੱਡੇ ਸਕੂਲ ਅਤੇ ਯੂਨੀਵਰਸਿਟੀਆਂ ਬਣਾਈਆਂ ਹਨ। ਫੀਸਾਂ ਇੰਨੀਆਂ ਜ਼ਿਆਦਾ ਰੱਖੀਆਂ ਹਨ ਕਿ ਇੰਝ ਲੱਗਦਾ ਹੈ ਕਿ ਤੁਹਾਡਾ ਬੱਚਾ ਕਿਸੇ ਨੇ ਅਗਵਾ ਕਰ ਲਿਆ ਹੋਵੇ ਅਤੇ ਤੁਹਾਨੂੰ ਹਰ ਸਮੈਸਟਰ 'ਚ ਇੱਕ ਰੈਨਸਨ ਨੋਟ ਭੇਜੀ ਜਾਂਦੇ ਹਨ।

ਕਿਸੇ ਨੇ ਸਮਝਾਇਆ ਕਿ ਇਹ ਸ਼ਾਗਿਰਦ ਇਸ ਲਈ ਅਵਾਜ਼ਾਰ ਹਨ, ਕਿਉਂਕਿ ਇਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਇੰਨੀਆਂ ਮਹਿੰਗੀਆਂ-ਮਹਿੰਗੀਆਂ ਡਿਗਰੀਆਂ ਲੈ ਕੇ ਵੀ ਜਿਹੜੇ ਖਵਾਬ ਇਨ੍ਹਾਂ ਨੇ ਵੇਖੇ ਸਨ, ਉਹ ਪੂਰੇ ਨਹੀਂ ਹੋਣੇ। ਉਹ ਖਵਾਬ ਹੈ ਕੀ ਹਨ? ਉਹ ਉਹੀ ਖਵਾਬ ਹਨ, ਜਿਹੜੇ ਅਸੀਂ ਮਾਂ-ਪਿਓ ਬਚਪਨ ਤੋਂ ਇਨ੍ਹਾਂ ਨੂੰ ਵਿਖਾਉਣਾ ਸ਼ੁਰੂ ਕਰ ਦਿੰਦੇ ਹਾਂ।

ਤਾਲੀਮ ਨੂੰ ਜ਼ਿੰਦਗੀ-ਮੌਤ ਦਾ ਮਸਲਾ ਬਣਾ ਸਕਦੇ ਹਾਂ। ਬਸ ਪੁੱਤਰ ਮੈਟ੍ਰਿਕ 'ਚ ਚੰਗੇ ਨੰਬਰ ਲੈ ਲਾ। ਇੰਨੇ ਉਹ ਲੈਵਲ ਅਤੇ ਇੰਨੇ ਇਹ ਲੈਵਲ ਕਰ ਲੈ ਤੇ ਜ਼ਿੰਦਗੀ ਤੇਰੀ ਸੈੱਟ ਹੋ ਜਾਵੇਗੀ। ਬਸ ਹੁਣ ਚਾਰ ਸਾਲ ਹੋਰ ਹਨ ਕੰਪਿਊਟਰ ਦੀ ਡਿਗਰੀ ਲੈ ਲਾ, ਫਿਰ ਅਮਰੀਕਾ ਅਤੇ ਯੂਰਪ ਵਾਲੇ ਤੈਨੂੰ ਘਰ ਬੈਠੇ ਨੌਕਰੀ ਦੇਣ ਆਉਣਗੇ। ਧੀਏ ਪੰਜ ਸਾਲ ਲਗਾ ਕੇ ਡਾਕਟਰੀ ਕਰ ਲੈ। ਪ੍ਰੈਕਟਿਸ ਭਾਵੇਂ ਨਾ ਕਰੀਂ, ਪਰ ਰਿਸ਼ਤਾ ਚੰਗਾ ਲੱਭ ਜਾਵੇਗਾ।

ਇਲਮ-ਸ਼ਿਲਮ ਬਸ ਇੱਕ ਬਹਾਨਾ ਹੈ। ਮਕਸਦ ਇਹੀ ਹੈ ਕਿ ਬਸ ਤਾਲੀਮ 'ਤੇ ਪੈਸਾ ਖਰਚ ਕਰੋ, ਜਵਾਨੀ ਸਾੜੋ ਤੇ ਫਿਰ ਬਾਕੀ ਸਾਰੀ ਜ਼ਿੰਦਗੀ ਉਸ ਤਾਲੀਮ ਦੀ ਖੱਟੀ ਖਾਓ।

ਸ਼ਿਵ ਕੁਮਾਰ ਬਟਾਲਵੀ ਨੇ ਇੱਕ ਇੰਟਰਵਿਊ 'ਚ ਕਿਹਾ ਸੀ ਕਿ "ਵਾਲਦੇਨ ਆਪਣੇ ਬੱਚੋਂ ਕੋ ਇਸ ਤਰ੍ਹਾਂ ਸੇ ਪੜ੍ਹਾਤੇ ਹੈਂ ਜਾਂ ਪੜ੍ਹਾਤੀ ਹੈਂ, ਜੈਸੇ ਵੋ ਜੂਆ ਖੇਲ ਰਹੇ ਹੋਂ। ਉਨ ਕੋ ਲਗਤਾ ਹੈ ਕਿ ਜੇ ਹਮਾਰੀ ਇਨਵੈਸਟਮੈਂਟ ਹੈ। ਏਕ ਦਿਨ ਇਸ ਕਾ ਹਮੇਂ ਰਿਟਰਨ ਮਿਲੇਗਾ, ਵਾਪਸੀ ਮਿਲੇਗੀ।" ਤੇ ਜਿੱਥੇ ਜੂਆ ਹੁੰਦਾ ਹੋਵੇ, ਉੱਥੇ ਆਖਰਕਾਰ ਜਿੱਤਦਾ ਹਮੇਸ਼ਾ ਜੂਆਖਾਨੇ ਦਾ ਮਾਲਕ ਹੀ ਹੈ।

ਬੁੱਲ੍ਹੇ ਸ਼ਾਹ ਹੁਰਾਂ ਤੋਂ ਪੁਰਾਣਾ ਵੀ ਇੱਕ ਇਲਮ ਮੌਜੂਦ ਹੈ। ਉਹ ਇਹ ਕਿ ਜੇ ਤੁਸੀਂ ਅੱਜ ਰੁੱਖ ਲਗਾਓਗੇ ਤਾਂ ਆਪਣੀ ਜ਼ਿੰਦਗੀ ਵਿੱਚ ਉਸ ਦਾ ਫਲ ਤੁਹਾਨੂੰ ਨਸੀਬ ਨਹੀਂ ਹੋਵੇਗਾ, ਲੇਕਿਨ ਤੁਹਾਡੇ ਬੱਚੇ ਖਾਣਗੇ, ਅੱਗੇ ਉਨ੍ਹਾਂ ਦੇ ਬੱਚੇ ਖਾਣਗੇ। ਇਸ ਮਾਰਡਨ ਇਲਮ ਨੇ ਸਾਡੀ ਭੁੱਖ ਇੰਨੀ ਕੁ ਵਧਾ ਦਿੱਤੀ ਹੈ ਕਿ ਅਸੀਂ ਆਪਣੇ ਹਿੱਸੇ ਦਾ ਤਾਂ ਖਾਈ ਜਾ ਹੀ ਰਹੇ ਹਾਂ, ਪਰ ਆਪਣੇ ਬੱਚਿਆਂ ਲਈ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੀ ਕੁਝ ਨਹੀਂ ਛੱਡਣਾ।

'ਪੜ੍ਹ-ਪੜ੍ਹ ਲਿਖ-ਲਿਖ ਲਾਵੇਂ ਢੇਰ
ਢੇਰ ਕਿਤਾਬਾਂ ਚਾਰ ਚੁਫੇਰ
ਕਰ ਦੇ ਚਾਣਨ ਵਿੱਚ ਹਨੇਰ
ਪੁੱਛੋ ਰਾਹ ਤਾਂ ਖ਼ਬਰ ਨਾ ਸਾਰ
ਇਲਮੋਂ ਬੱਸ ਕਰੀਂ ਓ ਯਾਰ।'

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਬੇਮਿਸਾਲ ਵਿਗਿਆਨਕ ਤਰੱਕੀ ਨੂੰ ਨਸ਼ਰ ਕਰੇਗਾ ਅਗਲਾ ਦਹਾਕਾ

**ਵਿਵੇਕ ਵਧਵਾ**


ਦੁਨੀਆਂ ਅੱਜ ਇੱਕ ਬੇਹੱਦ ਖਤਰਨਾਕ ਚੌਰਾਹੇ 'ਤੇ ਖੜ੍ਹੀ ਹੈ। ਵਿਗਿਆਨ ਅਤੇ ਤਕਨੀਕ ਇਸ ਕਦਰ ਤੇਜ਼ ਵਿਕਾਸ ਕਰ ਰਹੀ ਹੈ ਕਿ ਇਹ ਸਾਡੇ ਕਿਆਸ ਤੋਂ ਵੀ ਬਾਹਰ ਹੈ। ਤਕਨੀਕੀ ਵਿਕਾਸ ਦੀ ਗਤੀ ਸਾਧਾਰਣ ਮਨੁੱਖੀ ਕਲਪਨਾ ਤੋਂ ਕਿਤੇ ਅੱਗੇ ਨਿਕਲ ਗਈ ਹੈ। ਅੱਜ ਅਸੀਂ ਜ਼ਿੰਦਗੀ ਦੇ ਜਿਸ ਚੌਰਾਹੇ 'ਤੇ ਖੜ੍ਹੇ ਹਾਂ, ਉਥੋਂ ਸਾਡੀ ਆਪਣੀ ਸਮੂਹਿਕ ਚੋਣ ਅਤੇ ਫੈਸਲੇ ਇਸ ਦਾ ਭਵਿੱਖ ਤੈਅ ਕਰਨਗੇ।

ਇੱਕ ਰਾਹ ਤੇ ਉਹ ਹੈ, ਜਿਹੜਾ ਸਾਨੂੰ 'ਸਟਾਰ ਟਰੈਕ' ('ਸਟਾਰ ਟਰੈਕ' ਇੱਕ ਅਮਰੀਕਨ ਸਾਇੰਸ ਫਿਕਸ਼ਨ ਮੀਡੀਆ ਫਰੈਂਚਾਈਜ਼ ਹੈ, 1966 ਦੇ ਆਸੇ-ਪਾਸੇ ਸ਼ੁਰੂ ਹੋਈ ਅਤੇ ਬਾਅਦ ਵਿੱਚ ਇੱਕ ਸਭਿਆਚਾਰਕ ਲਹਿਰ ਦਾ ਰੂਪ ਧਾਰ ਗਈ) ਵਾਲੇ ਆਦਰਸ਼ਕ (ਯੂਟੋਪੀਅਨ) ਸੰਸਾਰ ਵਾਲੇ ਰਾਹ 'ਤੇ ਲੈ ਜਾਵੇਗਾ, ਜਿਸ ਵਿੱਚ ਟੈਕਨੌਲੋਜੀ ਮਨੁੱਖਤਾ ਨੂੰ ਬਿਮਾਰੀਆਂ, ਗਰੀਬੀ ਅਤੇ ਸਮਾਜਕ ਅਸਮਾਨਤਾ ਤੋਂ ਮੁਕਤ ਕਰ ਦੇਵੇਗੀ ਅਤੇ ਮਨੁੱਖੀ ਸੰਭਾਵਨਾਵਾਂ ਲਈ ਨਵੇਂ ਦਿਸਹੱਦੇ ਖੋਲ੍ਹ ਦੇਵੇਗੀ। ਦੂਜਾ ਰਾਹ ਆਸਟਰੇਲੀਅਨ ਪ੍ਰੋਡਿਊਸਰ ਅਤੇ ਡਾਇਰੈਕਟਰ ਦੀ ਫਿਲਮ 'ਮੈਡ ਮੈਕਸ' ਵਾਲੇ ਰਾਹ 'ਤੇ ਲੈ ਜਾਵੇਗਾ, ਜਿਸ ਵਿੱਚ ਬੇਲਗਾਮ ਤਕਨੀਕੀ ਅਤੇ ਵਿਗਿਆਨਕ ਵਿਕਾਸ ਮਨੁੱਖਤਾ ਨੂੰ ਡੂੰਘੀ ਤਰ੍ਹਾਂ ਤਰੇੜੀ ਹੋਈ ਤੇ ਬਦਹਵਾਸ ਦੁਨੀਆਂ ਬਣਾ ਦੇਵੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ, ਜਿਨੈਟਿਕ ਇੰਜੀਨੀਅਰਿੰਗ, ਰੋਬੋਟ ਟੈਕਨੌਲੋਜੀ, ਜੰਗੀ ਡਰੋਨ ਤਕਨੀਕ ਅਤੇ ਕੁਅੰਟਮ ਕੰਪਿਊਟਿੰਗ ਵਿੱਚ ਬੀਤੇ ਵਰ੍ਹੇ ਹੋਈਆਂ ਖੋਜਾਂ ਵਿੱਚ ਹੋਏ ਵਿਕਾਸ ਨੇ ਉਪਰੋਕਤ ਬਿਆਨੇ ਦੋ ਸੰਸਾਰਾਂ ਨੂੰ ਮਨੁੱਖੀ ਸਭਿਅਤਾ ਦੇ ਬਿਲਕੁਲ ਨਜ਼ਦੀਕ ਲੈ ਆਂਦਾ ਹੈ। ਅੱਗੇ ਕਿਸ ਤਰ੍ਹਾਂ ਦੀ ਦੁਨੀਆਂ ਬਣਦੀ ਹੈ, ਇਹ ਇਸ ਪੱਖ 'ਤੇ ਮੁਨੱਸਰ ਕਰੇਗਾ ਕਿ ਅਸੀਂ ਕਿਸ ਰਾਹ 'ਤੇ ਅੱਗੇ ਵਧਦੇ ਹਾਂ।

ਆਪਣੀ ਕਿਤਾਬ 'ਡਰਾਈਵਰ ਇੰਨ ਦ ਡਰਾਈਵਰਲੈਸ ਕਾਰ' ਵਿੱਚ ਮੈਂ ਕਿਹਾ ਹੈ ਕਿ ਹਰ ਨਵੀਂ ਤਕਨੀਕ ਨੂੰ ਅਪਣਾਉਂਦਿਆਂ ਸਾਡੇ ਅੱਗੇ ਤਿੰਨ ਬੁਨਿਆਦੀ ਸਵਾਲ ਖੜ੍ਹੇ ਹਨ:

1. ਕੀ ਇਸ ਦੀ ਵਰਤੋਂ ਦਾ ਫਾਇਦਾ ਹਰ ਇੱਕ ਮਨੁੱਖ ਨੂੰ ਬਰਾਬਰ ਮਿਲੇਗਾ?
2. ਇਸ ਤਕਨੀਕ ਦੇ ਖਤਰੇ ਅਤੇ ਫਾਇਦੇ ਕੀ ਹਨ?
3. ਕੀ ਇਹ ਮਨੁੱਖੀ ਖੁਦਮੁਖਤਾਰੀ (ਆਜ਼ਾਦੀ) ਨੂੰ ਵਧਾਏਗੀ ਜਾਂ ਸੀਮਤ ਕਰੇਗੀ?

ਇਹ ਸੁਆਲ ਸਿਰਫ ਅਕੈਡਮਿਕ ਬਹਿਸ ਦਾ ਹੀ ਹਿੱਸਾ ਨਹੀਂ ਹਨ। ਇਨ੍ਹਾਂ ਸੁਆਲਾਂ ਦੇ ਜੁਆਬ ਸਾਡੇ ਭਵਿੱਖ ਦੀ ਉਸਾਰੀ ਨੂੰ ਨਿਰਧਾਰਤ ਕਰਨਗੇ। ਆਰਟੀਫੀਸ਼ੀਅਲ ਇੰਟੈਲੀਜੈਂਸ ਸਨਅਤੀ ਖੇਤਰ ਅਤੇ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਪਹਿਲਾਂ ਹੀ ਪ੍ਰਭਾਵਤ ਕਰ ਰਿਹਾ ਹੈ। ਕਲਪਨਾ ਕਰੋ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਵੱਲੋਂ ਨਿਰਦੇਸ਼ਿਤ ਡਾਕਟਰ ਮਨੁੱਖ ਦੀਆਂ ਬਿਮਾਰੀਆਂ ਦੀ ਬਿਲਕੁਲ ਸਹੀ ਪਛਾਣ ਕਰਨ ਲੱਗਣ, ਏ.ਆਈ. ਟਿਊਟਰ (ਅਧਿਆਪਕ) ਹਰ ਬੱਚੇ ਨੂੰ ਉਸ ਦੀਆਂ ਲੋੜਾਂ ਅਨੁਸਾਰ ਵਿਸ਼ੇਸ਼ ਤਰ੍ਹਾਂ ਦੀ ਸਿੱਖਿਆ ਪ੍ਰਦਾਨ ਕਰਨ ਲੱਗ ਪੈਣ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਨਿਰਦੇਸ਼ਿਤ ਤਕਨੀਕਾਂ ਸੰਸਾਰ ਵਿੱਚ ਖੁਰਾਕੀ ਪੈਦਾਵਾਰ ਨੂੰ ਵੱਡੀ ਪੱਧਰ 'ਤੇ ਸੁਧਾਰ ਦੇਣ ਤੇ ਸੰਸਾਰ ਵਿੱਚੋਂ ਭੁੱਖਮਰੀ ਦਾ ਖਾਤਮਾ ਕਰ ਦੇਣ। ਯਾਦ ਰਹੇ, ਏ.ਆਈ. ਤਕਨੀਕਾਂ ਮੈਡੀਕਲ ਸਾਇੰਸ ਤੋਂ ਲੈ ਕੇ ਆਰਕੀਟੈਕਚਰ ਤੱਕ, ਹਰ ਖੇਤਰ ਵਿੱਚ ਸਿਰਜਣਾਤਮਕਤਾ ਅਤੇ ਵਿਕਾਸ ਨੂੰ ਤੇਜ਼ ਕਰ ਰਹੀਆਂ ਹਨ। ਜਿਨੈਟਿਕ ਇੰਜੀਨੀਅਰਿੰਗ ਵਿੱਚ ਸੀ.ਆਰ.ਆਈ.ਐਸ.ਪੀ.ਆਰ. ਅਤੇ ਇਸ ਵਰਗੀਆਂ ਹੋਰ ਤਕਨੀਕਾਂ ਜ਼ਿੰਦਗੀ ਦੀਆਂ ਬੁਨਿਆਦਾਂ ਬਦਲ ਰਹੀਆਂ ਹਨ। ਵਿਗਿਆਨ ਵਿਰਾਸਤੀ ਬਿਮਾਰੀਆਂ ਨੂੰ ਖਤਮ ਕਰਨ ਦੇ ਦਹਾਨੇ 'ਤੇ ਹੈ। ਨਵੀਆਂ ਤਕਨੀਕਾਂ ਕਾਰਨ ਮਨੁੱਖ ਦੀ ਉਮਰ ਲੰਮੇਰੀ ਹੋਵੇਗੀ ਅਤੇ ਇੱਥੋਂ ਤੱਕ ਕਿ ਇਹ ਇਸ ਨੂੰ ਪਿਛਲਖੁਰੀ ਮੋੜਨ ਦੀ ਸੰਭਾਵਨਾ ਵੀ ਰੱਖਦੀਆਂ ਹਨ। ਪਿਛਲੇ ਸਾਲ ਵਿੱਚ ਹੋਈਆਂ ਖੋਜਾਂ ਇਹ ਸੰਕੇਤ ਦੇ ਰਹੀਆਂ ਹਨ ਕਿ ਕੈਂਸਰ ਦੀ ਬਿਮਾਰੀ ਭਵਿੱਖ ਵਿੱਚ ਨਿਸ਼ਚਤ ਮੌਤ ਦਾ ਵਾਰੰਟ ਨਹੀਂ ਹੋਏਗੀ। ਸਮੇਂ ਤੋਂ ਪਹਿਲਾਂ ਬਿਮਾਰੀ 'ਤੇ ਰੋਕ (ਵੈਕਸੀਨ) ਅਤੇ ਵਿਅਕਤੀ ਵਿਸ਼ੇਸ਼ ਮੁਤਾਬਕ ਇਲਾਜ ਦੀਆਂ ਸੰਭਾਵਨਾਵਾਂ ਸਭ ਲਈ ਮੌਜੂਦ ਹੋਣਗੀਆਂ।



ਇਸੇ ਤਰ੍ਹਾਂ ਰੋਬੋਟਿਕ ਤਕਨੀਕ ਨੇ ਸਰਜਰੀ ਅਸਿਸਟੈਂਸ, ਮਕਾਨ ਉਸਾਰੀ ਅਤੇ ਖੇਤੀ ਖੇਤਰ ਵਿੱਚ ਅਣਕਿਆਸਾ ਵਿਕਾਸ ਕੀਤਾ ਹੈ। ਆਉਂਦੇ ਸਾਲਾਂ ਵਿੱਚ ਇਹ ਤਕਨੀਕ ਆਫਤ ਪ੍ਰਬੰਧਨ ਦੇ ਖੇਤਰ ਵਿੱਚ ਕਮਾਲ ਕਰ ਸਕਦੀ ਹੈ। ਇਸ ਨਾਲ ਸਮਾਜਕ ਤਬਾਹੀ ਅਤੇ ਮਨੁੱਖੀ ਬਿਮਾਰੀਆਂ ਵਿੱਚ ਰਿਕਵਰੀ ਬੇਹੱਦ ਗਤੀ ਫੜ ਸਕਦੀ ਹੈ ਅਤੇ ਬਹੁਤ ਵਿਆਪਕ ਪੱਧਰ 'ਤੇ ਲੋਕਾਂ ਲਈ ਉਪਲਬਧ ਹੋ ਸਕਦੀ ਹੈ। ਇਸੇ ਤਰ੍ਹਾਂ ਕੁਅੰਟਮ ਕੰਪਿਊਟਿੰਗ ਅਜਿਹੇ ਕ੍ਰਿਸ਼ਮੇ ਕਰ ਸਕਦੀ ਹੈ, ਜਿਨ੍ਹਾਂ ਨੂੰ ਅਸੀਂ ਚਿਤਵ ਵੀ ਨਹੀਂ ਸਕਦੇ। ਕੁਅੰਟਮ ਕੰਪਿਊਟਰ ਉਨ੍ਹਾਂ ਸਮੱਸਿਆਵਾਂ ਨੂੰ ਸਕਿੰਟਾਂ ਵਿੱਚ ਹੱਲ ਕਰ ਸਕਦੇ ਹਨ, ਜਿਨ੍ਹਾਂ ਨੂੰ ਰਵਾਇਤੀ ਕੰਪਿਊਟਰ 'ਤੇ ਹੱਲ ਕਰਦਿਆਂ ਦਹਾਕੇ ਲੱਗ ਸਕਦੇ ਹਨ। ਸਾਇੰਸ ਅਤੇ ਤਕਨੀਕ ਵਿੱਚ ਹੋ ਰਹੀਆਂ ਇਹ ਖੋਜਾਂ, ਦਵਾਈਆਂ ਦੀਆਂ ਖੋਜਾਂ, ਸੰਸਾਰ ਦੇ ਬੁਨਿਆਦੀ ਢਾਂਚੇ ਨੂੰ ਸਹੀ ਕਰਨ ਅਤੇ ਮੌਸਮੀ ਤਬਦੀਲੀਆਂ ਦੇ ਹੱਲ ਲਈ ਮਾਡਲ ਤਿਆਰ ਕਰ ਸਕਦੀਆਂ ਹਨ।

ਬਿਲਕੁਲ ਇਹੋ ਤਕਨੀਕਾਂ ਜਿਨ੍ਹਾਂ ਦੇ ਅਸੀਂ ਇਸ ਕਦਰ ਲਾਭ ਉਠਾ ਸਕਦੇ ਹਾਂ, ਸੰਸਾਰ ਦੀ ਹੋਂਦ ਨੂੰ ਗੰਭੀਰ ਖਤਰੇ ਵੀ ਖੜ੍ਹੇ ਕਰ ਸਕਦੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਪਹਿਲਾਂ ਹੀ ਅਫਵਾਹਾਂ ਅਤੇ ਗਲਤ ਸੂਚਨਾਵਾਂ ਫੈਲਾਉਣ, ਚੋਣਾਂ ਨੂੰ ਹਾਈਜੈਕ ਕਰਨ ਅਤੇ ਜੰਗੀ ਖੇਤਰ ਨੂੰ ਸਵੈਚਾਲਤ ਕਰਨ ਲਈ ਖੁੱਲ੍ਹ ਕੇ ਵਰਤੀ ਜਾ ਰਹੀ ਹੈ। ਜੰਗ ਵਿੱਚ ਵਰਤੀਆਂ ਜਾਣ ਵਾਲੀਆਂ ਡਰੋਨਾਂ ਬੇਹੱਦ ਸਸਤੀਆਂ ਉਪਲਬਧ ਹੋਣ ਲੱਗੀਆਂ ਹਨ ਅਤੇ ਇਹ ਬੇਹੱਦ ਮਾਰੂ ਹਨ। ਜਿਨੈਟਿਕ ਇੰਜੀਨੀਅਰਿੰਗ ਦੀਆਂ ਉਹੋ ਤਕਨੀਕਾਂ ਜਿਹੜੀਆਂ ਬਿਮਾਰੀਆਂ ਦਾ ਨਾਸ਼ ਕਰਨ ਦੇ ਕੰਮ ਆ ਸਕਦੀਆਂ ਹਨ, ਮਨੁੱਖੀ ਜੀਨਾਂ ਨੂੰ ਇਲਾਜ ਰਹਿਤ ਹੱਦ ਤੱਕ ਬਦਲ ਸਕਦੀਆ ਹਨ ਅਤੇ ਜੰਗਾਂ ਵਿੱਚ ਹਥਿਆਰ ਵਜੋਂ ਵਰਤੀਆਂ ਜਾ ਸਕਦੀਆਂ ਹਨ।

ਚੀਨ ਦੇ ਵੂਹਾਨ ਵਿੱਚ ਜਿਨੈਟਿਕ ਜੋੜ-ਤੋੜ ਤੋਂ ਪੈਦਾ ਹੋਈ ਕੋਵਿਡ ਮਹਾਮਾਰੀ ਇਸ ਦੀ ਖਤਰਨਾਕ ਉਦਾਹਰਣ ਹੈ ਕਿ ਇਸ ਕਿਸਮ ਦੀਆਂ ਤਕਨੀਕਾਂ ਕਿਵੇਂ ਘਿਨਾਉਣੇ ਜੰਗੀ ਹਥਿਆਰ ਬਣ ਸਕਦੀਆਂ ਹਨ। ਇਸੇ ਤਰ੍ਹਾਂ ਰੋਬੋਟ ਜਿੱਥੇ ਇੱਕ ਪਾਸੇ ਪੈਦਾਵਾਰ ਵਿੱਚ ਅਸੀਮ ਵਾਧਾ ਕਰ ਸਕਦੇ ਹਨ, ਉਥੇ ਇਹ ਮਨੁੱਖੀ ਕਾਮਿਆਂ ਨੂੰ ਵੱਡੀ ਪੱਧਰ 'ਤੇ ਵਿਹਲਿਆਂ ਕਰਨ ਦਾ ਵੀ ਸਬੱਬ ਬਣ ਸਕਦੇ ਹਨ। ਇਸ ਤੋਂ ਇਲਾਵਾ ਇਹ ਜੰਗੀ ਖੇਤਰ ਵਿੱਚ ਆਤਮ ਸੰਚਾਲਿਤ ਕਾਤਲੀ (ਕਿਲਿੰਗ) ਮਸ਼ੀਨਾਂ ਦਾ ਵੀ ਰੂਪ ਧਾਰ ਸਕਦੇ ਹਨ। ਇਸ ਸਾਰੇ ਕੁਝ ਨਾਲ ਸਮਾਜਕ ਨਾਬਰਾਬਰੀ ਹੋਰ ਵੀ ਤੇਜ਼ੀ ਨਾਲ ਵਧੇਗੀ ਅਤੇ ਸਮਾਜਕ ਕਲੇਸ਼ ਵੀ ਵਧਣਗੇ। ਕੁਅੰਟਮ ਕੰਪਿਊਟਿੰਗ ਆਪਣੇ ਆਪ ਵਿੱਚ ਉਂਝ ਹੈਰਾਨਕੁੰਨ ਮਨੁੱਖੀ ਵਿਕਾਸ ਹੈ, ਪਰ ਇਹ ਮੌਜੂਦਾ ਇਨਕਰਿਪਟਿੰਗ ਟੈਕਨੌਲੋਜੀ ਦਾ ਭੋਗ ਪਾ ਸਕਦਾ ਹੈ। ਇਸ ਨਾਲ ਮੁਲਕਾਂ ਦਾ ਮਹੱਤਵਪੂਰਨ ਆਧਾਰ ਢਾਂਚਾ ਅਤੇ ਨਿੱਜੀ ਡੈਟਾ ਅਣਕਿਆਸੇ ਖਤਰਿਆਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਸੰਦਰਭ ਵਿੱਚ ਉਪਰੋਕਤ ਤਿੰਨ ਸੁਆਲ ਨਜਿਠਣ ਵਾਲੇ ਹਨ।

ਜੇ ਨਵੀਂਆਂ ਤਕਨੀਕਾਂ ਕੁਝ ਮੁੱਠੀ ਭਰ ਲੋਕਾਂ ਨੂੰ ਲਾਭ ਪਹੁੰਚਾਉਂਦੀਆਂ ਹਨ ਅਤੇ ਬਾਕੀ ਮਨੁੱਖਤਾ ਨੂੰ ਖਤਰਿਆਂ ਵਿੱਚ ਪਾਉਂਦੀਆਂ ਹਨ ਤਾਂ ਅਸੀਂ ਉਸ ਆਦਰਸ਼ਹੀਣ ਸੰਸਾਰ (ਡਿਸਟੋਪੀਅਨ ਵਰਲਡ) ਵੱਲ ਵਧ ਰਹੇ ਹੋਵਾਂਗੇ, ਜਿੱਥੇ ਇਨ੍ਹਾਂ ਤਕਨੀਕਾਂ ਦੇ ਨੁਕਸਾਨ ਫਾਇਦਿਆਂ ਨੂੰ ਮੱਧਮ ਪਾ ਦੇਣਗੇ। ਸਾਨੂੰ ਇਹ ਫੈਸਲਾ ਬਹੁਤ ਜਲਦੀ ਕਰਨਾ ਪੈਣਾ ਹੈ ਕਿ ਨਵੀਆਂ ਤਕਨੀਕਾਂ ਦੇ ਨੁਕਸਾਨ ਵਾਲੇ ਪੱਖਾਂ ਨੂੰ ਸੀਮਤ ਕਰਦਿਆਂ ਕਿੰਝ ਇਨ੍ਹਾਂ ਦੇ ਵੱਧ ਤੋਂ ਵੱਧ ਲੋਕਾਂ ਤੱਕ ਲਾਭ ਪਹੁੰਚਾਏ ਜਾ ਸਕਦੇ ਹਨ। ਸਰਕਾਰਾਂ ਨੂੰ ਤਕਨੀਕੀ ਦੁਨੀਆਂ ਦੇ ਮਾਹਿਰਾਂ ਨਾਲ ਮਿਲ ਕੇ ਕੁਝ ਨੈਤਿਕ ਮੁੱਲ-ਵਿਧਾਨ ਨਿਰਧਾਰਤ ਕਰਨੇ ਹੋਣਗੇ ਤਾਂ ਕਿ ਇਨ੍ਹਾਂ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ। ਜਿੱਥੇ ਸਵੈਚਾਲਤ ਹਥਿਆਰਾਂ ਨੂੰ ਮੁਕੰਮਲ ਰੂਪ ਵਿੱਚ ਪਾਬੰਦੀ ਅਧੀਨ ਲਿਆਉਣਾ ਹੋਏਗਾ, ਉਥੇ ਜਿਨੈਟਿਕ ਇੰਜੀਨੀਅਰਿੰਗ ਨੂੰ ਨੈਤਿਕ ਮੁੱਲਾਂ ਦੇ ਬੰਧੇਜ ਅਧੀਨ ਲਿਆਉਣਾ ਪਏਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਰੋਬੋਟਿਕ ਤਕਨੀਕਾਂ ਵੱਲੋਂ ਪੈਦਾ ਕੀਤੀ ਜਾਣ ਵਾਲੀ ਵੱਡੀ ਚੱਕ-ਥੱਲ (ਡਿਸਰਪਸ਼ਨ) ਦਾ ਮੁਕਾਬਲਾ ਕਰਨ ਲਈ ਵਿਦਿਅਕ ਖੇਤਰ ਅਤੇ ਕਾਮਿਆਂ ਦੇ ਹੁਨਰ ਨੂੰ ਨਵੀਆਂ ਚਣੌਤੀਆਂ ਵਾਸਤੇ ਤਿਆਰ ਕਰਨ ਲਈ ਵੱਡੇ ਨਿਵੇਸ਼ ਕਰਨ ਦੀ ਲੋੜ ਖੜ੍ਹੀ ਹੋਵੇਗੀ। ਇਸ ਤਰ੍ਹਾਂ ਕਰਦਿਆਂ ਅਸੀਂ ਮਨੁੱਖੀ ਸ਼ਕਤੀ ਨੂੰ ਬੀਤੇ ਜ਼ਮਾਨੇ ਦੀਆਂ ਨੌਕਰੀਆਂ ਲਈ ਨਹੀਂ, ਸਗੋਂ ਆਉਣ ਵਾਲੇ ਸਮੇਂ ਲਈ ਤਿਆਰ ਕਰਨਾ ਹੈ।

ਇਹ ਜ਼ਰੂਰੀ ਨਹੀਂ ਕਿ ਤਕਨੌਲੋਜੀ ਸਮਾਜਕ ਅਸਮਾਨਤਾ ਹੀ ਪੈਦਾ ਕਰੇ। ਅਮੀਰ ਪੱਛਮੀ ਮੁਲਕਾਂ ਦੀ ਥਾਂ, ਵਿਓਨਿਕਸ ਬਾਇਓਸਾਇੰਸ ਨਾਲ ਮਿਲ ਕੇ ਅਸੀਂ ਇਨ੍ਹਾਂ ਤਕਨੀਕਾਂ ਨੂੰ ਭਾਰਤ ਵਿੱਚ ਲਿਆਉਣ ਦਾ ਯਤਨ ਕਰ ਰਹੇ ਹਾਂ ਤਾਂ ਕਿ ਮਨੁੱਖੀ ਬਿਮਾਰੀਆਂ ਦੇ ਕਾਰਨ ਪਛਾਣਨ ਵਾਲੀਆਂ ਤਕਨੀਕਾਂ ਸਾਡੀ ਗਰੀਬ ਤੋਂ ਗਰੀਬ ਆਬਾਦੀ ਤੱਕ ਪਹੁੰਚ ਸਕਣ। ਜਦੋਂ ਸਿਰਫ ਦੁਨੀਆਂ ਦੇ ਅਮੀਰ ਤਬਕਿਆਂ ਤੱਕ ਨਵੀਆਂ ਤਕਨੀਕਾਂ ਦੀ ਪਹੁੰਚ ਹੋਵੇਗੀ ਅਤੇ ਗਰੀਬ ਆਬਾਦੀ ਨੂੰ ਬੇਸਹਾਰਾ ਛੱਡ ਦਿੱਤਾ ਜਾਵੇਗਾ ਤਾਂ ਇੱਕ ਅਜਿਹਾ ਸਮਾਜ ਪੈਦਾ ਹੋਵੇਗਾ, ਜਿਸ ਵਿੱਚ ਕਲੇਸ਼ ਅਤੇ ਬਗਾਵਤਾਂ ਦੀ ਭਰਮਾਰ ਹੋਵੇਗੀ। ਭਵਿੱਖ ਪੱਥਰ 'ਤੇ ਲਕੀਰ ਵਾਂਗ ਨਿਸ਼ਚਤ ਨਹੀਂ ਹੈ। ਇਸ ਨੂੰ ਸਾਡੇ ਸਮੂਹਿਕ ਫੈਸਲੇ ਨਿਰਧਾਰਤ ਕਰਨਗੇ। ਕੀ ਅਸੀ ਅਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਲੋਕਾਂ ਦੇ ਭਲੇ ਲਈ ਵਰਤਣਾ ਹੈ ਜਾਂ ਉਨ੍ਹਾਂ ਨੂੰ ਦਬਾਉਣ ਲਈ? ਕੀ ਅਸੀਂ ਜ਼ਿੰਦਗੀ ਦੀ ਜਿਨੈਟਿਕ ਇੰਜੀਨੀਅਰਿੰਗ ਸੰਸਾਰ ਨੂੰ ਬੇਹਤਰ ਬਣਾਉਣ ਲਈ ਕਰਾਂਗੇ ਜਾਂ ਨੁਕਸਾਨ ਪਹੁੰਚਾਉਣ ਲਈ? ਕੀ ਰੋਬੋਟ ਅਤੇ ਕੰਪਿਊਟਰ ਲੋਕਾਂ ਦਾ ਸੋਸ਼ਣ ਕਰਨ ਲਈ ਵਰਤੇ ਜਾਣਗੇ?

ਇਹ ਉਹ ਸੁਆਲ ਹਨ, ਜਿਨ੍ਹਾਂ ਦੇ ਜਵਾਬ ਸਾਨੂੰ ਤੱਦੀ ਨਾਲ ਅਤੇ ਦੂਰ-ਦ੍ਰਿਸ਼ਟੀ ਨਾਲ ਦੇਣੇ ਪੈਣਗੇ। ਜੇ ਅਸੀਂ ਉਪਰੋਕਤ ਤਕਨੀਕਾਂ ਨਾਲ ਮਨੁੱਖੀ ਖੁਦਮੁਖਤਾਰੀ ਨੂੰ ਮਜਬੂਤ ਕਰਦੇ ਹਾਂ, ਖ਼ਤਰਿਆਂ 'ਤੇ ਕਾਬੂ ਪਾ ਲੈਂਦੇ ਹਾਂ ਅਤੇ ਸਮਾਜਕ ਬਰਾਬਰੀ ਵੱਲ ਵਧਦੇ ਹਾਂ ਤਾਂ ਲਾਜ਼ਮੀ ਹੀ ਇਨ੍ਹਾਂ ਤਕਨੀਕਾਂ ਦੀ ਅਸੀਂ ਮਨੁੱਖੀ ਭਲੇ ਲਈ ਵਰਤੋਂ ਕਰ ਰਹੇ ਹੋਵਾਂਗੇ। ਆਉਂਦਾ ਦਹਾਕਾ ਬੇਮਿਸਾਲ ਮਨੁੱਖੀ ਵਿਕਾਸ ਦਾ ਦਹਾਕਾ ਹੋਵੇਗਾ, ਜਿਸ ਵਿੱਚ ਵੱਡੀ ਪੱਧਰ 'ਤੇ ਮਨੁੱਖੀ ਬਿਮਾਰੀਆਂ 'ਤੇ ਕਾਬੂ ਪਾ ਲਿਆ ਜਾਵੇਗਾ। ਵਿਦਿਆ ਵਿਆਪਕ ਪੱਧਰ 'ਤੇ ਫੈਲੇਗੀ। ਤਕਨੌਲੋਜੀ ਸਾਨੂੰ ਦੂਰੇਡੇ ਸਿਤਾਰਿਆਂ ਅਤੇ ਆਪਣੇ ਅੰਦਰਲੀਆਂ ਅਸੀਮ ਸੰਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਮੌਕਾ ਦੇਵੇਗੀ। ਨਵਾਂ ਵਰ੍ਹਾਂ ਸਾਨੂੰ 'ਸਟਾਰ ਟਰੈਕ' ਵਰਗਾ ਮਨੁੱਖੀ ਭਵਿੱਖ ਘੜਨ ਵੱਲ ਇੱਕ ਕਦਮ ਹੋਰ ਅੱਗੇ ਲੈ ਜਾਵੇਗਾ ਜਾਂ 'ਮੈਡ ਮੈਕਸ' ਵੱਲ, ਇਹ ਭਵਿੱਖ ਦਾ ਦਿਲਚਸਪ ਮਾਨਵੀ ਵਰਤਾਰਾ ਹੋਏਗਾ।






ਮੁੱਦੇ

**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀ.ਸੀ.ਐਸ. ਅਧਿਕਾਰੀ**
**ਫੋਨ:91-9876502607**



ਕਿਸਾਨਾਂ ਦਾ ਮਸੀਹਾ: ਡਾ. ਸਵਾਮੀਨਾਥਨ

# ਖੇਤੀ ਸੁਧਾਰ ਸਿਫਾਰਸ਼ਾਂ ਅਤੇ ਜਥੇਬੰਦੀਆਂ ਦਾ ਸੰਘਰਸ਼ ਬਨਾਮ ਸਰਕਾਰਾਂ ਦੀ ਬੇਰੁਖੀ

ਪੰਜਾਬ ਇੱਕ ਖੇਤੀ ਆਧਾਰਤ ਅਤੇ ਪੇਂਡੂ ਰਹਿਣੀ-ਬਹਿਣੀ ਵਾਲਾ ਖਿੱਤਾ ਹੋਣ ਕਰਕੇ ਪੰਜਾਬੀ ਸੱਭਿਆਚਾਰ ਅਤੇ ਕਾਰ-ਵਿਹਾਰ ਵਿੱਚ ਖੇਤੀ ਨੂੰ ਉੱਤਮ, ਵਪਾਰ ਨੂੰ ਮੱਧ ਅਤੇ ਨੌਕਰੀ ਪੇਸ਼ੇ ਨੂੰ ਨਖਿੱਧ ਦਰਜਾ ਦਿੱਤਾ ਗਿਆ ਹੈ। ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਗੁਰੂਆਂ ਨੇ ਕਿਰਤ ਕਰਨ ਅਤੇ ਵੰਡ ਛਕਣ ਦਾ ਸੰਦੇਸ਼ ਦਿੱਤਾ ਹੈ। ਭਾਰਤ ਦੇ ਸੰਵਿਧਾਨ ਨੇ ਆਪਣੇ ਮੁੱਖ ਬੰਦ ਵਿੱਚ ਭਾਰਤ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ ਪ੍ਰਗਟਾਉਣ, ਵਿਸ਼ਵਾਸ, ਧਰਮ ਅਤੇ ਪੂਜਾ ਦੀ ਆਜ਼ਾਦੀ ਆਦਿ ਦੀ ਗਾਰੰਟੀ ਦਿੰਦੇ ਹੋਏ ਆਪਣੇ ਲੋਕਾਂ ਨੂੰ ਮੂਲ ਅਧਿਕਾਰ (ਸੰਵਿਧਾਨ ਭਾਗ ਤਿੰਨ), ਜਿਨ੍ਹਾਂ ਵਿੱਚ ਸਭ ਨਾਗਰਿਕਾਂ ਨੂੰ ਬੋਲਣ ਅਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ, ਸ਼ਾਂਤੀ ਪੂਰਵਕ ਅਤੇ ਬਿਨਾ ਹਥਿਆਰ ਇਕੱਠੇ ਹੋਣ ਦੀ ਆਜ਼ਾਦੀ, ਕਾਨੂੰਨਾਂ ਅੱਗੇ ਬਰਾਬਰੀ, ਜਾਨ-ਮਾਲ ਅਤੇ ਨਿੱਜੀ ਆਜ਼ਾਦੀ ਆਦਿ ਦੇ ਨਾਲ ਨਾਲ ਸਮੇਂ ਦੀ ਸਰਕਾਰਾਂ ਨੂੰ 'ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ' (ਸੰਵਿਧਾਨ ਦਾ ਭਾਗ ਚਾਰ) ਰਾਹੀਂ ਪਿੰਡ ਪੰਚਾਇਤ ਸੰਗਠਨ ਨੂੰ ਮਜਬੂਤ ਕਰਨ, ਕਾਮਿਆਂ ਲਈ ਨਿਰਬਾਹ ਮਜਦੂਰੀ; ਪੇਂਡੂ ਖੇਤਰ ਵਿੱਚ ਘਰੇਲੂ ਉਦਯੋਗਾਂ ਨੂੰ ਵਿਅਕਤੀਗਤ ਜਾਂ ਸਹਿਕਾਰੀ ਆਧਾਰ 'ਤੇ ਤਰਕੀ ਦੇਣ ਲਈ ਸਹਿਕਾਰੀ ਸਭਾਵਾਂ ਨੂੰ ਉਤਸ਼ਾਹਤ ਕਰਨ; ਵਾਤਾਵਰਨ ਦੀ ਹਿਫਾਜ਼ਤ ਕਰਨ ਤੇ ਬਿਹਤਰ ਬਣਾਉਣ ਦੇ ਨਾਲ ਨਾਲ ਵਣ ਅਤੇ ਵਣ ਜੀਵਨ ਦੀ ਸੁਰਖਿਆ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਇਸਦੇ ਨਾਲ ਹੀ ਸੰਵਿਧਾਨ ਨੇ ਭਾਰਤ ਦੇ ਹਰੇਕ ਨਾਗਰਿਕ ਲਈ ਮੁਢਲੇ ਕਰਤੱਵਾਂ (ਸੰਵਿਧਾਨ ਦਾ ਭਾਗ ਚਾਰ 'ੳ') ਦੀ ਪਾਲਣਾ ਭਾਵ ਸੰਵਿਧਾਨ ਪਾਲਣਾ ਕਰਨ ਅਤੇ ਉਸਦੇ ਆਦਰਸ਼ ਸੰਸਥਾਵਾਂ ਕੌਮੀ ਝੰਡਾ ਤੇ ਕੌਮੀ ਗੀਤ ਦਾ ਆਦਰ ਕਰਨ; ਭਾਰਤ ਦੀ ਪ੍ਰਭੂਤਾ, ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਨ; ਭਾਰਤ ਦੇ ਸਭ ਲੋਕਾਂ ਵਿਚਕਾਰ ਇਕਸੁਰਤਾ ਤੇ ਸਾਧਾਰਨ ਭਾਈਚਾਰੇ ਦੀ ਭਾਵਨਾ ਨੂੰ ਉਤਸ਼ਾਹਤ ਕਰਨ; ਕੁਦਰਤੀ ਵਾਤਾਵਰਣ- ਜੰਗਲ, ਝੀਲਾਂ, ਦਰਿਆਵਾਂ ਅਤੇ ਵਣ ਜੀਵਾਂ ਦੀ ਰੱਖਿਆ, ਬਿਹਤਰੀ ਤੇ ਸੰਭਾਲ ਕਰਨ; ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਵਾਦੀ ਅਤੇ ਜਾਂਚ ਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਕਰਨ; ਸਰਕਾਰੀ ਸੰਪਤੀ ਨੂੰ ਸੁਰਖਿਅਤ ਰੱਖਣ ਅਤੇ ਹਿੰਸਾ ਤੋਂ ਗੁਰੇਜ ਕਰਨ; ਮਾਪਿਆਂ ਤੇ ਛੋਟੇ ਬੱਚਿਆਂ ਦੀ ਸੰਭਾਲ ਕਰਨ ਆਦਿ ਦੀ ਜ਼ਿੰਮੇਵਾਰੀਆਂ ਨਿਭਾਉਣ ਦੀ ਵਿਵਸਥਾ ਕੀਤੀ ਹੈ। 'ਹੱਥੀਂ ਕਿਰਤ ਕਰਨਾ' ਅਤੇ 'ਵੰਡ ਛਕਣਾ' ਜ਼ਿੰਦਗੀ ਦਾ ਮੂਲ ਸਿਧਾਂਤ ਹੈ, ਜਿਸ 'ਤੇ ਚਲਦਿਆਂ 'ਚੜ੍ਹਦੀ ਕਲਾ ਵਿੱਚ ਰਹਿਣ' ਅਤੇ 'ਸਰਬਤ ਦਾ ਭਲਾ' ਮੰਗਣ/ਕਰਨ ਨੂੰ ਇੱਕ ਜੀਵਨ-ਸ਼ੈਲੀ ਵਜੋਂ ਅਪਨਾਉਣਾ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਅਤੇ ਭਾਰਤ ਦਾ ਸੰਵਿਧਾਨ ਭਾਰਤ ਦੇ ਲੋਕਾਂ ਲਈ ਉੱਤਮ ਮਾਰਗ-ਦਰਸ਼ਕ ਹਨ।

ਖੇਤੀਬਾੜੀ ਰਵਾਇਤੀ ਤੌਰ 'ਤੇ ਭਾਰਤ ਦਾ ਸਭ ਤੋਂ ਮਹੱਤਵਪੂਰਨ ਆਰਥਿਕ ਖੇਤਰ ਰਿਹਾ ਹੈ। ਇਹ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਾ ਲਗਭਗ ਇੱਕ ਤਿਹਾਈ ਹਿੱਸਾ ਪ੍ਰਦਾਨ ਕਰਦਾ ਹੈ ਅਤੇ ਭਾਰਤ ਦੀ ਲਗਪਗ ਦੋ ਤਿਹਾਈ ਆਬਾਦੀ ਨੂੰ ਰੁਜ਼ਗਾਰ ਦਿੰਦਾ ਹੈ। ਭਾਰਤ ਵਿੱਚ ਖੇਤੀਬਾੜੀ ਅਤੇ ਖੁਰਾਕ ਸੁਰੱਖਿਆ ਦੀ ਬਿਹਤਰੀ ਲਈ ਅਨੇਕ ਵਿਸ਼ਵ ਪ੍ਰਸਿੱਧੀ ਵਾਲੇ ਅਰਥ ਸ਼ਾਸਤਰੀਆਂ, ਖੇਤੀ ਵਿਗਿਆਨੀਆਂ ਅਤੇ ਖੋਜਕਾਰਾਂ ਨੇ ਆਪਣੀਆਂ ਵਿਲੱਖਣ ਖੋਜਾਂ ਤੇ ਪ੍ਰੋਜੈਕਟਾਂ ਰਾਹੀਂ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਨ੍ਹਾਂ ਮਸ਼ਹੂਰ ਵਿਗਿਆਨੀਆਂ ਅਤੇ ਖੋਜਕਾਰਾਂ ਵਿੱਚੋਂ ਡਾ. ਮਾਨਕੰਬੂ ਸੰਬਾਸੀਵਨ ਸਵਾਮੀਨਾਥਨ (17 ਅਗਸਤ 1925 - 23 ਸਤੰਬਰ 2023) ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਉਨ੍ਹਾਂ ਨੇ ਭੋਜਨ ਅਤੇ ਖੇਤੀ ਮੁੱਦਿਆਂ ਉਤੇ ਵਿਸ਼ਵਵਿਆਪੀ ਮਸ਼ਹੂਰੀ ਵਾਲੀਆਂ ਖੋਜਾਂ ਕੀਤੀਆਂ ਹਨ, ਜਿਨ੍ਹਾਂ ਦੀ ਬਦੌਲਤ ਉਨ੍ਹਾਂ ਨੂੰ 1960 ਦੇ ਦਹਾਕੇ ਦੌਰਾਨ ਭਾਰਤ ਵਿੱਚ ਉੱਚ ਉਜ ਵਾਲੀਆਂ ਕਣਕ ਤੇ ਚੌਲਾਂ ਦੀਆਂ ਕਿਸਮਾਂ ਨੂੰ ਵਿਕਸਤ ਕਰਨ ਅਤੇ ਇਸਦੀ ਅਗਵਾਈ ਕਰਨ ਲਈ ਪਹਿਲਾ ਵਿਸ਼ਵ ਖੁਰਾਕ ਪੁਰਸਕਾਰ ਜੇਤੂ ਐਲਾਨਿਆ ਗਿਆ ਹੈ।



ਡਾ. ਮਾਨਕੰਬੂ ਸੰਬਾਸੀਵਨ ਸਵਾਮੀਨਾਥਨ

ਆਪਣੀਆਂ ਵਡਮੁੱਲੀਆਂ ਖੋਜਾਂ ਤੇ ਪ੍ਰੋਜੈਕਟਾਂ ਕਾਰਨ ਡਾ. ਸਵਾਮੀਨਾਥਨ ਕਿਸਾਨਾਂ ਦੇ ਮਸੀਹਾ ਅਤੇ ਭਾਰਤ ਸਰਕਾਰ ਦੇ ਖੇਤੀਬਾੜੀ ਮਾਰਗ ਦਰਸ਼ਕ ਵਜੋਂ ਜਾਣੇ ਜਾਂਦੇ ਹਨ। ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਵਲੋਂ ਡਾ. ਸਵਾਮੀਨਾਥਨ ਦੀ ਅਗਵਾਈ ਵਿੱਚ ਸਥਾਪਤ ਕੀਤੇ ਗਏ 'ਨੈਸ਼ਨਲ ਕਮਿਸ਼ਨ ਆਨ ਫਾਰਮਰਜ਼' ਨੇ ਦਸੰਬਰ 2004 ਤੋਂ ਅਕਤੂਬਰ 2006 ਤੱਕ ਆਪਣੀਆਂ 5 ਰਿਪੋਰਟਾਂ ਭਾਰਤ ਸਰਕਾਰ ਨੂੰ ਪੇਸ਼ ਕੀਤੀਆਂ। ਪਹਿਲੀਆਂ ਚਾਰ ਤੋਂ ਬਾਅਦ ਅੰਤਿਮ ਰਿਪੋਰਟ ਕਿਸਾਨਾਂ ਦੀਆਂ ਪ੍ਰੇਸ਼ਾਨੀਆਂ ਦੇ ਕਾਰਨਾਂ ਅਤੇ ਕਿਸਾਨ ਖੁਦਕੁਸ਼ੀਆਂ ਵਿੱਚ ਹੋ ਰਹੇ ਵਾਧੇ 'ਤੇ ਕੇਂਦਰਿਤ ਹੈ; ਤੇ ਹੱਲ ਕਰਨ ਦੀ ਸਿਫ਼ਾਰਸ਼ ਵੀ ਕਰਦੀ ਹੈ।

ਰਿਪੋਰਟਾਂ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਨੂੰ ਭਾਰਤ ਦੇ ਸੰਵਿਧਾਨ ਦੀ ਰਾਜਸੂਚੀ ਵਿੱਚੋਂ ਕੱਢ ਕੇ ਸਮਕਾਲੀ ਸੂਚੀ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ। ਜ਼ਮੀਨੀ ਸੁਧਾਰਾਂ ਦੇ ਨਾਲ ਸਬੰਧਤ ਮਸਲਿਆਂ ਵਿੱਚ ਫਸਲਾਂ ਅਤੇ ਪਸ਼ੂਆਂ- ਦੋਹਾਂ ਲਈ ਸੁਧਾਰ ਜ਼ਰੂਰੀ ਹਨ। ਸਿਫਾਰਸ਼ਾਂ ਅਨੁਸਾਰ ਸੀਲਿੰਗ ਸਰਪਲੱਸ ਅਤੇ ਬੇਕਾਰ ਜ਼ਮੀਨਾਂ ਦੀ ਵੰਡ, ਗੈਰ-ਖੇਤੀ ਮੰਤਵਾਂ ਲਈ ਪ੍ਰਮੁੱਖ ਖੇਤੀ ਭੂਮੀ ਅਤੇ ਜੰਗਲਾਂ ਨੂੰ ਕਾਰਪੋਰੇਟ ਸੈਕਟਰ ਵੱਲ ਮੋੜਨ ਤੋਂ ਰੋਕਣਾ, ਆਦਿਵਾਸੀਆਂ ਅਤੇ ਪਸ਼ੂ ਪਾਲਕਾਂ ਲਈ ਚਰਾਂਦਾ ਦੇ ਅਧਿਕਾਰ, ਜੰਗਲਾਂ ਵਿੱਚ ਮੌਸਮੀ ਪਹੁੰਚ ਅਤੇ ਸਾਂਝੀ ਜਾਇਦਾਦ ਦੇ ਸਰੋਤ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ, ਖੇਤੀਬਾੜੀ ਜ਼ਮੀਨ ਦੀ ਵਿਕਰੀ ਨੂੰ ਨਿਯਮਤ ਕਰਨ ਲਈ ਇੱਕ ਵਿਧੀ ਸਥਾਪਤ ਕਰਨੀ। ਰਿਪੋਰਟਾਂ ਵਿੱਚ ਕੀਤੀਆਂ ਸਿਫਾਰਸ਼ਾਂ ਅਨੁਸਾਰ ਰੇਨ ਵਾਟਰ ਹਾਰਵੈਸਟਿੰਗ ਰਾਹੀਂ ਪਾਣੀ ਦੀ ਸਪਲਾਈ ਵਧਾਉਣੀ ਅਤੇ ਐਕੁਆਇਰ ਨੂੰ ਰੀਚਾਰਜ ਕਰਨਾ ਲਾਜ਼ਮੀ ਬਣਾਉਣਾ ਹੈ। ਇਸਦੇ ਨਾਲ ਹੀ ਖੇਤੀਬਾੜੀ ਦੇ ਉਤਪਾਦਕਤਾ ਲਈ ਹੋਲਡਿੰਗ ਦੇ ਆਕਾਰ ਤੋਂ ਇਲਾਵਾ ਉਤਪਾਦਕਤਾ ਦਾ ਪੱਧਰ ਮੁੱਖ ਤੌਰ 'ਤੇ ਕਿਸਾਨਾਂ ਦੀ ਆਮਦਨ ਨੂੰ ਨਿਰਧਾਰਤ ਕਰਦੇ ਹਨ। ਭਾਰਤੀ ਖੇਤੀ ਦੀ ਪ੍ਰਤੀ ਯੂਨਿਟ ਖੇਤ ਉਤਪਾਦਕਤਾ ਦੂਜੇ ਪ੍ਰਮੁੱਖ ਫਸਲ ਉਤਪਾਦਕ ਦੇਸ਼ਾਂ ਨਾਲੋਂ ਘੱਟ ਹੈ।


ਰਿਪੋਰਟਾਂ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਨਾਲ ਸਬੰਧਤ ਬੁਨਿਆਦੀ ਢਾਂਚੇ ਵਿੱਚ ਖਾਸ ਤੌਰ 'ਤੇ ਸਿੰਚਾਈ, ਡਰੇਨੇਜ਼, ਭੂਮੀ ਵਿਕਾਸ, ਪਾਣੀ ਦੀ ਸੰਭਾਲ, ਖੋਜ ਵਿਕਾਸ ਅਤੇ ਸੜਕ ਸੰਪਰਕ ਵਿੱਚ ਜਨਤਕ ਨਿਵੇਸ਼ ਵਿੱਚ ਮਹੱਤਵਪੂਰਨ ਵਾਧੇ ਦੀ ਜ਼ਰੂਰਤ ਹੈ। ਸੂਖਮ ਪੌਸ਼ਟਿਕ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਲਈ ਸਹੂਲਤਾਂ ਦੇ ਨਾਲ ਨਾਲ ਉਨਤ ਮਿੱਟੀ ਪਰਖ ਪ੍ਰੋਗਸ਼ਾਲਾਵਾਂ ਦੀ ਇੱਕ ਰਾਸ਼ਟਰੀ ਨੈਟਵਰਕ ਬਣਾਉਣ ਦੀ ਲੋੜ ਹੈ। ਇਸਦੇ ਨਾਲ ਹੀ ਕਿਸਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਜ਼ਰੂਰੀ ਹੈ ਕਿ ਗੈਰ-ਖੇਤੀ ਰੁਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ, ਜਿਵੇਂ- ਵਪਾਰ, ਰੈਸਟੋਰੈਂਟ, ਹੋਟਲ, ਆਵਾਜਾਈ, ਉਸਾਰੀ, ਮੁਰੰਮਤ ਅਤੇ ਹੋਰ ਸੇਵਾ ਖੇਤਰ। ਇਸਦੇ ਨਾਲ ਹੀ ਛੋਟੀ ਜ਼ਮੀਨ ਵਾਲੇ ਕਿਸਾਨਾਂ ਦੀ ਖੇਤੀ ਪ੍ਰਤੀਯੋਗਤਾ ਨੂੰ ਵਧਾਉਣਾ ਲਾਜ਼ਮੀ ਹੈ। ਮੰਡੀਕਰਨ ਯੋਗ ਸਰਪਲੱਸ ਨੂੰ ਵਧਾਉਣ ਲਈ ਉਤਪਾਦਕਤਾ ਸੁਧਾਰ ਨੂੰ ਯਕੀਨੀ ਅਤੇ ਲਾਭਕਾਰੀ ਮਾਰਕਿਟ ਮੌਕਿਆਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਲਾਗੂ ਕਰਨ ਲਈ ਸਮਰਥਨ ਮੁੱਲ ਉਤਪਾਦਨ ਦੀ ਔਸਤ ਲਾਗਤ ਤੋਂ ਘੱਟੋ ਘੱਟ 50% ਤੋਂ ਵੱਧ ਹੋਣਾ ਚਾਹੀਦਾ ਹੈ। ਖਾਸ ਤੌਰ 'ਤੇ ਉਸ ਸਮੇਂ ਜਦੋਂ ਭਾਰਤ ਦੇ ਅਨਾਜ ਉਤਪਾਦਨ ਵਿੱਚ ਵੱਡੇ ਪੱਧਰ 'ਤੇ ਸਵੈ-ਨਿਰਭਰ ਹੋਣ ਅਤੇ ਕਿਸਾਨ ਭਲਾਈ ਸਕੀਮਾਂ ਹੋਣ ਦੇ ਬਾਵਜੂਦ ਭੁੱਖ ਤੇ ਪੋਸ਼ਣ ਦੇ ਗੰਭੀਰ ਮੁੱਦੇ ਬਣੇ ਹੋਏ ਹਨ।

ਭਾਰਤ ਖੁਰਾਕ ਸਰੁੱਖਿਆ ਮਾਪਦੰਡਾਂ ਵਿੱਚ ਦੁਨੀਆਂ ਦੇ ਸਭ ਤੋ ਭੈੜੇ ਦੇਸ਼ਾਂ ਵਿੱਚੋਂ ਇੱਕ ਹੈ। ਸਾਲ 2021 ਵਿੱਚ ਜਾਰੀ ਗਲੋਬਲ ਹੰਗਰ ਇੰਡੈਕਸ ਵਿੱਚ 116 ਦੇਸ਼ਾਂ ਵਿੱਚੋਂ ਭਾਰਤ 101ਵੇਂ ਸਥਾਨ 'ਤੇ ਹੈ। ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਬਾਰੇ ਕਮੇਟੀ ਦੀ ਸਾਲ 2017 ਦੀ ਰਿਪੋਰਟ ਅਨੁਸਾਰ 22.5% ਕਿਸਾਨ ਅਜੇ ਵੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ।

ਡਾ. ਸਵਾਮੀਨਾਥਨ ਦੀਆਂ ਖੇਤੀਬਾੜੀ ਸਬੰਧੀ ਕੀਤੀਆਂ ਗਈਆਂ ਦੁਰਲੱਭ ਤੇ ਵਿਲੱਖਣ ਖੋਜਾਂ ਅਤੇ ਉਪਲਬਧੀਆਂ ਕਾਰਨ ਹਰੀ ਕ੍ਰਾਂਤੀ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਇਸ ਮਹਾਨ ਵਿਗਿਆਨੀ ਨੂੰ ਸਾਲ 2024 ਵਿੱਚ ਭਾਰਤ ਦੇ ਰਾਸ਼ਟਰਪਤੀ ਵੱਲੋਂ ਭਾਰਤ ਦੇ ਸਰਵਉਚਮ ਸਨਮਾਨ 'ਭਾਰਤ ਰਤਨ ਪੁਰਸਕਾਰ' ਵਿਜੇਤਾ ਹੋਣ ਦਾ ਸਨਮਾਨ ਦਿੱਤਾ ਗਿਆ। ਭਾਰਤ ਦੇ ਕਿਸਾਨਾਂ ਲਈ ਉਹ ਮਸੀਹਾ ਹੈ, ਜਿਸ ਦੀਆਂ ਖੋਜਾਂ, ਰਿਪੋਰਟਾਂ ਅਤੇ ਸਿਫਾਰਸਾਂ ਸਰਕਾਰਾਂ ਤੇ ਲੋਕਾਂ ਨੂੰ ਸਦਾ ਹੀ ਸੇਧ ਦਿੰਦੀਆਂ ਰਹਿਣਗੀਆਂ। ਨੈਸ਼ਨਲ ਕਮਿਸ਼ਨ ਆਫ ਫਾਰਮਰਜ਼ ਦੇ ਮੁਖੀ ਵਜੋਂ ਡਾ. ਸਵਾਮੀਨਾਥਨ ਵੱਲੋਂ ਆਪਣੀਆਂ ਪੰਜ ਰਿਪੋਰਟਾਂ ਵਿੱਚ ਖੇਤੀ ਸੁਧਾਰ ਅਤੇ ਕਿਸਾਨ ਸੁਧਾਰਾਂ ਲਈ ਕੀਤੀਆਂ ਗਈਆਂ ਸਿਫਾਰਸ਼ਾਂ ਉਤੇ ਸਮੇਂ ਦੀਆਂ ਸਰਕਾਰਾਂ ਅਮਲ ਕਰਨ ਤੋਂ ਕੰਨੀ ਕਤਰਾ ਰਹੀਆਂ ਹਨ, ਜਦਕਿ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਕਿਸਾਨ ਤੇ ਉਨ੍ਹਾਂ ਦੀਆਂ ਕਿਸਾਨ ਮਜਦੂਰ ਜਥੇਬੰਦੀਆਂ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕਰ ਰਹੀਆਂ ਹਨ।

# ਸਾਂਝੇ ਘੋਲ ਦਾ ਮਹੱਤਵ

ਹਰ ਸਾਲ ਅਕਤੂਬਰ-ਨਵੰਬਰ ਮਹੀਨੇ ਦਿੱਲੀ ਦੇ ਵਿਗੜ ਰਹੇ ਪ੍ਰਦੂਸ਼ਣ ਲਈ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸੁਪਰੀਮ ਕੋਰਟ ਤੋਂ ਲੈ ਕੇ ਮੁੱਖ ਧਾਰਾ ਮੀਡੀਆ ਤੱਕ ਸਾਰਾ ਤਾਮ-ਝਾਮ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਸ਼ੁਰੂ ਕਰ ਦਿੰਦਾ ਹੈ ਕਿ ਪੰਜਾਬ ਤੇ ਹਰਿਆਣਾ ਵਿੱਚ ਝੋਨੇ ਦੀ ਪਰਾਲੀ ਸਾੜਨ ਨਾਲ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਖਰਾਬ ਹੋਈ ਹੈ। ਪੇਸ਼ੀ-ਦਰ-ਪੇਸ਼ੀ ਦਾ ਅਮਲ ਸ਼ੁਰੂ ਹੋ ਜਾਂਦਾ ਹੈ। ਪੰਜਾਬ ਸਰਕਾਰ ਦੇ ਸਾਰੇ ਅੰਗ ਹਰਕਤ ਵਿੱਚ ਆ ਜਾਂਦੇ ਹਨ। ਸਾਲ 2024 ਦੌਰਾਨ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਕਿ ਪੰਜਾਬ ਅੰਦਰ ਪਾਰਲੀ ਨੂੰ ਅੱਗ ਲੱਗਣ ਦੀਆਂ 10909 ਘਟਨਾਵਾਂ ਹੋਈਆਂ ਅਤੇ ਕਿਸਾਨਾਂ ਨੂੰ 2 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ। ਅਜਿਹਾ ਸਾਰਾ ਕੁਝ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਦੀਆਂ ਸਿਫਾਰਸ਼ਾਂ ਨੂੰ ਅੱਖੋਂ ਪਰੋਖੇ ਕਰ ਕੇ ਕੀਤਾ ਜਾ ਰਿਹਾ ਹੈ, ਜਿਸ ਨੇ ਸਿਫਾਰਸ਼ ਕੀਤੀ ਸੀ ਕਿ ਢਾਈ ਏਕੜ ਤੱਕ ਜ਼ਮੀਨ ਵਾਲੇ ਛੋਟੇ ਕਿਸਾਨਾਂ ਨੂੰ ਹੈਪੀ/ਸੁਪਰ ਸੀਡਰ ਆਦਿ ਮੁਫ਼ਤ ਮਸ਼ੀਨਰੀ, 5 ਏਕੜ ਤੱਕ ਜ਼ਮੀਨ ਵਾਲੇ ਕਿਸਾਨਾਂ ਨੂੰ 50% ਸਬਸਿਡੀ ਉੱਪਰ ਮਸ਼ੀਨਰੀ ਮੁਹੱਈਆ ਕਰਵਾਈ ਜਾਵੇ। ਇਹ ਸਿਫਾਰਸ਼ਾਂ ਆਟੇ ਵਿੱਚ ਲੂਣ ਦੇ ਬਰਾਬਰ ਹੀ ਲਾਗੂ ਕੀਤੀਆਂ। ਇਹ ਸਬਸਿਡੀ ਖੇਤੀਬਾੜੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੈਪੀ/ਸੁਪਰ ਸੀਡਰ ਬਣਾਉਣ ਵਾਲੀਆਂ ਫਰਮਾਂ ਦੇ ਢਿੱਡਾਂ ਵਿੱਚ ਜਾ ਪਈ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਇਹ ਵੀ ਸਿਫਾਰਸ਼ਾਂ ਹਨ ਕਿ ਪਰਾਲੀ ਦੀ ਖਪਤ ਲਈ ਪ੍ਰਬੰਧ ਜ਼ਿਲ੍ਹਾ ਪ੍ਰਸ਼ਾਸਨ ਨੇ ਕਰਨੇ ਹਨ। ਸਿਫਾਰਸ਼ਾਂ ਲਾਗੂ ਤਾਂ ਕੀ ਕਰਨੀਆਂ ਸਨ, ਉਲਟਾ ਕੇਂਦਰ ਸਰਕਾਰ ਨੇ ਜੁਰਮਾਨਾ ਵਸੂਲੀ ਢਾਈ ਏਕੜ ਦੀ ਮਾਲਕੀ ਵਾਲੇ ਕਿਸਾਨ ਲਈ 10000 ਰੁਪਏ, ਪੰਜ ਏਕੜ ਵਾਲੇ ਕਿਸਾਨ ਲਈ 20000 ਰੁਪਏ ਅਤੇ 5 ਏਕੜ ਤੋਂ ਵੱਧ ਮਾਲਕੀ ਵਾਲੇ ਕਿਸਾਨ ਲਈ 30000 ਰੁਪਏ ਮਿਥ ਕੇ ਨਵਾਂ ਬੋਝ ਪਾ ਦਿੱਤਾ। ਇਸ ਤਰ੍ਹਾਂ ਹਕੂਮਤ ਨੇ ਕਿਸਾਨਾਂ ਪ੍ਰਤੀ ਜਾਬਰ ਰੁਖ਼ ਅਖਤਿਆਰ ਕੀਤਾ ਹੈ। ਕਿਸਾਨ ਜਥੇਬੰਦੀਆਂ ਦੀ ਪਰਾਲੀ ਨੂੰ ਖੇਤ ਵਿੱਚ ਗਾਲਣ ਲਈ ਵਾਧੂ ਖਰਚੇ ਵਜੋਂ 5 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਹੱਕੀ ਮੰਗ ਉੱਪਰ ਸੁਪਰੀਮ ਕੋਰਟ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਢੀਠਤਾਈ ਧਾਰੀ ਹੋਈ ਹੈ।



ਫਾਈਲ ਫੋਟੋ: ਆਪਣੀਆਂ ਮੰਗਾਂ ਦੇ ਸਮਰਥਨ ਵਿੱਚ ਇਕੱਤਰਤ ਹੋਏ ਕਿਸਾਨ

ਨੈਸ਼ਨਲ ਗਰੀਨ ਟ੍ਰਿਬਿਊਨਲ, ਸੁਪਰੀਮ ਕੋਰਟ, ਸਰਕਾਰਾਂ ਅਤੇ ਅਫਸਰਸ਼ਾਹੀ ਖੇਤੀ ਜਿਹੇ ਪੇਂਡੂ ਸੱਭਿਅਤਾ ਦੀ ਰੀੜ੍ਹ ਦੀ ਹੱਡੀ ਦੇ ਸਮਾਜਿਕ ਤੇ ਆਰਥਿਕ ਪੱਖ ਨੂੰ ਹਮੇਸ਼ਾ ਅਣਗੌਲਿਆ ਕਰ ਦਿੰਦੇ ਹਨ। ਅੱਜ ਵੀ ਪਿੰਡਾਂ ਵਿੱਚ 67% ਤੋਂ ਵਧੇਰੇ ਵਸੋਂ ਰਹਿ ਰਹੀ ਹੈ। ਪੈਦਾਵਾਰ ਦੇ ਤਿੰਨ ਖੇਤਰ ਖੇਤੀਬਾੜੀ, ਸਨਅਤ ਅਤੇ ਸੇਵਾਵਾਂ ਹਨ। ਖੇਤੀਬਾੜੀ 13.7% ਨਾਲ ਕੁੱਲ ਪੈਦਾਵਾਰ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ। 55% ਵਸੋਂ ਅਜੇ ਵੀ ਖੇਤੀਬਾੜੀ ਉੱਪਰ ਨਿਰਭਰ ਹੈ। 2019-20 ਦੇ ਕੋਵਿਡ ਕਾਲ ਦੇ ਸਮੇਂ ਦੌਰਾਨ ਸਿਰਫ਼ ਖੇਤੀ ਖੇਤਰ ਹੀ 3.4% ਵਾਧੇ ਦੀ ਦਰ ਨਾਲ ਭਾਰਤੀ ਅਰਥਚਾਰੇ ਨੂੰ ਬਚਾ ਸਕਿਆ ਸੀ; ਸਨਅਤ ਅਤੇ ਸੇਵਾਵਾਂ ਦਾ ਖੇਤਰ 7.2% ਦੀ ਦਰ ਨਾਲ ਲੁੜਕ ਗਿਆ ਸੀ। ਕੇਂਦਰੀ ਬਜਟ ਵਿੱਚ 2022-23 ਦੇ 3.8% ਹਿੱਸੇ ਦੀ ਥਾਂ 2024-25 ਦੇ ਬਜਟ ਵਿੱਚ 2.7% ਤੱਕ ਸੀਮਤ ਕਰ ਦਿੱਤਾ ਹੈ। 75% ਪੇਂਡੂ ਅਤੇ 50% ਸ਼ਹਿਰੀ ਵਸੋਂ (81 ਕਰੋੜ) ਪੰਜ ਕਿਲੋ ਪ੍ਰਤੀ ਜੀਅ, ਪ੍ਰਤੀ ਮਹੀਨਾ ਸਸਤੇ ਅਨਾਜ 'ਤੇ ਨਿਰਭਰ ਹੈ। ਅਪਰੈਲ 2024 ਵਿੱਚ ਮੰਡੀਆਂ ਵਿੱਚੋਂ 2320 ਰੁਪਏ ਪ੍ਰਤੀ ਕੁਇੰਟਲ ਕਿਸਾਨ ਕੋਲੋਂ ਖਰੀਦੀ ਕਣਕ ਦੇ ਆਟੇ ਦਾ ਭਾਅ 4 ਹਜ਼ਾਰ ਨੂੰ ਪਾਰ ਕਰ ਗਿਆ ਹੈ।

ਇਹ ਵੀ ਉਸ ਸੂਰਤ ਵਿੱਚ ਹੈ, ਜਦੋਂ ਜ਼ਰੂਰੀ ਵਸਤਾਂ ਐਕਟ-1955 ਲਾਗੂ ਹੈ, ਜੋ 'ਜ਼ਰੂਰੀ' ਵਸਤੂਆਂ ਦੀ ਸਪਲਾਈ, ਵੰਡ ਅਤੇ ਉਤਪਾਦਨ ਕੰਟਰੋਲ ਕਰਦਾ ਹੈ। ਸਰਕਾਰ ਇਸ ਕਾਨੂੰਨ ਤਹਿਤ ਇਨ੍ਹਾਂ ਵਸਤਾਂ ਨੂੰ ਵਾਜਿਬ ਕੀਮਤਾਂ 'ਤੇ ਵਰਤੋਂ ਲਈ ਉਪਲਬਧ ਕਰਵਾ ਸਕਦੀ ਹੈ। 2020 ਵਿੱਚ ਇਸ ਦਾ ਵੀ ਖੇਤੀ ਵਿਰੋਧੀ ਤਿੰਨ ਕਾਨੂੰਨਾਂ ਰਾਹੀਂ ਕੀਰਤਨ ਸੋਹਲਾ ਪੜ੍ਹ ਦਿੱਤਾ ਗਿਆ ਸੀ। ਕੌਮੀ ਖੇਤੀ ਮੰਡੀਕਰਨ ਨੀਤੀ ਖਰੜਾ ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਭੇਜ ਕੇ ਸਰਕਾਰੀ ਮੰਡੀਕਰਨ ਦਾ ਭੋਗ ਪਾ ਕੇ ਪ੍ਰਾਈਵੇਟ ਮੰਡੀਆਂ, ਸਾਇਲੋ ਉਸਾਰਨ, ਠੇਕਾ ਖੇਤੀ ਲਾਗੂ ਕਰਨ ਦੀ ਨੀਤੀ ਲੈ ਆਂਦੀ ਹੈ। ਇਸ ਤਰ੍ਹਾਂ ਮੁੜ ਪਿਛਲੇ ਦਰਵਾਜ਼ਿਉਂ ਇਸ ਨਵੇਂ ਖਰੜੇ ਨੂੰ ਪਾਸ ਕਰਵਾ ਕੇ ਪ੍ਰਾਈਵੇਟ ਕਾਰਪੋਰੇਟ ਘਰਾਣੇ ਖਰੀਦ ਉੱਪਰ ਅਜਾਰੇਦਾਰੀ ਕਰ ਕੇ ਜ਼ਖੀਰੇਬਾਜ਼ੀ ਰਾਹੀਂ ਹੋਰ ਵੀ ਅੰਨ੍ਹੀ ਲੁੱਟ ਕਰਨ ਲਈ ਰਾਹ ਪੱਧਰਾ ਕਰ ਲੈਣਗੇ। ਕਿਸਾਨ ਸੰਘਰਸ਼ ਦੇ ਚੱਲਦਿਆਂ ਹੀ ਮੋਦੀ ਹਕੂਮਤ ਕੌਮੀ ਮੰਡੀਕਰਨ ਨੀਤੀ ਖਰੜਾ ਲੈ ਆਈ ਹੈ। ਹਕੂਮਤ ਦੇ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਭੁਗਤਦੇ ਮਨਸੂਬਿਆਂ ਨੂੰ ਸਮਝਣ ਅਤੇ ਇਸ ਹੱਲੇ ਨੂੰ ਪਛਾੜਨ ਲਈ ਇੱਕ ਵਾਰ ਫਿਰ ਇੱਕਜੁੱਟ ਸਾਂਝੇ ਵਿਸ਼ਾਲ ਕਿਸਾਨ ਸੰਘਰਸ਼ ਦੀ ਸੁਣਾਉਣੀ ਕਰਨ ਦੀ ਲੋੜ ਹੈ।

*-ਨਰਾਇਣ ਦੱਤ*

# ਕੁਦਰਤੀ ਗੁਰਦੇ ਜਲਗਾਹਾਂ



***ਜੀਵਾਂ ਦੇ ਸਾਂਝੇ ਭਵਿੱਖ ਲਈ ਜਲਗਾਹਾਂ ਨੂੰ ਬਚਾਉਣਾ ਜ਼ਰੂਰੀ***

*ਸੰਸਾਰ ਦੀ ਸਭ ਤੋਂ ਵੱਡੀ ਜਲਗਾਹ ਦਾ ਨਾਂ 'ਪੈਂਟਾਨਲ' ਜਲਗਾਹ ਹੈ, ਜਿਸਦਾ ਖੇਤਰਫਲ ਦੋ ਲੱਖ ਵਰਗ ਕਿਲੋਮੀਟਰ ਦੇ ਕਰੀਬ ਹੈ, ਜੋ ਕਿ ਤਿੰਨ ਦੇਸ਼ਾਂ ਬ੍ਰਾਜ਼ੀਲ, ਪੈਰਾਗੁਆਏ ਅਤੇ ਬੋਲੀਵੀਆ ਵਿੱਚ ਸਾਂਝੇ ਤੌਰ 'ਤੇ ਮੌਜੂਦ ਹੈ; ਤੇ ਇਹ ਇਨ੍ਹਾਂ ਦੇਸ਼ਾਂ ਤੋਂ ਨਿਕਲਦੇ ਗੰਧਲੇ ਪਾਣੀ ਨੂੰ ਸਾਫ਼ ਕਰਨ ਦਾ ਕੰਮ ਕਰਦੀ ਹੈ।*

## ਜਾਣਕਾਰੀ

**ਅਸ਼ਵਨੀ ਚਤਰਥ**
**ਫੋਨ:+91-6284220595**



ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਦਰਤ ਦਾ ਧਰਤੀ ਦੇ ਸਮੂਹ ਜੀਵਾਂ ਦੇ ਪਾਲਣ-ਪੋਸ਼ਣ ਕਰਨ ਅਤੇ ਉਨ੍ਹਾਂ ਨੂੰ ਸੰਪੰਨ ਬਣਾਉਣ ਵਿੱਚ ਹਮੇਸ਼ਾ ਤੋਂ ਹੀ ਅਹਿਮ ਯੋਗਦਾਨ ਰਿਹਾ ਹੈ। ਧਰਤੀ ਗ੍ਰਹਿ ਉੱਤੇ ਮੌਜੂਦ ਬੇਸ਼ਕੀਮਤੀ ਕੁਦਰਤੀ ਸੋਮਿਆਂ ਜਿਵੇਂ ਕਿ ਜੰਗਲਾਂ, ਪਹਾੜਾਂ, ਦਰਿਆਵਾਂ, ਨਹਿਰਾਂ, ਸਮੁੰਦਰਾਂ, ਝਰਨਿਆਂ ਅਤੇ ਜਲਗਾਹਾਂ ਵੱਲੋਂ ਸਮੂਹ ਪ੍ਰਾਣੀਆਂ ਨੂੰ ਪੋਸ਼ਿਤ ਕੀਤਾ ਜਾਂਦਾ ਰਿਹਾ ਹੈ। ਉਕਤ ਸਾਰੇ ਭੌਤਿਕ ਸਾਧਨਾਂ ਵਿੱਚੋਂ ਜਲਗਾਹਾਂ ਉਹ ਬੇਸ਼ਕੀਮਤੀ ਕੁਦਰਤੀ ਸਾਧਨ ਹਨ, ਜੋ ਮਨੁੱਖ ਸਮੇਤ ਧਰਤੀ ਦੇ ਸਮੂਹ ਜੀਵਾਂ ਨੂੰ ਪ੍ਰਫੁੱਲਤ ਵੀ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਮਲ-ਮੂਤਰ ਤੇ ਹੋਰ ਜ਼ਹਿਰੀਲੇ ਪਦਾਰਥਾਂ ਨੂੰ ਸੋਖ ਕੇ ਵਾਤਾਵਰਨ ਨੂੰ ਸਾਫ਼ ਸੁਥਰਾ ਵੀ ਬਣਾ ਰਹੀਆਂ ਹਨ।

ਹਰ ਸਾਲ ਜਲਗਾਹਾਂ ਦੀ ਮਹੱਤਤਾ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ 'ਕੌਮਾਂਤਰੀ ਜਲਗਾਹਾਂ ਦਿਵਸ' 2 ਫਰਵਰੀ ਨੂੰ ਮਨਾਇਆ ਜਾਂਦਾ ਹੈ। ਅਸਲ ਵਿੱਚ 2 ਫਰਵਰੀ 1971 ਨੂੰ ਈਰਾਨ ਦੇ ਸ਼ਹਿਰ ਰਾਮਸਰ (Ramsar) ਵਿਖੇ ਹੋਈ ਕਨਵੈਨਸ਼ਨ ਵਿੱਚ ਦੁਨੀਆਂ ਭਰ ਦੀਆਂ ਜਲਗਾਹਾਂ ਨੂੰ ਬਚਾਉਣ ਲਈ ਉੱਥੇ ਮੌਜੂਦ ਦੇਸ਼ਾਂ ਦੇ ਨੁਮਾਇੰਦਿਆਂ ਵੱਲੋਂ ਅਹਿਦ ਲਿਆ ਗਿਆ ਸੀ। ਇਸ ਸਮਝੌਤੇ ਨੂੰ 'ਰਾਮਸਰ ਸਮਝੌਤਾ' ਦਾ ਨਾਂ ਦਿੱਤਾ ਗਿਆ ਹੈ। ਹੁਣ ਤੱਕ ਇਸ ਸਮਝੋਤੇ ਉੱਤੇ 172 ਦੇਸ਼ਾਂ ਨੇ ਆਪਣੀ ਸਹਿਮਤੀ ਪ੍ਰਗਟਾਈ ਹੈ। ਉਕਤ ਸਮਝੌਤੇ ਤਹਿਤ ਸੰਸਾਰ ਦੀਆਂ ਉੱਘੀਆਂ 2400 ਤੋਂ ਵੱਧ ਜਲਗਾਹਾਂ ਨੂੰ 'ਰਾਮਸਰ ਜਲਗਾਹਾਂ' ਘੋਸ਼ਿਤ ਕੀਤਾ ਗਿਆ ਹੈ, ਜਿਨ੍ਹਾਂ ਦਾ ਕੁੱਲ ਖੇਤਰਫਲ 21 ਲੱਖ ਵਰਗ ਕਿਲੋਮੀਟਰ ਹੈ। ਭਾਰਤ ਦੀਆਂ 85 ਜਲਗਾਹਾਂ ਵੀ ਇਨ੍ਹਾਂ ਵਿੱਚ ਸ਼ਾਮਿਲ ਹਨ। ਇਸ ਸਾਲ ਭਾਵ 2025 ਦੇ ਜਲਗਾਹਾਂ ਦਿਵਸ ਦਾ ਥੀਮ ਭਾਵ ਵਿਸ਼ਾ-ਵਸਤੂ ਹੈ, 'ਸਾਡੇ ਸਾਂਝੇ ਭਵਿੱਖ ਲਈ ਜਲਗਾਹਾਂ ਨੂੰ ਬਚਾਈਏ।'

**ਜਲਗਾਹਾਂ ਦੇ ਬਹੁਪੱਖੀ ਫ਼ਾਇਦੇ:** ਇਹ ਗੱਲ ਸਮਝਣ ਦੀ ਲੋੜ ਹੈ ਕਿ ਜੀਵ ਭਾਵੇਂ ਜਲਗਾਹਾਂ ਨੂੰ ਬੇਲੋੜੇ ਸਮਝ ਕੇ ਉਨ੍ਹਾਂ ਦੀ ਬੇਕਦਰੀ ਕਰਦਾ ਰਿਹਾ, ਪਰ ਉਸ ਦੇ ਜੀਵਨ ਵਿੱਚ ਇਨ੍ਹਾਂ ਵੱਡਮੁੱਲੀਆਂ ਜਲਗਾਹਾਂ ਦੀ ਹਮੇਸ਼ਾ ਤੋਂ ਹੀ ਅਹਿਮ ਭੂਮਿਕਾ ਰਹੀ ਹੈ। ਮਨੁੱਖ ਨੂੰ ਅੰਦਾਜ਼ਾ ਹੋਣਾ ਚਾਹੀਦਾ ਹੈ ਕਿ ਇਹ ਜਲਗਾਹਾਂ ਉਹ ਕੁਦਰਤੀ ਪ੍ਰਣਾਲੀਆਂ ਹਨ, ਜੋ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ, ਧਰਤੀ ਦੇ ਸਮੁੱਚੇ ਪਾਣੀ ਨੂੰ ਸਾਫ਼ ਸੁਥਰਾ ਅਤੇ ਸਵੱਛ ਬਣਾ ਕੇ ਪੀਣ ਯੋਗ ਬਣਾਉਣ, ਦਰਿਆਵਾਂ ਤੇ ਨਹਿਰਾਂ ਵਿੱਚ ਆਉਂਦੇ ਹੜ੍ਹਾਂ ਨੂੰ ਰੋਕ ਕੇ ਉਨ੍ਹਾਂ ਦੇ ਪਾਣੀ ਦੇ ਪ੍ਰਵਾਹ ਨੂੰ ਇਕਸਾਰ ਬਣਾਉਣ, ਪਥਾਰਟੀ ਬਾਲਣਾਂ (ਜਿਵੇਂ ਕੋਲਾ, ਪੈਟਰੋਲ ਅਤੇ ਡੀਜ਼ਲ ਆਦਿ) ਦੇ ਬਲਣ ਤੋਂ ਨਿਕਲ ਰਹੀ ਕਾਰਬਨ ਡਾਈਆਕਸਾਈਡ ਗੈਸ ਨੂੰ ਸੋਖ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਉਣ, ਸਮੁੰਦਰੀ ਤੂਫਾਨਾਂ ਨੂੰ ਠੱਲ੍ਹ ਪਾਉਣ, ਸਮੂਹ ਜੰਗਲੀ ਜੀਵਾਂ ਨੂੰ ਭੋਜਨ ਦੇਣ ਅਤੇ ਰਹਿਣ ਲਈ ਜਗ੍ਹਾ ਪ੍ਰਦਾਨ ਕਰਕੇ ਉਨ੍ਹਾਂ ਦੇ ਜੀਵਨ ਦੀਆਂ ਪ੍ਰਕ੍ਰਿਆਵਾਂ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਨਾਲ-ਨਾਲ ਸੈਲਾਨੀਆਂ ਦਾ ਮਨੋਰੰਜਨ ਕਰਦਿਆਂ ਹੋਇਆਂ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਵੀ ਕਰਦੀਆਂ ਹਨ ਤੇ ਸਰਕਾਰੀ ਆਮਦਨ ਵਿੱਚ ਵਾਧਾ ਵੀ ਕਰਦੀਆਂ ਹਨ। ਜਲਗਾਹਾਂ ਵੱਲੋਂ ਜ਼ਮੀਨ ਦੀ ਮਿੱਟੀ ਨੂੰ ਬੰਨ੍ਹੀ ਰੱਖ ਕੇ ਉਸ ਦੀ ਭੌਂ-ਖੋਰ ਨੂੰ ਰੋਕਿਆ ਜਾਂਦਾ ਹੈ, ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਬਰਕਰਾਰ ਰਹਿੰਦੀ ਹੈ। ਇਨ੍ਹਾਂ ਵੱਲੋਂ ਨਿਭਾਏ ਜਾਂਦੇ ਮਹੱਤਵਪੂਰਨ ਕਾਰਜਾਂ ਨੂੰ ਮਨੁੱਖ ਕਦੇ ਵੀ ਅੱਖੋਂ-ਪਰੋਖੇ ਨਹੀਂ ਕਰ ਸਕਦਾ।

**ਜਲਗਾਹਾਂ ਦੀਆਂ ਕਿਸਮਾਂ:** ਜਲਗਾਹਾਂ ਵਿੱਚ ਮੌਜੂਦ ਪਾਣੀ ਦੀ ਮਾਤਰਾ ਅਤੇ ਉਨ੍ਹਾਂ ਵਿੱਚ ਮਿਲਣ ਵਾਲੇ ਜੀਵ ਜੰਤੂਆਂ ਦੇ ਆਧਾਰ ਉੱਤੇ ਇਨ੍ਹਾਂ ਨੂੰ ਮੋਟੇ ਤੌਰ 'ਤੇ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਕਿਸਮ ਦੀਆਂ ਜਗਲਾਹਾਂ ਨੂੰ 'ਧਸਾਊ ਦਲਦਲ' ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਦੀ ਖ਼ਾਸੀਅਤ ਇਹ ਹੈ ਕਿ ਇਨ੍ਹਾਂ ਦੀ ਜ਼ਮੀਨ ਦਾ ਪੱਧਰ ਆਪਣੇ ਆਲੇ-ਦੁਆਲੇ ਦੀ ਜਗ੍ਹਾ ਤੋਂ ਨੀਵਾਂ ਹੋਣ ਕਰਕੇ ਇਨ੍ਹਾਂ ਵਿੱਚ ਪੂਰਾ ਸਾਲ ਪਾਣੀ ਭਰਿਆ ਰਹਿੰਦਾ ਹੈ। ਇਹ ਜਲਗਾਹਾਂ ਅੰਟਾਰਕਟਿਕਾ ਨੂੰ ਛੱਡ ਕੇ ਸੰਸਾਰ ਦੇ ਬਾਕੀ ਸਾਰੇ ਹਿੱਸਿਆਂ ਵਿੱਚ ਮਿਲਦੀਆਂ ਹਨ। ਧਸਾਊ ਦਲਦਲਾਂ ਵਿੱਚ ਵੈਸੇ ਤਾਂ ਸਭ ਤਰ੍ਹਾਂ ਦੇ ਪੌਦੇ-ਪ੍ਰਾਣੀ ਮਿਲਦੇ ਹਨ, ਪਰ ਮੈਨਗ੍ਰੋਵ (Mangrove) ਅਤੇ ਤਾੜ (Palm) ਦੇ ਪੌਦੇ ਇਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਪਾਏ ਜਾਂਦੇ ਹਨ। ਦੂਜੀ ਕਿਸਮ ਦੀਆਂ ਜਲਗਾਹਾਂ ਹਨ, ਜਿਨ੍ਹਾਂ ਨੂੰ 'ਮਾਰਸ਼ਜ਼' (Marshes) ਜਾਂ 'ਟੋਭੇ' ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਬਣਤਰ ਸੇਮ ਕਿਸਮ ਦੀ ਜ਼ਮੀਨ ਨਾਲ ਮਿਲਦੀ-ਜੁਲਦੀ ਹੈ। ਇਹ ਟੋਭੇ ਅਸਲ ਵਿਚ ਸਮੁੰਦਰਾਂ, ਦਰਿਆਵਾਂ ਅਤੇ ਝੀਲਾਂ ਕੰਢੇ ਮਿਲਦੇ ਹਨ। ਸਮੁੰਦਰਾਂ ਕੰਢੇ ਮਿਲਦੇ ਟੋਭਿਆਂ ਦਾ ਪਾਣੀ ਖਾਰਾ ਅਤੇ ਦਰਿਆਵਾਂ ਕੰਢੇ ਮਿਲਦੇ ਟੋਭਿਆਂ ਦਾ ਪਾਣੀ ਮਿੱਠਾ ਭਾਵ ਸਧਾਰਨ ਪਾਣੀ ਹੁੰਦਾ ਹੈ। ਇਹ ਟੋਭੇ ਜਲ-ਸ੍ਰੋਤਾਂ ਦੇ ਵਾਧੂ ਪਾਣੀ ਨੂੰ ਆਪਣੇ ਅੰਦਰ ਜਜ਼ਬ ਕਰਕੇ ਆਲੇ-ਦੁਆਲੇ ਦੇ ਜਨ-ਜੀਵਨ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਂਦੇ ਹਨ।

**ਜਲ ਸ੍ਰੋਤਾਂ ਨੂੰ ਸਾਫ਼ ਕਰਨ ਵਿੱਚ ਭੂਮਿਕਾ:** ਇਸਦੇ ਨਾਲ ਹੀ ਪਾਣੀ ਵਿੱਚ ਘੁਲੇ ਹੋਏ ਰਸਾਇਣਾਂ ਨੂੰ ਸੋਖ ਕੇ ਇਹ ਜਲ-ਸ੍ਰੋਤਾਂ ਨੂੰ ਸਾਫ਼-ਸੁਥਰਾ ਅਤੇ ਵਰਤਣਯੋਗ ਬਣਾਉਂਦੇ ਹਨ। ਸਮਝਣ ਦੀ ਲੋੜ ਹੈ ਕਿ ਉਦਯੋਗਾਂ ਅਤੇ ਖੇਤਾਂ ਤੋਂ ਆਉਂਦੇ ਪਾਣੀਆਂ ਵਿੱਚ ਅਨੇਕਾਂ ਤਰ੍ਹਾਂ ਦੇ ਹਾਨੀਕਾਰਕ ਰਸਾਇਣ ਘੁਲ਼ੇ ਹੋਏ ਹੁੰਦੇ ਹਨ ਅਤੇ ਇਹ ਪਾਣੀ ਸਾਡੇ ਸਮੁੱਚੇ ਜਲ ਸ੍ਰੋਤਾਂ ਨੂੰ ਜ਼ਹਿਰੀਲਾ ਬਣਾ ਸਕਦੇ ਹਨ। ਟੋਭਿਆਂ ਵਿੱਚ ਮਿਲਣ ਵਾਲੀਆਂ ਬਨਸਪਤੀਆਂ ਵਿੱਚ ਜ਼ਿਆਦਾਤਰ ਪਾਣੀ ਵਾਲਾ ਘਾਹ, ਸਰਕੰਡੇ, ਕਾਈਆਂ ਅਤੇ ਅਨੇਕਾਂ ਤਰ੍ਹਾਂ ਦੀਆਂ ਜੜ੍ਹੀਆਂ-ਬੂਟੀਆਂ ਸ਼ਾਮਿਲ ਹੁੰਦੀਆਂ ਹਨ, ਜਿਨ੍ਹਾਂ ਵਿੱਚ ਪਾਣੀ ਅੰਦਰ ਘੁਲ਼ੇ ਹੋਏ ਜ਼ਹਿਰੀਲੇ ਰਸਾਇਣਾਂ ਨੂੰ ਜਜ਼ਬ ਕਰਨ ਦੀ ਵਿਸ਼ੇਸ਼ ਸਮਰੱਥਾ ਹੁੰਦੀ ਹੈ।

**ਕੁਦਰਤੀ ਗੁਰਦਿਆਂ ਦੀ ਨਿਆਈਂ ਜਲਗਾਹਾਂ:** ਜਲਗਾਹਾਂ ਧਰਤੀ ਦੇ ਕੁੱਲ ਖੇਤਰ ਦੇ ਮਹਿਜ਼ 6 ਫ਼ੀਸਦ ਹਿੱਸੇ ਉੱਤੇ ਮੌਜੂਦ ਹਨ, ਪਰ ਇਨ੍ਹਾਂ ਦੀ ਮਹੱਤਤਾ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਸਮੁੱਚੀ ਧਰਤੀ ਦੇ ਪੌਦੇ-ਪ੍ਰਾਣੀਆਂ ਦੀ ਕੁੱਲ ਪ੍ਰਜਾਤੀਆਂ ਦਾ ਇੱਕ ਵੱਡਾ ਹਿੱਸਾ ਇਨ੍ਹਾਂ ਜਲਗਾਹਾਂ ਵਿੱਚ ਨਿਵਾਸ ਕਰਕੇ ਆਪਣੇ ਜੀਵਨ ਦੀਆਂ ਜ਼ਰੂਰੀ ਗਤੀਵਿਧੀਆਂ ਨੂੰ ਅੰਜ਼ਾਮ ਦਿੰਦਾ ਹੈ। ਇਨ੍ਹਾਂ ਦੀ ਇੱਕ ਦਿਲਚਸਪ ਗੱਲ ਇਹ ਵੀ ਹੈ ਕਿ ਇਨ੍ਹਾਂ ਵਿਚ ਹਵਾ ਵਿਚਲੇ ਪ੍ਰਦੂਸ਼ਣ ਨੂੰ ਸਾਫ਼ ਕਰਨ ਦੀ ਸਮੱਰਥਾ ਬਰਸਾਤੀ ਜੰਗਲਾਂ ਨਾਲੋਂ ਵੀ ਕਿਤੇ ਜ਼ਿਆਦਾ ਹੈ। ਸੰਸਾਰ ਦੀ ਸਭ ਤੋਂ ਵੱਡੀ ਜਲਗਾਹ ਦਾ ਨਾਂ 'ਪੈਂਟਾਨਲ' ਜਲਗਾਹ ਹੈ, ਜਿਸਦਾ ਖੇਤਰਫਲ ਦੋ ਲੱਖ ਵਰਗ ਕਿਲੋਮੀਟਰ ਦੇ ਕਰੀਬ ਹੈ, ਜੋ ਕਿ ਤਿੰਨ ਦੇਸ਼ਾਂ ਬ੍ਰਾਜ਼ੀਲ, ਪੈਰਾਗੁਆਏ ਅਤੇ ਬੋਲੀਵੀਆ ਵਿੱਚ ਸਾਂਝੇ ਤੌਰ 'ਤੇ ਮੌਜੂਦ ਹੈ; ਤੇ ਇਹ ਇਨ੍ਹਾਂ ਦੇਸ਼ਾਂ ਤੋਂ ਨਿਕਲਦੇ ਗੰਧਲੇ ਪਾਣੀ ਨੂੰ ਸਾਫ਼ ਕਰਨ ਦਾ ਕੰਮ ਕਰਦੀ ਹੈ। ਮਨੁੱਖ ਨੂੰ ਜਲਗਾਹਾਂ ਦੀ ਅਹਿਮੀਅਤ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ, ਕਿਉਂਕਿ ਇਹ ਧਰਤੀ ਦੀ ਮਿੱਟੀ, ਪਾਣੀ ਅਤੇ ਹਵਾ ਨੂੰ ਸਾਫ਼ ਕਰਨ ਦਾ ਕੰਮ ਕਰਦੀਆਂ ਹਨ। ਇਸ ਲਈ ਇਨ੍ਹਾਂ ਨੂੰ 'ਕੁਦਰਤੀ ਗੁਰਦੇ' ਵੀ ਕਿਹਾ ਗਿਆ ਹੈ।

**ਜੈਵਿਕ-ਵਿਭਿੰਨਤਾ ਕਾਇਮ ਰੱਖਣ ਲਈ ਜ਼ਰੂਰੀ ਜਲਗਾਹਾਂ:** ਪ੍ਰਿਥਵੀ ਦੀ ਜੈਵਿਕ ਵਿਭਿੰਨਤਾ ਨੂੰ ਬਰਕਰਾਰ ਰੱਖਣ ਵਿੱਚ ਇਨ੍ਹਾਂ ਦੀ ਮਹੱਤਤਾ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਜੀਵ-ਜੰਤੂਆਂ ਦੀਆਂ ਖ਼ਾਤਮੇ ਦੇ ਨੇੜੇ ਪਹੁੰਚੀਆਂ ਅਨੇਕਾਂ ਪ੍ਰਜਾਤੀਆਂ ਦਾ ਅੱਧਾ ਹਿੱਸਾ ਇਨ੍ਹਾਂ ਜਲਗਾਹਾਂ ਵਿੱਚ ਪਨਾਹ ਲੈ ਕੇ ਆਪਣੀ ਹੋਂਦ ਨੂੰ ਬਚਾਅ ਰਿਹਾ ਹੈ। ਇੱਕ ਹੋਰ ਦਿਲਚਸਪ ਗੱਲ ਕਿ ਦੂਜਿਆਂ ਦੇਸ਼ਾਂ ਦੇ ਪਰਵਾਸੀ ਪੰਛੀ, ਜੋ ਆਪਣੇ ਮੂਲ ਸਥਾਨ ਉੱਤੇ ਬਿਖ਼ਮ ਹਾਲਾਤਾਂ ਨੂੰ ਛੱਡ ਕੇ ਕਿਸੇ ਅਨੁਕੂਲ ਸਥਾਨ ਦੀ ਭਾਲ ਵਿੱਚ ਆਪਣਾ ਟਿਕਾਣਾ ਬਦਲਦੇ ਹਨ, ਉਨ੍ਹਾਂ ਲਈ ਇਹ ਜਲਗਾਹਾਂ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਹੁੰਦੀਆਂ ਹਨ। ਜਲਗਾਹਾਂ ਵੱਲੋਂ ਬਰਸਾਤ ਦੇ ਫ਼ਾਲਤੂ ਪਾਣੀ ਨੂੰ ਜਜ਼ਬ ਕਰਕੇ ਕੁਦਰਤੀ ਜਲ-ਚੱਕਰ ਨੂੰ ਕਾਇਮ ਰੱਖਿਆ ਜਾਂਦਾ ਹੈ।

'ਵਿਸ਼ਵ ਜੰਗਲੀ ਜੀਵਨ ਫੰਡ' (WWF) ਅਨੁਸਾਰ 30 ਤੋਂ 40 ਕਰੋੜ ਲੋਕ ਜਲਗਾਹਾਂ ਨੇੜੇ ਨਿਵਾਸ ਕਰਕੇ ਆਪਣੇ ਜੀਵਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਅਨੇਕਾਂ ਤਰ੍ਹਾਂ ਦੀਆਂ ਮੱਛੀਆਂ, ਜਲਥਲੀ ਜੀਵ ਅਤੇ ਹੋਰ ਕੀੜੇ-ਮਕੌੜੇ ਇਨ੍ਹਾਂ ਕੁਦਰਤੀ ਨਿਵਾਸ ਸਥਾਨਾਂ ਵਿੱਚ ਰਹਿੰਦੇ ਹਨ ਤੇ ਉੱਥੇ ਰਹਿ ਰਹੇ ਮੱਛਰਾਂ ਨੂੰ ਖਾ ਕੇ ਖ਼ਤਮ ਕਰਦੇ ਹਨ, ਜਿਸ ਨਾਲ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਜਿਹੇ ਭਿਆਨਕ ਰੋਗਾਂ ਨੂੰ ਕਾਬੂ ਕਰਨ ਵਿੱਚ ਸਹਾਇਤਾ ਮਿਲਦੀ ਹੈ। ਜਲਗਾਹਾਂ ਵੱਲੋਂ ਪਾਣੀ ਸਾਫ਼ ਕਰਨ ਨਾਲ ਗੰਧਲੇ ਪਾਣੀ ਦੀ ਟਰੀਟਮੈਂਟ ਲਈ ਉਸ ਉੱਤੇ ਹੋਣ ਵਾਲੇ ਖਰਚ ਨੂੰ ਬਚਾਇਆ ਜਾ ਸਕਦਾ ਹੈ। ਇਨ੍ਹਾਂ ਵਿਚਾਰਾਂ ਤੋਂ ਪਤਾ ਲੱਗਦਾ ਹੈ ਕਿ ਇਹ ਜਲਗਾਹਾਂ ਆਰਥਿਕ ਪੱਖੋਂ ਅਤੇ ਵਾਤਾਵਰਣ ਦੀ ਸਾਂਭ-ਸੰਭਾਲ ਪੱਖੋਂ ਬੇਹੱਦ ਲਾਹੇਵੰਦ ਹਨ।

**ਪੰਜਾਬ ਦੀਆਂ ਜਲਗਾਹਾਂ:** ਪੰਜਾਬ ਦੀਆਂ ਛੇ ਜਲਗਾਹਾਂ, ਜੋ ਕਿ ਹਰੀਕੇ ਪੱਤਣ, ਰੋਪੜ, ਕੇਸ਼ੋਪੁਰ (ਗੁਰਦਾਸਪੁਰ ਨੇੜੇ), ਕਾਂਜਲੀ (ਕਪੂਰਥਲਾ ਨੇੜੇ), ਬਿਆਸ ਅਤੇ ਨੰਗਲ ਵਿਖੇ ਮੌਜੂਦ ਹਨ, ਨੂੰ 'ਰਾਮਸਰ ਸਮਝੌਤੇ' ਅਧੀਨ ਰੱਖਿਆ ਗਿਆ ਹੈ। ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਪਰਵਾਸੀ ਪੰਛੀ ਰੂਸ, ਯੂਰਪ, ਚੀਨ, ਤਿੱਬਤ ਅਤੇ ਕਜ਼ਾਕਿਸਤਾਨ ਤੋਂ ਪਰਵਾਸ ਕਰਕੇ ਇਨ੍ਹਾਂ ਜਲਗਾਹਾਂ ਨੂੰ ਆਪਣਾ ਰੈਣ-ਬਸੇਰਾ ਬਣਾਉਂਦੇ ਹਨ।

## ਦੁਨੀਆ ਦਾ ਸਭ ਤੋਂ ਵੱਡਾ ਗਰਮ ਖੰਡੀ ਵੈੱਟਲੈਂਡ 'ਪੈਂਟਾਨਲ'

**ਦੱਖਣੀ ਅਮਰੀਕਾ ਦੇ ਕੇਂਦਰ ਵਿੱਚ ਸਥਿਤ ਪੈਂਟਾਨਲ ਦੁਨੀਆ ਦਾ ਸਭ ਤੋਂ ਵੱਡਾ ਗਰਮ ਖੰਡੀ ਵੈਟਲੈਂਡ ਹੈ। 42 ਮਿਲੀਅਨ ਏਕੜ 'ਤੇ, ਪੈਂਟਾਨਲ ਇੰਗਲੈਂਡ ਨਾਲੋਂ ਥੋੜ੍ਹਾ ਵੱਡਾ ਖੇਤਰ ਕਵਰ ਕਰਦਾ ਹੈ। ਹਾਲਾਂਕਿ ਉੱਤਰ ਵੱਲ ਐਮਾਜ਼ਾਨ ਜਿੰਨਾ ਵਿਸ਼ਵਵਿਆਪੀ ਤੌਰ 'ਤੇ ਜਾਣੂ ਨਹੀਂ ਹੈ, ਪਰ ਪੈਂਟਾਨਲ 4,700 ਤੋਂ ਵੱਧ ਪੌਦਿਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਦੇ ਨਾਲ ਗ੍ਰਹਿ 'ਤੇ ਸਭ ਤੋਂ ਵੱਧ ਜੈਵਿਕ ਤੌਰ 'ਤੇ ਅਮੀਰ ਵਾਤਾਵਰਣਾਂ ਵਿੱਚੋਂ ਇੱਕ ਹੈ। ਅਕਤੂਬਰ ਤੋਂ ਮਾਰਚ ਤੱਕ ਹੜ੍ਹ ਦਾ ਪਾਣੀ ਪੈਂਟਾਨਲ ਨੂੰ ਇੱਕ ਵਿਸ਼ਾਲ ਭੰਡਾਰ ਦੀ ਤਰ੍ਹਾਂ ਭਰ ਦਿੰਦਾ ਹੈ ਅਤੇ ਅਪ੍ਰੈਲ ਅਤੇ ਸਤੰਬਰ ਦੇ ਵਿਚਕਾਰ ਹੌਲੀ-ਹੌਲੀ ਬਾਹਰ ਨਿਕਲਦਾ ਹੈ, ਜੋ ਕਿ ਲੱਖਾਂ ਲੋਕਾਂ ਨੂੰ ਹੇਠਾਂ ਵੱਲ ਜਾਣ ਲਈ ਆਦਰਸ਼ ਜਲਵਾਸੀ ਨਿਵਾਸ ਸਥਾਨ, ਪੌਸ਼ਟਿਕ ਨਵੀਨੀਕਰਨ ਅਤੇ ਹੜ੍ਹ ਕੰਟਰੋਲ ਪ੍ਰਦਾਨ ਕਰਦਾ ਹੈ।**

**ਪੈਂਟਾਨਲ ਵਿੱਚ ਆਰਥਿਕ ਗਤੀਵਿਧੀ ਦਾ ਇੱਕ ਕੇਂਦਰ ਵੀ ਹੈ, ਜਿਸ ਵਿੱਚ ਪਸ਼ੂ ਪਾਲਣ ਤੋਂ ਲੈ ਕੇ ਸੋਇਆ ਉਤਪਾਦਨ ਤੱਕ ਸੈਰ-ਸਪਾਟਾ ਸ਼ਾਮਲ ਹੈ। ਪੈਂਟਾਨਲ ਦੇ ਅੰਦਰ ਰਾਜਾਂ ਦੀਆਂ ਆਰਥਿਕ ਗਤੀਵਿਧੀਆਂ ਨੇ 2015 ਵਿੱਚ ਉਨ੍ਹਾਂ ਦੀਆਂ ਅਰਥਵਿਵਸਥਾਵਾਂ ਵਿੱਚ $70 ਬਿਲੀਅਨ ਤੋਂ ਵੱਧ ਦਾ ਯੋਗਦਾਨ ਪਾਇਆ। ਇਹ ਵੈੱਟਲੈਂਡ ਅਟੱਲ ਲਾਭਾਂ ਦੀ ਇੱਕ ਲੜੀ ਵੀ ਪ੍ਰਦਾਨ ਕਰਦੀ ਹੈ, ਜੋ ਕਿ ਇਸ ਖੇਤਰ ਦੇ ਆਰਥਿਕ ਵਿਕਾਸ ਅਤੇ ਵਾਤਾਵਰਣ ਵਿੱਚ ਮਦਦ ਕਰਦੀ ਹੈ, ਜਿਸ ਵਿੱਚ ਕਿਸ਼ਤੀਆਂ ਲਈ ਨੈਵੀਗੇਟ ਕਰਨ ਲਈ ਨਦੀ ਦੇ ਵਹਾਅ, ਭੂਮੀਗਤ ਪਾਣੀ ਨੂੰ ਰੀਚਾਰਜ ਕਰਨਾ ਅਤੇ ਲੱਖਾਂ ਲੋਕਾਂ ਲਈ ਹੜ੍ਹ ਦੇ ਪਾਣੀ ਦਾ ਨਿਯੰਤ੍ਰਣ ਕਰਨਾ, ਆਦਿ ਸ਼ਾਮਲ ਹੈ। ਬ੍ਰਾਜ਼ੀਲੀਅਨ ਐਗਰੀਕਲਚਰਲ ਰਿਸਰਚ ਕਾਰਪੋਰੇਸ਼ਨ ਦੁਆਰਾ ਕਰਵਾਏ ਗਏ ਇੱਕ ਅਧਿਐਨ ਨੇ ਸਿੱਟਾ ਕੱਢਿਆ ਹੈ ਕਿ ਖੇਤਰ ਦੀਆਂ ਈਕੋਸਿਸਟਮ ਸੇਵਾਵਾਂ ਦੀ ਕੀਮਤ $112 ਬਿਲੀਅਨ ਪ੍ਰਤੀ ਸਾਲ ਹੈ।**

**ਪੈਂਟਾਨਲ ਵਿੱਚ ਜੰਗਲਾਂ ਦੀ ਕਟਾਈ ਵਧ ਰਹੀ ਹੈ, 12% ਤੋਂ ਵੱਧ ਜੰਗਲਾਤ ਪਹਿਲਾਂ ਹੀ ਖਤਮ ਹੋ ਚੁੱਕੇ ਹਨ। ਮੌਜੂਦਾ ਦਰ 'ਤੇ ਜੇਕਰ ਇਸ ਰੁਝਾਨ ਦਾ ਮੁਕਾਬਲਾ ਕਰਨ ਲਈ ਕੋਈ ਉਪਾਅ ਨਾ ਕੀਤੇ ਗਏ ਤਾਂ 2050 ਤੱਕ ਪੈਂਟਾਨਲ ਦੀ ਮੂਲ ਬਨਸਪਤੀ ਅਲੋਪ ਹੋ ਜਾਵੇਗੀ।**

## ਮੁਲਕੀ ਤਰਜੀਹਾਂ: ਤਿੰਨ ਕੋਣੀ ਡਿਪਲੋਮੇਸੀ ਦੇ ਸਿਆਪੇ

***...ਸਫਾ ਇੱਕ ਦੀ ਬਾਕੀ ⇒***

ਮੰਤਰੀ ਵਾਂਗ-ਯੀ ਨਾਲ ਦੁਵੱਲੀ ਗੱਲਬਾਤ ਕਰਦੇ ਹਨ। ਇਸ ਮੁਲਕਾਤ ਵਿੱਚ ਦੋਹਾਂ ਮੁਲਕਾਂ ਵਿਚਕਾਰ ਸਿੱਧੀ ਹਵਾਈ ਸੇਵਾ ਮੁੜ ਸ਼ੁਰੂ ਕਰਨ 'ਤੇ ਸਹਿਮਤੀਆਂ ਬਣਾ ਰਹੇ ਹਨ। ਚੀਨ ਦੋਹਾਂ ਮੁਲਕਾਂ ਵਿਚਕਾਰ ਕਾਰੋਬਾਰ ਦੇ ਵਾਧੇ ਲਈ ਵੀਜ਼ਾ ਨਿਯਮਾਂ ਨੂੰ ਵੀ ਆਸਾਨ ਬਣਾਉਣ ਦਾ ਇੱਛੁਕ ਹੈ। ਸਰਹੱਦੀ ਝਗੜੇ ਹੱਲ ਕਰਨ ਦੇ ਮੁੱਦੇ 'ਤੇ ਆਪਸੀ ਗੱਲਬਾਤ ਦੋਹਾਂ ਮੁਲਕਾਂ ਵਿਚਕਾਰ ਪਹਿਲਾਂ ਹੀ ਚੱਲ ਰਹੀ ਹੈ। ਇਸ ਮੀਟਿੰਗ ਤੋਂ ਬਾਅਦ ਆਪਣੇ ਸਾਂਝੇ ਬਿਆਨ ਵਿੱਚ ਦੋਹਾਂ ਮੁਲਕਾਂ ਦੇ ਆਗੂਆਂ ਨੇ ਕਿਹਾ ਕਿ 2025 ਵਿੱਚ ਇੱਕ ਦੂਜੇ ਪ੍ਰਤੀ ਜ਼ਿਆਦਾ ਜਾਗਰੂਕਤਾ ਪੈਦਾ ਕਰਨ ਲਈ ਪਬਲਿਕ ਡਿਪਲੋਮੇਸੀ ਨੂੰ ਅੱਗੇ ਵਧਾਇਆ ਜਾਵੇਗਾ ਅਤੇ ਲੋਕਾਂ ਵਿੱਚ ਆਪਸੀ ਵਿਸ਼ਵਾਸ ਬਹਾਲ ਕਰਨ ਦੇ ਯਤਨ ਕੀਤੇ ਜਾਣਗੇ। ਸੋ ਸਪਸ਼ਟ ਹੈ ਕਿ ਭਾਰਤ ਚੀਨ ਜਾਂ ਰੂਸ ਨਾਲ 'ਨਿੱਘੇ ਸੰਬੰਧਾਂ' ਨੂੰ ਅਮਰੀਕਾ ਨਾਲ ਵਾਰਤਾਲਾਪ ਵਿੱਚ ਕੂਟਨੀਤਿਕ ਹਥਿਆਰ ਵਜੋਂ ਵਰਤ ਰਿਹਾ ਹੈ, ਜਦਕਿ ਅਮਰੀਕਾ ਸਿੱਖਾਂ ਅਤੇ ਭਾਰਤ ਵਿੱਚ ਸਿੱਖ ਮਸਲਿਆਂ ਨੂੰ ਇੱਕ ਪ੍ਰੈਸ਼ਰ ਟੈਕਟਿਸ ਦੇ ਰੂਪ ਵਿੱਚ ਵਰਤ ਰਿਹਾ ਹੈ।

# ਕੈਂਸਰ ਬਾਰੇ ਕੁਝ ਗੱਲਾਂ ਤੇ ਸਾਵਧਾਨੀਆਂ

**ਜੁਗ ਜੁਗ ਜੀਓ... (22)**

**ਡਾ. ਹਰਬੰਸ ਕੌਰ ਦਿਓਲ**

***ਰੋਜ਼ਮੱਰ੍ਹਾ ਜ਼ਿੰਦਗੀ ਵਿੱਚ ਸਰੀਰ ਦੀ ਸਾਂਭ-ਸੰਭਾਲ ਕਰਨੀ ਬਹੁਤ ਜ਼ਰੂਰੀ ਹੈ; ਕਿਉਂਕਿ ਜੇ ਸਾਡੇ ਤਨ ਤੇ ਮਨ ਨੂੰ ਕੋਈ ਰੋਗ ਨਹੀਂ ਲੱਗਿਆ ਤਾਂ ਸਭ ਚੰਗੇ ਦੀ ਆਸ ਬਣੀ ਰਹਿੰਦੀ ਹੈ! ਜਿਵੇਂ ਘਰ ਦਾ ਕੋਈ ਸਿਆਣਾ ਜਦੋਂ ਸਾਨੂੰ ਸਿਹਤ ਸਬੰਧੀ ਨਸੀਹਤਾਂ ਕਰਦਾ ਹੈ, ਤਾਂ ਸਮਝੋ ਉਸ ਨੂੰ ਸਾਡਾ ਫਿਕਰ ਹੈ। ਇੰਜ ਹੀ ਸਾਡਾ ਸਮਾਜ ਵੀ ਸਾਡੇ ਪਰਿਵਾਰ ਦੀ ਨਿਆਈ ਹੈ ਅਤੇ ਇਸੇ ਨਜ਼ਰੀਏ ਤੋਂ ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਹਥਲੇ ਲੇਖ ਵਿੱਚ ਉਨ੍ਹਾਂ ਕੈਂਸਰ ਨਾਲ ਜੁੜੀਆਂ ਕੁਝ ਗੱਲਾਂ ਛੋਹੀਆਂ ਹਨ, ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ...***

"ਇਸ ਕਿਆਮਤ ਨੂੰ ਕੀ ਆਖਾਂ? ਮਾੜੀ ਕਿਸਮਤ, ਮਾੜੇ ਕਰਮਾਂ ਦਾ ਫਲ, ਜਾਂ ਤੇਰੀ ਕਰੋਪੀ? ਕਿਸ ਗੱਲ ਦਾ ਬਦਲਾ ਲੈ ਰਿਹੈਂ ਮੇਰੇ ਮਾਲਕਾ! ਕੀ ਭੁੱਲ ਹੋ ਗਈ ਸਾਡੇ ਕੋਲੋਂ? ਮਾਸੂਮ ਨੂੰ ਇਸ ਨਰਮ ਉਮਰ ਵਿੱਚ ਇਤਨੀ ਕਰੜੀ ਸਜ਼ਾ! ਹੇ ਪਰਵਦਗਾਰ ਬਖਸ਼ ਦੇ ਵਿਚਾਰੀ ਨੂੰ! ...ਹੁਣ ਤਾਂ ਪਛਾਣੀ ਹੀ ਨਹੀਂ ਜਾਂਦੀ। ਹੱਸਦੀ ਖੇਡਦੀ ਉਛਲਦੀ, ਘਰ ਦੀ ਰੌਣਕ ਸੀ। ਬਿਲਕੁਲ ਈ ਬਦਲ ਗਈ ਏ। ਕਿੰਨਾ ਭਾਰ ਘਟ ਗਿਐ ਉਸ ਦਾ, ਸਿਰ ਦੇ ਵਾਲ ਝੜ ਗਏ ਨੇ ਸਾਰੇ। ਚੁੱਪ ਕਰ ਕੇ ਉਦਾਸ ਬੈਠੀ ਰਹਿੰਦੀ ਏ।

ਸ਼ੁਕਰ ਏ ਕੀਮੋ ਤਾਂ ਖਤਮ ਹੋ ਗਈ, ਕੱਲ੍ਹ ਕੈਂਸਰ ਦਾ ਟੈਸਟ ਵੀ ਠੀਕ ਆਇਐ। ਸੱਚ ਦੱਸਾਂ ਦੀਦੀ, ਮੇਰੇ ਕੋਲੋਂ ਤਾਂ ਵਿਚਾਰੀ ਦਾ ਦੁੱਖ ਝੱਲਿਆ ਨਹੀਂ ਜਾਂਦਾ।"

"ਪ੍ਰੀਤ, ਤੂੰ ਤਾਂ ਢੇਰੀ ਢਾਹ ਬੈਠੀਂ ਏ, ਉਸ ਨੂੰ ਕੌਣ ਦਿਲਾਸਾ ਦੇਵੇਗਾ! ਉਸ ਨੂੰ ਚੜ੍ਹਦੀ ਕਲਾ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ, ਇਲਾਜ ਦੀ ਕਾਮਯਾਬੀ ਲਈ ਯਾਨੀ ਕਿ ਸਕਾਰਾਤਮਕ ਰਵੱਈਆ (positive attitude)। ਹੁਣ ਤਾਂ ਕੈਂਸਰ ਦੇ ਇਲਾਜ ਵਿੱਚ ਇੰਨੀ ਤਰੱਕੀ ਹੋ ਚੁਕੀ ਹੈ ਅਤੇ ਪਹਿਲਾਂ ਨਾਲੋਂ ਸਫਲਤਾ ਵਿੱਚ ਕਿੰਨਾ ਵਾਧਾ ਹੋ ਗਿਆ ਹੈ। ਇਹ ਕੋਈ ਰੱਬ ਦੀ ਕਰੋਪੀ ਵਗੈਰਾ ਨਹੀਂ, ਨਾ ਹੀ ਕੋਈ ਕਰਮਾਂ ਦਾ ਫਲ!"

"ਦੀਦੀ, ਮੁੜ ਮੁੜ ਇਹੀ ਕਹੀ ਜਾਂਦੀ ਏ, ਇਹ ਮੈਨੂੰ ਕਿਉਂ ਹੋ ਗਿਆ ਹੈ? ਮੈਂ ਕਿਸੇ ਦਾ ਕੀ ਵਿਗਾੜਿਆ ਸੀ?"

"ਦੇਖ, ਜੋ ਹੋ ਗਿਆ ਉਸ ਨੂੰ ਤਾਂ ਆਪਾਂ ਬਦਲ ਨਹੀਂ ਸਕਦੇ, ਪਰ ਉਸ ਦੇ ਇਲਾਜ ਦੀ ਸਫਲਤਾ ਲਈ ਬਹੁਤ ਕੁਝ ਕਰ ਸਕਦੇ ਹਾਂ।"

"ਦੀਦੀ, ਇਹ ਨਾਮੁਰਾਦ ਬਿਮਾਰੀ ਕਿਉਂ ਹੁੰਦੀ ਏ?"

"ਇਸ ਦਾ ਕੋਈ ਇੱਕ ਕਾਰਨ ਨਹੀਂ, ਬਲਕਿ ਕਾਫੀ ਯੋਗਦਾਨ ਕਾਰਨ (contributing factors) ਹਨ। ਇਹ ਵਿਸ਼ਾ ਬਹੁਤ ਮਹੱਤਵਪੂਰਨ ਹੈ, ਕਿਉਂ ਨਾ ਆਪਾਂ ਇਸ ਬਾਰੇ ਵਿਸਥਾਰ ਨਾਲ ਜਾਣਕਾਰੀ 'ਤੇ ਵਿਚਾਰ ਕਰੀਏ।

ਮਨੁੱਖੀ ਕੈਂਸਰ ਤਕਰੀਬਨ 200 ਤੋਂ ਜ਼ਿਆਦਾ ਤਰ੍ਹਾਂ ਦੇ ਹੁੰਦੇ ਹਨ ਅਤੇ ਆਪਣੇ ਕਿਸੇ ਵੀ ਸਰੀਰ ਦੇ ਹਿੱਸੇ ਵਿੱਚ ਹੋ ਸਕਦੈ। ਪਿਛਲੇ ਕਈ ਸਾਲਾਂ ਤੋਂ ਦੇਖਿਆ ਗਿਐ ਕਿ ਕੈਂਸਰ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ACI (American Cancer Institute) ਦੇ ਹਿਸਾਬ ਨਾਲ 2024 ਵਿੱਚ 20 ਮਿਲੀਅਨ ਕੈਂਸਰ ਦੇ ਨਵੇਂ ਕੇਸ ਮਿਲੇ ਅਤੇ 611,720 ਦੀ ਮੌਤ ਹੋ ਗਈ; ਜਿਸ ਦਾ ਮਤਲਬ 1680 ਬੰਦੇ ਹਰ ਰੋਜ਼ ਇਸ ਦੇ ਸ਼ਿਕਾਰ ਹੋ ਜਾਂਦੇ ਨੇ। ਕਿਹਾ ਜਾਂਦੈ 2050 ਵਿੱਚ 35 ਮਿਲੀਅਨ ਨਵੇਂ ਕੇਸ ਹੋਣਗੇ, ਜੋ 77% ਦਾ ਵਾਧਾ ਹੈ। ਇਸ ਤਰ੍ਹਾਂ ਕੈਂਸਰ ਤੋਂ ਮੌਤ ਦੀ ਗਿਣਤੀ 10.5 ਮਿਲੀਅਨ ਤੱਕ ਪਹੁੰਚ ਜਾਣੀ ਏ, ਜਿਹੜੀ 93% ਵੱਧ ਹੋਵੇਗੀ। ਹੁਣ ਸਾਰੀ ਉਮਰ ਦੌਰਾਨ ਕੈਂਸਰ ਹੋਣ ਦਾ ਰਿਸਕ ਹੈ 39.3%, ਪਰ 2050 ਤੱਕ ਇਹ ਰਿਸਕ 50% ਤੱਕ ਹੋ ਜਾਣੈ।"

"ਦੀਦੀ, ਇਹ ਕਿੰਨੇ ਡਰਾਉਣੇ ਅੰਕੜੇ ਹਨ!"

"ਇੱਕ ਗੱਲ ਹੋਰ, ਕੈਂਸਰ ਹੁਣ ਛੋਟੀ ਉਮਰ ਵਿੱਚ ਹੋਣ ਲੱਗ ਗਿਐ। ਆਮ ਤੌਰ 'ਤੇ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਬਜ਼ੁਰਗਾਂ ਵਿੱਚ ਜ਼ਿਆਦਾ ਹੁੰਦੀ ਹੈ, ਖਾਸ ਕਰ ਕੇ 85 ਤੋਂ ਬਾਅਦ, ਪਰ ਇਹ ਕਿਸੇ ਉਮਰ ਵਿੱਚ ਵੀ ਹੋ ਸਕਦੈ।

ਇੱਕ ਨਵ-ਜੰਮੇ ਬੱਚੇ ਵਿੱਚ ਚਮੜੀ ਦਾ ਕੈਂਸਰ, ਜਿਸ ਨੂੰ ਮੈਲਾਨੋਮਾ (melanoma) ਕਹਿੰਦੇ ਨੇ, ਪਾਇਆ ਗਿਐ।

ਬੰਦਿਆਂ ਵਿੱਚ ਉਪਰਲੇ ਤਿੰਨ ਜ਼ਿਆਦਾ ਹੋਣ ਵਾਲੇ ਕੈਂਸਰ ਹਨ: ਪ੍ਰੋਸਟੇਟ (prostate), ਫੇਫੜੇ ਅਤੇ ਥੱਲੇ ਵਾਲੀ ਖੁਰਾਕ ਪ੍ਰਣਾਲੀ (colorectal); ਜਨਾਨੀਆਂ ਵਿੱਚ ਛਾਤੀ (breast), ਫੇਫੜੇ ਅਤੇ ਖੁਰਾਕ ਪ੍ਰਣਾਲੀ ਦੇ ਤਿੰਨ ਕੈਂਸਰ ਹਨ। ਸਿਰਫ 5-10% ਕੈਂਸਰ ਹੀ ਜੀਨਜ਼ ਕਾਰਨ (genetic) ਹੁੰਦੇ ਹਨ, ਬਾਕੀ ਹੋਰ ਕਾਰਨਾਂ ਕਰਕੇ ਹੁੰਦੇ ਨੇ, ਜਿਨ੍ਹਾਂ ਵਿੱਚ ਸਾਡਾ ਆਪਣਾ ਬਹੁਤ ਜ਼ਿਆਦਾ ਯੋਗਦਾਨ ਹੈ, ਜਿਸ ਦਾ ਮਤਲਬ ਹੋਇਆ ਕਿ ਅਸੀਂ ਜੇ ਹਿੰਮਤ ਕਰੀਏ ਤਾਂ ਕਾਫੀ ਹੱਦ ਤੱਕ ਇਸ ਨੂੰ ਹੋਣ ਤੋਂ ਰੋਕ ਸਕਦੇ ਹਾਂ ਅਤੇ ਜੇ ਹੋ ਜਾਵੇ ਤਾਂ ਉਸ ਦੇ ਇਲਾਜ ਨੂੰ ਕਾਮਯਾਬ ਬਨਾਉਣ ਵਿੱਚ ਬਹੁਤ ਮਦਦ ਕਰ ਸਕਦੇ ਹਾਂ।"

"ਦੱਸੋ, ਉਹ ਕਿਵੇਂ?"

"ਕਈ ਸਾਇੰਸਦਾਨਾਂ ਦਾ ਕਹਿਣੈ, ਜ਼ਿੰਦਗੀ ਦੌਰਾਨ ਆਪਣੇ ਸਰੀਰ ਵਿੱਚ ਕੈਂਸਰ ਸੈੱਲ ਬਣ ਜਾਂਦੇ ਨੇ, ਇੱਕ ਮਿਲੀਮੀਟਰ ਦੇ ਸਾਈਜ਼ ਤੱਕ। ਇਨ੍ਹਾਂ ਦੀ ਖੂਨ ਦੀ ਸਪਲਾਈ ਨਹੀਂ ਹੁੰਦੀ ਤੇ ਇਹ ਇਸ ਤੋਂ ਅੱਗੇ ਨਹੀਂ ਵਧਦੇ। ਆਪਣੀ ਸੁਰੱਖਿਆ ਪ੍ਰਣਾਲੀ (immune system) ਦੇ ਖਾਸ ਸੈੱਲ, ਜਿਨ੍ਹਾਂ ਨੂੰ ਨੈਚਰਲ ਕਿੱਲਰ ਸੈੱਲ (natural killer cell) T Cell ਅਤੇ ਨਿਊਟਰੋਫਿਲਜ਼ (neutrophils) ਕਹਿੰਦੇ ਨੇ, ਉਨ੍ਹਾਂ ਦੇ ਸਰੀਰ ਦਾ ਦੌਰਾ ਕਰਦਿਆਂ ਵਕਤ ਇਨ੍ਹਾਂ ਦੀ ਸੂਹ ਮਿਲ ਜਾਂਦੀ ਏ ਕਿ ਇਹ ਬਾਗੀ ਅਤੇ ਬੇਕਾਬੂ ਸੈੱਲ ਹਨ। ਇਹ ਖਾਸ ਸੈੱਲ ਉਥੇ ਪਹੁੰਚ ਕੇ ਪੈਕਮੈਨ (packman) ਦੀ ਤਰ੍ਹਾਂ ਇਨ੍ਹਾਂ ਨੂੰ ਹੜੱਪ ਕਰ ਲੈਂਦੇ ਨੇ ਅਤੇ ਆਪਣੇ ਸਰੀਰ ਤੋਂ ਇਨ੍ਹਾਂ ਨੂੰ ਕੱਢ ਦਿੰਦੇ ਨੇ, ਤੇ ਸਾਡਾ ਸਰੀਰ ਪਹਿਲਾਂ ਦੀ ਤਰ੍ਹਾਂ ਹੰਕੀ ਡੋਰੀ ਚਲਦਾ ਰਹਿੰਦੈ।

ਮਨੁੱਖੀ ਸਰੀਰ ਵਿੱਚ ਹਰ ਰੋਜ਼ 330 ਬਿਲੀਅਨ ਸੈੱਲ ਨਵੇਂ ਬਣਦੇ ਨੇ, ਪੁਰਾਣੇ ਸੈੱਲਜ਼ ਨੂੰ replace ਕਰਨ ਲਈ, ਜਦੋਂ ਨਵੇਂ ਸੈੱਲ ਬਨਾਉਣ ਲਈ ਸੈੱਲ divide ਹੁੰਦੇ ਨੇ, ਕਿਤੇ ਕੋਈ ਗਲਤੀ ਹੋ ਜਾਵੇ ਤਾਂ DNA damage ਵਾਲਾ ਸੈੱਲ ਬੇਲਗਾਮ ਕੈਂਸਰ ਸੈੱਲ ਬਣ ਜਾਂਦੈ, ਇਹ ਬਾਗੀ ਸੈੱਲ ਸਰੀਰ ਦੀ growth instruction code ਨੂੰ follow ਨਹੀਂ ਕਰਦੇ, ਇਨ੍ਹਾਂ ਦੋਹਾਂ ਸਿਸਟਮ ਵਿੱਚ ਯਾਨੀ ਕਿ ਸੈੱਲ ਦੀ growth ਅਤੇ ਮਰੇ ਜਾਂ ਨੁਕਸਾਨ (damaged ਹੋਏ ਸੈੱਲਾਂ ਨੂੰ ਖਤਮ ਕਰਨ ਵਾਲੇ) ਬਹੁਤ ਤਾਕਤਵਰ, balance ਹੁੰਦਾ ਏ, ਜੇ ਕਿਸੇ ਕਾਰਨ ਇਹ ਬੈਲੇਂਸ ਖਰਾਬ ਹੋ ਜਾਵੇ ਤਾਂ ਕੈਂਸਰ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸ ਕਰਕੇ ਆਪਣੀ ਸੁਰੱਖਿਆ ਪ੍ਰਣਾਲੀ ਦਾ ਤੰਦਰੁਸਤ ਅਤੇ ਤਾਕਤਵਰ ਹੋਣਾ ਬਹੁਤ ਜ਼ਰੂਰੀ ਹੈ ਤਾਂ ਕੇ ਉਹ ਬਾਗੀ ਸੈੱਲਾਂ ਨੂੰ ਇੱਕ ਦਮ ਕਾਬੂ ਕਰ ਸਕੇ।"

"ਦੀਦੀ, ਹੁਣ ਸਮਝ ਲੱਗੀ, ਸੋ ਜੋ ਵੀ ਆਪਣੀ ਸੁਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਦੈ, ਉਹ ਹੀ ਆਪਣਾ ਕੈਂਸਰ ਦਾ ਖਤਰਾ ਵਧਾ ਦਿੰਦੈ।"

"ਤੂੰ ਠੀਕ ਕਿਹੈ। ਕਾਰਨ ਜੋ ਆਪਣੇ ਲਈ ਖਤਰਾ ਵਧਾਉਂਦੇ ਨੇ ਕੈਂਸਰ ਦਾ, ਉਨ੍ਹਾਂ ਨੂੰ ਆਪਾਂ ਕੁਝ ਗਰੁੱਪਾਂ ਵਿੱਚ ਵੰਡ ਲੈਂਦੇ ਹਾਂ,

**1. ਜਮਾਂਦਰੂ/ਪੈਦਾਇਸ਼ੀ (Genetic):** ਇਹ ਕਾਰਨ ਸਿਰਫ 5-10% ਕੈਂਸਰ ਲਈ ਹੀ ਲਾਗੂ ਹੁੰਦੈ, ਮਤਲਬ 90% ਤੋਂ ਉਪਰ ਕੈਂਸਰ ਦਾ ਕਾਰਨ ਕੁਝ ਹੋਰ ਹੈ। ਇਹ ਜਨੈਟਿਕ ਕਾਰਨ ਪੈਦਾਇਸ਼ੀ ਹੋ ਸਕਦੈ ਜਾਂ ਆਪਣੇ ਆਲੇ-ਦੁਆਲੇ (environmental ਜਾਂ background radiation) ਕਰਕੇ ਵੀ ਹੋ ਸਕਦੈ, ਜਿਨ੍ਹਾਂ ਵਿੱਚ ਆ ਜਾਂਦੈ ਸੂਰਜ ਤੋਂ UV ਰੇਅਜ਼, digital screens ਤੋਂ ਬਲੂ (blue) light ਅਤੇ ਰੇਡੌਨ ਗੈਸ। ਇਹ ਸੈੱਲਾਂ ਦੇ ਜੀਨਜ਼ (genes) ਨੂੰ ਨੁਕਸਾਨ (damage) ਕਰ ਦਿੰਦੇ ਨੇ।"



"ਦੀਦੀ, ਆਹ ਕੀ ਕਿਹੈ, ਰੇਡੌਨ (radon) ਗੈਸ! ਇਹ ਕਿਸ ਬਲਾ ਦਾ ਨਾਂ ਹੈ? ਮੈਂ ਤਾਂ ਕਦੇ ਸੁਣਿਆ ਨਹੀਂ ਇਸ ਬਾਰੇ!"

"ਸੁਣ ਫਿਰ ਧਿਆਨ ਨਾਲ, ਇਹ ਕਾਫੀ ਖਤਰਨਾਕ ਹੈ, ਇਸ ਨੂੰ ਸਾਈਲੈਂਟ ਕਿਲਰ ਵੀ ਕਹਿੰਦੇ ਨੇ। ਇਹ ਯੂਰੇਨੀਅਮ ਦੀ (radioactive decay product) ਹੈ, ਜੋ ਧਰਤੀ ਵਿੱਚ, ਧਰਤੀ ਦੇ ਥੱਲੇ ਵਾਲੇ ਪਾਣੀ ਅਤੇ ਘੱਟ ਹਵਾਦਾਰ ਥਾਂ ਵਿੱਚ, ਘਰਾਂ ਦੀ ਬੇਸਮੈਂਟ ਜਾਂ ਇਮਾਰਤਾਂ ਅਤੇ ਆਪਣੇ ਆਲੇ-ਦੁਆਲੇ (environment) ਵਿੱਚ ਪਾਈ ਜਾਂਦੀ ਹੈ।

ਇਸ ਦੀ ਮਾਤਰਾ ਵਕਤ ਨਾਲ ਖਾਸ ਕਰਕੇ ਬੰਦ ਅਤੇ ਘੱਟ ਹਵਾਦਾਰ ਥਾਵਾਂ 'ਤੇ ਕਾਫੀ ਵਧ ਸਕਦੀ ਹੈ। ਇਸ ਦਾ ਕੋਈ ਰੰਗ ਜਾਂ ਸਮੈਲ ਨਹੀਂ ਹੁੰਦੀ। ਸਮੋਕਿੰਗ ਤੋਂ ਬਾਅਦ ਇਹ ਦੂਜਾ ਕਾਰਨ ਹੈ, ਫੇਫੜਿਆਂ ਦੇ ਕੈਂਸਰ ਦਾ। ਇਹ ਗੈਸ ਫੇਫੜਿਆਂ ਦੇ ਸੈੱਲ ਅਤੇ ਟਿਸ਼ੂ ਨੂੰ ਨੁਕਸਾਨ ਪਹੁੰਚਾ ਕੇ ਉਨ੍ਹਾਂ ਨੂੰ ਕੈਂਸਰ ਵਿੱਚ ਬਦਲ ਸਕਦੀ ਹੈ। ਹਰ ਕੋਈ ਬੰਦਾ ਜਿਹੜਾ ਗੈਸ ਨੂੰ ਐਕਸਪੋਜ਼ ਹੁੰਦਾ ਹੈ, ਉਸ ਨੂੰ ਕੈਂਸਰ ਨਹੀਂ ਹੁੰਦਾ, ਪਰ EPA ਦੇ ਹਿਸਾਬ ਨਾਲ 20% ਫੇਫੜਿਆਂ ਦਾ ਕੈਂਸਰ ਰੇਡੌਨ ਗੈਸ ਕਰ ਕੇ ਹੁੰਦਾ ਹੈ। ਤਕਰੀਬਨ 21 ਹਜ਼ਾਰ ਫੇਫੜਿਆਂ ਦੇ ਕੈਂਸਰ ਤੋਂ ਮੌਤਾਂ ਹਰ ਸਾਲ ਰੇਡੌਨ ਗੈਸ ਕਰਕੇ ਹੁੰਦੀਆਂ ਹਨ। ਇਹ ਗੈਸ ਅਮਰੀਕਾ ਵਿੱਚ ਸਾਰੀਆਂ ਸਟੇਟਾਂ ਵਿੱਚ ਹੈ, ਪਰ ਉੱਤਰੀ ਹਿੱਸੇ ਵਿੱਚ ਕਾਫੀ ਜ਼ਿਆਦਾ ਮਾਤਰਾ ਵਿੱਚ ਪਾਈ ਜਾਂਦੀ ਹੈ। EPA ਦੇ ਹਿਸਾਬ ਨਾਲ ਜ਼ਿਆਦਾ ਮਾਤਰਾ ਵਾਲੀਆਂ ਸਟੇਟਾਂ ਹਨ- ਅਲਾਸਕਾ, ਸਾਊਥ ਡਕੋਟਾ, ਪੈਨਸਿਲਵੇਨੀਆ, ਓਹਾਇਓ ਅਤੇ ਵਾਸ਼ਿੰਗਟਨ।"

"ਦੀਦੀ, ਸ਼ੁਕਰ ਐ, ਇਲੀਨਾਏ ਨਹੀਂ ਇਸ ਲਿਸਟ ਵਿੱਚ।"

"ਇਲੀਨਾਏ ਵਿੱਚ ਵੀ ਕਾਫੀ ਘਰਾਂ ਵਿੱਚ ਇਹ ਗੈਸ ਹੈਗੀ, ਜਿੱਥੇ ਉਨ੍ਹਾਂ ਨੇ ਟੈਸਟ ਕੀਤਾ ਸੀ ਤਕਰੀਬਨ 45% ਦੇ ਘਰਾਂ ਵਿੱਚ ਇਹ ਪਾਈ ਗਈ ਸੀ।"

"EPA ਦਾ ਕਹਿਣਾ ਹੈ ਸਾਰੇ ਘਰਾਂ ਵਾਲਿਆਂ ਨੂੰ, ਇਹ ਚੈੱਕ ਕਰਨਾ ਜਾਂ ਕਰਵਾ ਲੈਣਾ ਚਾਹੀਦੈ।"

"ਹੂੰ!!!"

"ਜਨਵਰੀ radon action ਮਹੀਨਾ ਮਨਾਇਆ ਜਾਂਦੈ, ਇਸ ਕਰਕੇ ਕੁੱਕ ਕਾਉਂਟੀ ਵਿੱਚ free radon test kit ਦਿੱਤੇ ਜਾ ਰਹੇ ਹਨ। ਤੁਸੀਂ ਕੁੱਕ ਕਾਉਂਟੀ ਪਬਲਿਕ ਹੈਲਥ ਦੀ ਵੈਬਸਾਈਟ (CCPDH.ORG) 'ਤੇ ਫਾਰਮ ਭਰ ਸਕਦੇ ਹੋ। ਇਹ ਟੈਸਟ ਕਿੱਟ ਤੁਸੀਂ ਖਰੀਦ ਵੀ ਸਕਦੇ ਹੋ- ਐਮਾਜ਼ਾਨ, Home Depot, Target ਅਤੇ National Radon Program Services ਤੋਂ (from Kansas State University) national radon hot line 1-800-767-7236 (ਕਿਸੇ ਤਰ੍ਹਾਂ ਦੇ ਸੁਆਲ ਲਈ)

ਇਹ ਕਿੱਟ ਦੋ ਤਰ੍ਹਾਂ ਦੇ ਹਨ:

-Short term, ਜਿਨ੍ਹਾਂ ਨੂੰ 2-3 ਦਿਨ ਲੱਗਦੇ ਨੇ (ਜੇ ਪੈਕੇਜ ਨੂੰ damage ਨਾ ਕਰੋ, expire ਨਹੀਂ ਹੁੰਦੇ) ਅਤੇ ਇਹ ਰਿਪੋਰਟ ਉਸ ਵੇਲੇ ਹੀ ਮਿਲ ਜਾਂਦੀ ਹੈ।

-Long term, ਇਹ ਕਿੱਟ 3-12 ਮਹੀਨੇ ਲਈ ਹੁੰਦੈ, ਰੇਡੌਨ ਗੈਸ ਦਾ ਲੈਵਲ ਬਦਲਦਾ ਰਹਿੰਦੈ ਮੌਸਮ ਦੇ ਹਿਸਾਬ ਨਾਲ। ਇਹ ਤਰੀਕਾ ਮਦਦਗਾਰ ਹੋ ਸਕਦੈ, ਜੇ ਤੁਸੀਂ ਲੰਮੇ ਸਮੇਂ ਲਈ ਰੀਡਿੰਗ ਲੈਣਾ ਚਾਹੁੰਦੇ ਹੋ। ਇਹ ਕਿੱਟ ਹਨ, ਜੇ ਤੁਸੀਂ ਆਪ ਚੈੱਕ ਕਰਨਾ ਚਾਹੁੰਦੇ ਹੋ। ਕੀਮਤ ਤਕਰੀਬਨ 20-30 ਡਾਲਰ ਹੁੰਦੀ ਏ, ਚੰਗੀ ਤਰ੍ਹਾਂ instructions follow ਕਰਨੀਆਂ ਚਾਹੀਦੀਆਂ ਹਨ। ਜਾਂ Professional ਹੁੰਦੇ ਨੇ, (national radon defense network certified) ਤੁਸੀਂ ਪ੍ਰੋਫੈਸ਼ਨਲ ਤੋਂ ਚੈੱਕ ਕਰਵਾ ਸਕਦੇ ਹੋ, ਨਤੀਜਾ ਜ਼ਿਆਦਾ ਸਹੀ ਹੁੰਦੈ, ਪਰ ਮਹਿੰਗਾ ਪੈਂਦਾ; ਫੀਸ ਨਿਰਭਰ ਹੈ, ਘਰ ਕਿੰਨਾ ਵੱਡਾ ਹੈ। ਤਕਰੀਬਨ 125-250 ਡਾਲਰ ਤੱਕ ਲੱਗ ਸਕਦੇ ਨੇ। ਜੇ ਇਹ ਗੈਸ ਜ਼ਿਆਦਾ ਹੋਵੇ (over 4 PCi/L) ਤਾਂ ਤਰੀਕੇ ਹਨ, ਇਸ ਦਾ ਲੈਵਲ ਘੱਟ ਕਰਨ ਲਈ (mitigation methods)"

"ਦੀਦੀ, ਐ ਤਾਂ ਵਧੀਆ ਕੀਤਾ ਇਹ ਸਾਰੀ ਜਾਣਕਾਰੀ ਦੇ ਦਿੱਤੀ। ਮੈਨੂੰ ਤਾਂ ਇਸ ਬਾਰੇ ਕੁਝ ਵੀ ਨਹੀਂ ਸੀ ਪਤਾ।"

"ਹੁਣ ਤੈਨੂੰ ਪਤਾ ਲੱਗ ਗਿਐ ਕਿਉਂ ਨਾ ਤੂੰ ਹੁਣ social share ਕਰ ਅਤੇ ਸਾਰੀਆਂ ਸਹੇਲੀਆਂ ਤੇ ਰਿਸ਼ਤੇਦਾਰਾਂ ਨੂੰ ਇਸ ਦੀ ਜਾਣਕਾਰੀ ਦੇ। ਕਿਸੇ ਦਾ ਭਲਾ ਹੋ ਜਾਵੇਗਾ। ਹੈਂ ਨਾ!

-ਆਪਾਂ ਨੂੰ ਸੂਰਜ ਦੀਆਂ UV ਰੇਅਜ਼ ਤੋਂ ਵੀ ਬਚਣਾ ਚਾਹੀਦੈ, ਸਨ ਸਕਰੀਨ ਇਸਤੇਮਾਲ ਕਰ ਕੇ। ਜਦੋਂ ਸਨ ਸਕਰੀਨ ਖਰੀਦੋ ਤਾਂ ਕੁਝ ਗੱਲਾਂ ਵੱਲ ਧਿਆਨ ਦੇਵੋ:

*ਇਹ ਘੱਟ ਤੋਂ ਘੱਟ 30 SPF ਹੋਵੇ

*ਇਹ UVA ਅਤੇ UVB ਦੋਹਾਂ ਤੋਂ ਬਚਾਵੇ

*ਇਸ ਦਾ ਇਸਤੇਮਾਲ ਕਰੋ, ਬੱਦਲਵਾਈ ਵਾਲੇ ਦਿਨ ਵੀ, ਘਰ ਅੰਦਰ ਵੀ, ਕਾਰ ਵਿੱਚ ਵੀ। ਖੈਰ, ਬਾਹਰ ਤਾਂ ਕਰਨਾ ਈ ਹੈ।"

"ਦੀਦੀ, ਇਨ੍ਹਾਂ UVA ਅਤੇ UVB ਵਿੱਚ ਕੀ ਫਰਕ ਹੈ?"

"UVA (ultraviolet rays A) ਆਪਣੀ ਚਮੜੀ ਵਿੱਚ ਡੂੰਘੀਆਂ ਚਲੀਆਂ ਜਾਂਦੀਆਂ ਨੇ (ਸ਼ੀਸ਼ੇ ਰਾਹੀਂ ਵੀ, ਕਾਰ ਅਤੇ ਘਰ ਅੰਦਰ ਵੀ)। ਇਨ੍ਹਾਂ ਦਾ ਅਸਰ ਚਮੜੀ ਦੇ ਇਲਾਸਟਿਕ ਅਤੇ ਕੌਲੇਜਨ 'ਤੇ ਹੋਣ ਕਰਕੇ ਇਹ ਚਮੜੀ ਵਿੱਚ ਝੁਰੜੀਆਂ ਪਾਉਂਦੀਆਂ ਨੇ।

UVB ਰੇਅਜ਼ ਆਪਣੀ ਚਮੜੀ ਦੇ ਉਤੇ ਅਸਰ ਕਰਦੀਆਂ ਨੇ ਪਿਗਐਨਟੇਸ਼ਨ ਕਰਕੇ ਅਤੇ ਚਮੜੀ ਦਾ ਕੈਂਸਰ ਕਰਕੇ, ਆਪਾਂ ਨੂੰ ਡਿਜੀਟਲ ਸਕਰੀਨ ਦੀ blue light ਤੋਂ ਵੀ ਬਚਣਾ ਚਾਹੀਦੈ, ਕਿਉਂਕਿ ਇਸ ਨਾਲ ਅੱਖਾਂ 'ਤੇ ਸਟਰੈਸ, ਅੱਖਾਂ ਨੂੰ ਨੁਕਸਾਨ, ਕੈਟਾਰੈਕਟ ਅਤੇ ਅੱਖਾਂ ਦੇ ਕੈਂਸਰ ਦਾ ਖਤਰਾ ਵਧ ਜਾਂਦੈ।

**2. ਕੈਮੀਕਲ ਕਾਰਸਿਨੋਜਨਜ਼ (chemical carcinogens)** ਆਪਣਾ ਦੂਸਰਾ ਗਰੁੱਪ ਹੈ। ਜਿਹੜੀਆਂ ਚੀਜ਼ਾਂ ਜਾਂ ਫੈਕਟਰਜ਼, ਕੈਂਸਰ ਹੋਣ ਦਾ ਖਤਰਾ ਵਧਾਉਂਦੇ ਨੇ, ਉਨ੍ਹਾਂ ਨੂੰ ਕਾਰਸਿਨੋਜਨਜ਼ ਕਿਹਾ ਜਾਂਦੈ। ਇਨ੍ਹਾਂ ਵਿੱਚ ਆ ਜਾਂਦੇ ਨੇ- ਐਸਬੈਸਟੋਸ (asbestos), ਬੈਨਜੀਨ (benzene), ਵਾਈਨਲ ਕਲੋਰਾਈਡ (vinyl chloride), ਆਰਸੈਨਿਕ ਅਤੇ ਟਰਾਈਕਲੋਰੋਐਥਲੀਨ (trichloroethylene) ਵਗੈਰਾ।

**3. ਇਨਫੈਕਸ਼ਨਜ਼ (Infections):** ਇਹ ਤੀਸਰਾ ਗਰੁੱਪ ਹੈ, ਇਨ੍ਹਾਂ ਵਿੱਚ ਸ਼ਾਮਲ ਹਨ- ਵਾਇਰਸ ਜਿਵੇਂ ਐਪਸਟੀਨ ਬਾਰ ਵਾਇਰਸ, ਐਚ.ਆਈ.ਵੀ., ਪੈਪੀਲੋਮਾ ਅਤੇ ਹੈਪਟਾਈਟਸ ਬੀ। ਹੋਰ ਤਰ੍ਹਾਂ ਦੇ ਇਨਫੈਕਸ਼ਨਜ਼ ਵੀ ਵਿੱਚੇ ਹੀ ਆ ਜਾਂਦੇ ਨੇ।

**4. ਲਾਈਫ ਸਟਾਈਲ:** ਇਹ ਕਾਫੀ ਵੱਡਾ ਗਰੁੱਪ ਹੈ; ਕੈਂਸਰ ਦਾ ਖਤਰਾ ਵਧਾਉਣ ਵਾਲੀਆਂ ਗੱਲਾਂ ਵਿੱਚ ਆ ਜਾਂਦੇ ਨੇ,

-ਤਣਾਅ, stress, anxiety

-ਸਮੋਕ ਕਰਨਾ

-ਐਲਕੋਹਲ ਦਾ ਇਸਤੇਮਾਲ

-ਐਕਸਰਸਾਈਜ਼ ਨਾ ਕਰਨੀ

-ਮੋਟਾਪਨ

-ਵਧਦੀ ਉਮਰ – older age

-ਹਾਰਮੋਨਜ਼ ਦਾ ਇਸਤੇਮਾਲ ਕਰਨਾ, ਜਿਵੇਂ ਬਰਥ ਕੰਟਰੋਲ ਵਾਲੀਆਂ ਗੋਲੀਆਂ ਅਤੇ HRT (hormone replacement menopause) ਤੋਂ ਬਾਅਦ

-ਕੌਸਮੈਟਿਕ (cosmetics) ਦਾ ਇਸਤੇਮਾਲ ਵੀ ਦੇਖਿਆ ਗਿਐ, ਰਿਸਕ ਵਧਾ ਦਿੰਦੈ।

-ਨੌਨਸਟਿਕ ਭਾਂਡੇ ਦਾ ਇਸਤੇਮਾਲ ਕਰਨਾ

-ਐਲੂਮੀਨਅਮ ਦੇ ਬਰਤਨ ਅਤੇ ਫੁਆਇਲ ਦਾ ਇਸਤੇਮਾਲ

-ਪੀਣ ਵਾਲੇ ਪਾਣੀ ਵਿੱਚ ਮਾਈਕਰੋਪਲਾਸਟਿਕਜ਼ ਦੀ ਵਧਦੀ ਮਿਕਦਾਰ- ਪਲਾਸਟਿਕ ਦੀਆਂ ਬੋਤਲਾਂ ਤੋਂ; ਖੁਰਾਕ ਵਿੱਚ ਪਲਾਸਟਿਕ- ਡੱਬਿਆਂ ਵਗੈਰਾ ਤੋਂ ਅਤੇ ਆਪਣੇ ਆਲੇ-ਦੁਆਲੇ (environment) ਵਿੱਚ। ਸਮੁੰਦਰ ਵਿੱਚ ਇੰਨੀ ਪਲਾਸਟਿਕ ਜਮ੍ਹਾਂ ਹੋ ਗਈ ਹੈ ਕਿ ਵ੍ਹੇਲ ਵਗੈਰਾ ਮਰਨ ਲੱਗ ਪਈਆਂ ਹਨ। ਆਪਾਂ ਜਾਣਦੇ ਹੋਏ ਵੀ ਇਨ੍ਹਾਂ ਦਾ ਇਸਤੇਮਾਲ ਬੰਦ ਨਹੀਂ ਕਰ ਰਹੇ, ਕਿੰਨੀ ਦੁੱਖ ਦੀ ਗੱਲ ਹੈ!

ਕੈਂਸਰ ਕਰਨ ਵਿੱਚ ਆਪਣੀ ਖੁਰਾਕ ਦਾ ਬਹੁਤ ਵੱਡਾ ਯੋਗਦਾਨ ਹੈ। ਮਿਹਰਬਾਨੀ ਹੈ ਖੁਰਾਕ ਇੰਡਸਟਰੀ ਦੀ, ਉਨ੍ਹਾਂ ਨੂੰ ਆਪਣੀ ਜੇਬ ਇੰਨੀ ਪਿਆਰੀ ਹੈ ਕਿ ਨੇਸ਼ਨ ਦੀ ਸਿਹਤ ਦੀ ਕੋਈ ਪਰਵਾਹ ਨਹੀਂ। FDA ਦੀਆਂ ਅੱਖਾਂ ਵਿੱਚ ਵੀ ਮਿੱਟੀ ਪਾਉਣ ਦੀ ਕਸਰ ਨਹੀਂ ਛੱਡੀ। ਇਹਦੀ ਆਪਾਂ ਨੇ ਬਹੁਤ ਵਾਰੀ ਵਿਚਾਰ ਕੀਤੀ ਹੈ ਪਹਿਲਾਂ ਹੀ ਪਿਛਲੀਆਂ ਮੁਲਾਕਾਤਾਂ ਵਿੱਚ।"

"ਦੀਦੀ, ਇਹ ਵਿਸ਼ਾ ਬਹੁਤ ਮਹੱਤਵਪੂਰਨ ਹੈ, ਕਿਉਂ ਨਾ ਇੱਕ ਵਾਰ ਫਿਰ ਇਸ 'ਤੇ ਸੰਖੇਪ ਵਿਚਾਰ ਕਰ ਲਈਏ ਅਗਲੀ ਵਾਰ। ਗੱਲਾਂ ਭੁੱਲ ਜਾਂਦੀਆਂ ਨੇ। ਕਈ ਵਾਰ ਪਤਾ ਹੁੰਦੈ, ਪਰ ਆਪਾਂ ਉਸ ਨੂੰ ਆਪਣੀ ਵਰਤੋਂ ਵਿੱਚ ਨਹੀਂ ਲਿਆਉਂਦੇ।"

"ਚੱਲ ਮਿਲਦੇ ਆਂ ਅਗਲੀ ਵਾਰ। ਇਸ ਤੋਂ ਅੱਗੇ ਵਿਚਾਰ ਕਰਾਂਗੇ।"

ਸਿਹਤ ਵਾਹਗਿਓਂ ਪਾਰ ਦੀ...

# ਯੂਨੀਵਰਸਲ ਹੈਲਥ ਕਵਰੇਜ ਅਤੇ ਜਨਤਕ ਸਿਹਤ ਸੰਕਟ

**ਪ੍ਰੋ. ਜ਼ਫਰ ਮਿਰਜ਼ਾ**

ਯੂਨੀਵਰਸਲ ਹੈਲਥ ਕਵਰੇਜ (ਯੂ.ਐੱਚ.ਸੀ.) ਹਮੇਸ਼ਾ ਪ੍ਰਗਤੀ ਵਿੱਚ ਇੱਕ ਕੰਮ ਹੁੰਦਾ ਹੈ। ਇਸ ਲਈ ਯੂ.ਐੱਚ.ਸੀ. ਨੂੰ ਅੱਗੇ ਵਧਾਉਣਾ ਯੂ.ਐੱਚ.ਸੀ. ਨੂੰ ਪ੍ਰਾਪਤ ਕਰਨ ਨਾਲੋਂ ਬਿਹਤਰ ਵਾਕਾਂਸ਼ ਹੈ। ਦੇਸ਼ ਵਿੱਚ ਬਹੁ-ਆਯਾਮੀ ਜਨਤਕ ਸਿਹਤ ਸੰਕਟ ਦੇ ਬਾਵਜੂਦ ਪਾਕਿਸਤਾਨ ਵਿਚ ਯੂ.ਐੱਚ.ਸੀ. ਦੇ ਸਬੰਧ ਵਿੱਚ ਕੁਝ ਮਹੱਤਵਪੂਰਨ ਵਿਕਾਸ ਹੋਏ ਹਨ, ਜਿਸ ਵਿੱਚ ਰਾਸ਼ਟਰੀ ਤੇ ਸੂਬਾਈ ਪੱਧਰ 'ਤੇ ਸਿਹਤ ਸੇਵਾਵਾਂ ਦੇ ਜ਼ਰੂਰੀ ਪੈਕੇਜ ਦਾ ਵਿਕਾਸ ਸ਼ਾਮਲ ਹੈ ਅਤੇ ਸਿਹਤ ਸੁਵਿਧਾ ਪ੍ਰੋਗਰਾਮ ਦੇ ਰੂਪ ਵਿੱਚ ਸਿਹਤ ਬੀਮਾ; ਹਾਲਾਂਕਿ ਹਸਪਤਾਲ ਵਿੱਚ ਭਰਤੀ ਹੋਣ ਤੱਕ ਸੀਮਿਤ ਹੈ। ਯੂ.ਐੱਚ.ਸੀ. ਦਾ ਤੀਜਾ ਮਹੱਤਵਪੂਰਨ ਤੱਤ ਨਿਯਮਤ ਨਿਗਰਾਨੀ ਹੈ, ਜੋ ਇਸ ਲਿਖਤ ਦਾ ਵਿਸ਼ਾ ਹੈ।

ਯੂ.ਐੱਚ.ਸੀ. ਨਿਗਰਾਨੀ ਗੁੰਝਲਦਾਰ ਹੈ; ਸਭ ਤੋਂ ਵਧੀਆ, ਇਹ ਵੱਖ-ਵੱਖ ਮਾਪਾਂ ਵਿੱਚ ਇਸਦੀ ਤਰੱਕੀ ਨੂੰ ਦਰਸਾਉਂਦਾ ਹੈ। ਸਭ ਤੋਂ ਪਹਿਲਾਂ ਇਹ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ ਕਿ ਯੂ.ਐੱਚ.ਸੀ. ਵਿੱਚ ਕੀ ਸ਼ਾਮਲ ਹੈ। ਯੂ.ਐੱਚ.ਸੀ. ਵੀ ਡਬਲਿਊ.ਐੱਚ.ਓ. ਦੀ ਪਰਿਭਾਸ਼ਾ ਦੁਹਰਾਉਂਦੀ ਹੈ: "ਜਦੋਂ ਸਾਰੇ ਲੋਕ ਅਤੇ ਭਾਈਚਾਰਾ ਉਨ੍ਹਾਂ ਨੂੰ ਲੋੜੀਂਦੀਆਂ ਪ੍ਰੋਮੋਟਿਵ, ਰੋਕਥਾਮ, ਉਪਚਾਰਕ, ਪੁਨਰਵਾਸ ਅਤੇ ਉਪਚਾਰਕ ਸਿਹਤ ਸੇਵਾਵਾਂ ਦੀ ਵਰਤੋਂ ਕਰ ਸਕਦੇ ਹਨ, ਜੋ ਉਨ੍ਹਾਂ ਨੂੰ ਪ੍ਰਭਾਵੀ ਹੋਣ ਲਈ ਲੋੜੀਂਦੀ ਗੁਣਵੱਤਾ ਦੀਆਂ ਹਨ; ਇਹ ਯਕੀਨੀ ਬਣਾਉਣਾ ਵੀ ਹੈ ਕਿ ਇਨ੍ਹਾਂ ਸੇਵਾਵਾਂ ਦੀ ਵਰਤੋਂ ਦਾ ਖੁਲਾਸਾ ਨਾ ਹੋਵੇ, ਉਪਭੋਗਤਾ ਨੂੰ ਵਿੱਤੀ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ।"

ਕੀ ਸਾਡੇ ਕੋਲ ਯੂ.ਐੱਚ.ਸੀ. ਦੇ ਇਨ੍ਹਾਂ ਸਾਰੇ ਵਿਭਿੰਨ ਅਤੇ ਆਪਸ ਵਿੱਚ ਜੁੜੇ ਪਹਿਲੂਆਂ ਨੂੰ ਕਵਰ ਕਰਨ ਵਾਲਾ ਅਜਿਹਾ ਸੰਯੁਕਤ ਭਰੋਸੇਮੰਦ ਮੈਟ੍ਰਿਕ ਹੈ? ਜਵਾਬ ਨਹੀਂ ਹੈ। ਪਰ ਫਿਰ 'ਸੰਪੂਰਨ' 'ਚੰਗੇ' ਦਾ ਦੁਸ਼ਮਣ ਹੈ। ਅਸੀਂ ਸੰਪੂਰਨ ਨਹੀਂ ਹੋ ਸਕਦੇ, ਪਰ ਅਸੀਂ ਅਜੇ ਵੀ ਸੁਧਾਰਾਂ ਦੀ ਵਰਤੋਂ ਕਰਕੇ ਅਤੇ ਸੂਚਕਾਂ ਦੇ ਨਾਲ-ਨਾਲ ਚੋਣਵੇਂ ਅਤੇ ਟੁਕੜੇ ਢੰਗਾਂ ਦੀ ਵਰਤੋਂ ਕਰਕੇ ਕੁਝ ਪਹਿਲੂਆਂ ਦੀ ਨਿਗਰਾਨੀ ਕਰ ਸਕਦੇ ਹਾਂ, ਤੇ ਫਿਰ ਇਹ ਦੇਖਣ ਲਈ ਕਿ ਅਸੀਂ ਯੂ.ਐੱਚ.ਸੀ. ਵਿੱਚ ਕਿਵੇਂ ਚੱਲ ਰਹੇ ਹਾਂ, ਇਨ੍ਹਾਂ ਸਭ ਨੂੰ ਇਕੱਠੇ ਲਿਆ ਸਕਦੇ ਹਾਂ।

2015 ਵਿੱਚ ਇੱਕ ਵਾਟਰਸ਼ੈੱਡ ਸਸਟੇਨੇਬਲ ਡਿਵੈਲਪਮੈਂਟ ਏਜੰਡੇ (ਐੱਸ.ਡੀ.ਜੀ.) ਨੂੰ ਸੰਯੁਕਤ ਰਾਸ਼ਟਰ ਵਿੱਚ ਸਾਰੇ ਰਾਜਾਂ ਦੇ ਮੁਖੀਆਂ ਦੁਆਰਾ ਮਨਜ਼ੂਰ ਕੀਤਾ ਗਿਆ ਸੀ। ਯੂ.ਐੱਚ.ਸੀ. ਤੀਜੇ ਐੱਸ.ਡੀ.ਜੀ. ਤਹਿਤ ਟੀਚਾ 3.8 ਬਣ ਗਿਆ। ਉਸੇ ਸਾਲ ਡਬਲਿਯੂ.ਐੱਚ.ਓ. ਅਤੇ ਵਿਸ਼ਵ ਬੈਂਕ ਨੇ ਮਿਲ ਕੇ 'ਯੂਨੀਵਰਸਲ ਹੈਲਥ ਕਵਰੇਜ ਨੂੰ ਟਰੈਕ ਕਰਨ' 'ਤੇ 'ਪਹਿਲੀ ਗਲੋਬਲ ਨਿਗਰਾਨੀ ਰਿਪੋਰਟ' ਤਿਆਰ ਕੀਤੀ। ਉਦੋਂ ਤੋਂ, ਦੋਵਾਂ ਏਜੰਸੀਆਂ ਨੇ ਸਾਂਝੇ ਤੌਰ 'ਤੇ ਸੱਤ ਰਿਪੋਰਟਾਂ ਤਿਆਰ ਕੀਤੀਆਂ ਹਨ। ਆਖਰੀ ਰਿਪੋਰਟ 2023 ਵਿੱਚ ਤਿਆਰ ਕੀਤੀ ਸੀ।

ਪਾਕਿਸਤਾਨ ਉਨ੍ਹਾਂ ਕੁਝ ਦੇਸ਼ਾਂ ਵਿੱਚੋਂ ਇੱਕ ਹੈ, ਜਿਸ ਨੇ ਯੋਜਨਾਬੱਧ ਢੰਗ ਨਾਲ ਸਾਲਾਨਾ ਰਾਸ਼ਟਰੀ ਯੂ.ਐੱਚ.ਸੀ. ਨਿਗਰਾਨੀ ਰਿਪੋਰਟ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ। ਪਹਿਲੀ 2023 ਵਿੱਚ ਸੀ, ਜਦੋਂ ਕਿ 2024 ਦੀ ਰਿਪੋਰਟ ਪਿਛਲੇ ਮਹੀਨੇ ਪ੍ਰਕਾਸ਼ਿਤ ਕੀਤੀ ਗਈ ਸੀ- ਸਿਹਤ ਮੰਤਰਾਲੇ ਦੀ ਸਿਹਤ ਯੋਜਨਾ, ਸਿਸਟਮ ਮਜ਼ਬੂਤੀ ਤੇ ਸੂਚਨਾ ਵਿਸ਼ਲੇਸ਼ਣ ਯੂਨਿਟ ਅਤੇ ਯੂ.ਕੇ. ਦੇ ਵਿਦੇਸ਼ੀ ਰਾਸ਼ਟਰਮੰਡਲ ਤੇ ਵਿਕਾਸ ਦਫਤਰ ਦੇ ਸਹਿਯੋਗ ਨਾਲ।

ਰਿਪੋਰਟ ਪੂਰੇ ਦੇਸ਼ ਲਈ 2015 ਤੋਂ ਸਰਵਿਸ ਕਵਰੇਜ ਇੰਡੈਕਸ (ਐੱਸ.ਸੀ.ਆਈ.) ਪੇਸ਼ ਕਰਦੀ ਹੈ। ਇਹ ਡਬਲਿਊ.ਐੱਚ.ਓ. ਅਤੇ ਵਿਸ਼ਵ ਬੈਂਕ ਦੁਆਰਾ ਵਿਕਸਤ ਕੀਤੀ ਇੱਕ ਮਿਆਰੀ ਵਿਧੀ ਹੈ, ਜਿਸ ਵਿੱਚ ਅੱਠ ਸਿਹਤ ਸੇਵਾਵਾਂ- ਜਿਸ ਵਿੱਚ ਮਾਂ ਤੇ ਬੱਚੇ ਦੀ ਸਿਹਤ, ਸੰਚਾਰੀ ਤੇ ਗੈਰ-ਸੰਚਾਰੀ ਬਿਮਾਰੀਆਂ (ਐੱਨ.ਸੀ.ਡੀਜ਼) ਅਤੇ 'ਸੇਵਾ, ਸਮਰੱਥਾ ਤੇ ਪਹੁੰਚ' ਦੇ ਚਾਰ ਕਾਰਕ ਮੁੱਲ ਸ਼ਾਮਲ ਹਨ।

ਰਾਸ਼ਟਰੀ ਪੱਧਰ 'ਤੇ ਸਾਲ 2023 ਦੇ ਅੰਤ ਤੱਕ ਐੱਸ.ਸੀ.ਆਈ. 53.9 ਅੰਕ 'ਤੇ ਸੀ (ਇਹ ਇੱਕ ਤੋਂ 100 ਤੱਕ ਹੈ), ਜੋ ਕਿ 2015 ਦੇ ਮੁਕਾਬਲੇ 35.8 ਪ੍ਰਤੀਸ਼ਤ ਅਤੇ 2022 ਦੇ ਮੁਕਾਬਲੇ 2.2 ਪ੍ਰਤੀਸ਼ਤ ਵੱਧ ਹੈ। ਸੁਧਾਰ ਮੁੱਖ ਤੌਰ 'ਤੇ ਪ੍ਰਜਨਨ, ਮਾਵਾਂ ਅਤੇ ਬਾਲ ਸਿਹਤ ਵਿੱਚ ਦੇਖਿਆ ਗਿਆ ਹੈ, ਜਦੋਂ ਕਿ ਸੰਚਾਰੀ ਤੇ ਗੈਰ-ਸੰਚਾਰੀ ਬਿਮਾਰੀਆਂ ਲਈ ਡੇਟਾ ਉਪਲਬਧਤਾ ਦੇ ਮੁੱਦੇ ਹਨ। ਇਸਲਾਮਾਬਾਦ ਕੈਪੀਟਲ ਟੈਰੀਟਰੀ 63.9 ਦੇ ਸਕੋਰ ਨਾਲ ਸਭ ਤੋਂ ਉੱਚੇ ਅਤੇ ਪੰਜਾਬ 55.5 ਦੇ ਨਾਲ ਦੂਜੇ ਸਥਾਨ 'ਤੇ ਹੈ। ਬਲੋਚਿਸਤਾਨ ਵਿੱਚ ਸਭ ਤੋਂ ਘੱਟ ਐੱਸ.ਸੀ.ਆਈ. 38.4 ਹੈ। ਆਮ ਸ਼ਬਦਾਂ ਵਿੱਚ ਇਸਦਾ ਮਤਲਬ ਹੈ ਕਿ ਪਾਕਿਸਤਾਨ ਵਿੱਚ ਲਗਭਗ 114 ਮਿਲੀਅਨ ਵਿਅਕਤੀ ਜਨਤਕ ਜਾਂ ਨਿੱਜੀ ਖੇਤਰ ਦੁਆਰਾ ਜ਼ਰੂਰੀ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਦੇ ਯੋਗ ਵੀ ਨਹੀਂ ਹਨ। ਪਾਕਿਸਤਾਨ ਵਿੱਚ ਬੰਗਲਾਦੇਸ਼, ਚੀਨ, ਭਾਰਤ, ਈਰਾਨ, ਸ਼੍ਰੀਲੰਕਾ, ਲੇਬਨਾਨ ਅਤੇ ਇੱਥੋਂ ਤੱਕ ਕਿ ਸੀਰੀਆ ਤੋਂ ਵੀ ਘੱਟ ਐੱਸ. ਸੀ. ਆਈ. ਹੈ, ਜੋ ਲਗਾਤਾਰ ਯੁੱਧ ਦੀ ਸਥਿਤੀ ਵਿੱਚ ਹੈ।



*ਆਮ ਸ਼ਬਦਾਂ ਵਿੱਚ ਇਸਦਾ ਮਤਲਬ ਹੈ ਕਿ ਪਾਕਿਸਤਾਨ ਵਿੱਚ ਲਗਭਗ 114 ਮਿਲੀਅਨ ਵਿਅਕਤੀ ਜਨਤਕ ਜਾਂ ਨਿੱਜੀ ਖੇਤਰ ਦੁਆਰਾ ਜ਼ਰੂਰੀ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਦੇ ਯੋਗ ਵੀ ਨਹੀਂ ਹਨ। ਪਾਕਿਸਤਾਨ ਵਿੱਚ ਬੰਗਲਾਦੇਸ਼, ਚੀਨ, ਭਾਰਤ, ਈਰਾਨ, ਸ਼੍ਰੀਲੰਕਾ, ਲੇਬਨਾਨ ਅਤੇ ਇੱਥੋਂ ਤੱਕ ਕਿ ਸੀਰੀਆ ਤੋਂ ਵੀ ਘੱਟ ਐੱਸ.ਸੀ.ਆਈ. ਹੈ, ਜੋ ਲਗਾਤਾਰ ਯੁੱਧ ਦੀ ਸਥਿਤੀ ਵਿੱਚ ਹੈ।*

ਰਿਪੋਰਟ ਵਿਸਤ੍ਰਿਤ ਤਬਦੀਲੀਆਂ ਪ੍ਰਦਾਨ ਕਰਦੀ ਹੈ, ਜੋ ਕਿ 14 ਸੇਵਾਵਾਂ ਅਤੇ ਸਿਸਟਮ ਸੂਚਕਾਂ ਵਿੱਚੋਂ ਹਰੇਕ ਵਿੱਚ ਹੋਈਆਂ ਹਨ, ਜਿਸ ਵਿੱਚ ਕਿਸ਼ੋਰ ਸਿਹਤ, ਪਰਿਵਾਰ ਨਿਯੋਜਨ, ਜਨਮ ਤੋਂ ਪਹਿਲਾਂ ਦੀ ਦੇਖਭਾਲ ਦਾ ਦੌਰ, ਬਾਲ ਟੀਕਾਕਰਨ, ਪੋਲੀਓ, ਤੀਬਰ ਸਾਹ ਦੀ ਲਾਗ ਤੇ ਦਸਤ; ਐੱਚ.ਆਈ.ਵੀ., ਹੈਪੇਟਾਈਟਸ, ਮਲੇਰੀਆ, ਰੋਗਾਣੂਨਾਸ਼ਕ ਪ੍ਰਤੀਰੋਧ, ਕਾਰਡੀਓਵੈਸਕੁਲਰ ਬਿਮਾਰੀਆਂ, ਕੈਂਸਰ, ਸ਼ੂਗਰ, ਐੱਨ.ਸੀ.ਡੀਜ਼ ਦੇ ਜੋਖਮ ਦੇ ਕਾਰਕ, ਤੰਬਾਕੂ ਵਰਤੋਂ, ਹਸਪਤਾਲ ਦੇ ਬਿਸਤਰਿਆਂ ਦੀ ਉਪਲਬਧਤਾ, ਜ਼ਰੂਰੀ ਸਿਹਤ ਕਰਮਚਾਰੀ ਤੇ ਅੰਤਰਰਾਸ਼ਟਰੀ ਸਿਹਤ ਨਿਯਮਾਂ ਨੂੰ ਲਾਗੂ ਕਰਨ ਦੀ ਸਥਿਤੀ।

ਵਿੱਤੀ ਸੁਰੱਖਿਆ ਦੇ ਪੱਖ 'ਤੇ ਸਾਲ 2023 ਵਿੱਚ ਘਰੇਲੂ ਆਮਦਨ ਦੇ 10% ਤੋਂ ਵੱਧ ਵਿਨਾਸ਼ਕਾਰੀ ਸਿਹਤ ਖਰਚਿਆਂ ਕਾਰਨ ਲਗਭਗ 13.4 ਮਿਲੀਅਨ ਲੋਕਾਂ ਨੇ ਗਰੀਬੀ ਦਾ ਖਤਰਾ ਪਾਇਆ, ਮੌਜੂਦਾ ਸਿਹਤ ਖਰਚੇ ਮੁੱਖ ਤੌਰ 'ਤੇ ਗਰੀਬਾਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਉੱਚ ਮਹਿੰਗਾਈ ਦੇ ਵਿਚਕਾਰ ਵਧ ਰਹੇ ਹਨ। ਪਾਕਿਸਤਾਨ ਵਿੱਚ ਕੁੱਲ ਸਿਹਤ ਖਰਚੇ ਦਾ 46.86% ਜੇਬ ਤੋਂ ਬਾਹਰ ਦਾ ਭੁਗਤਾਨ ਹੈ, ਜੋ ਕਿ ਪਹਿਲਾਂ ਦੇ ਅਨੁਮਾਨਾਂ ਤੋਂ ਘੱਟ ਹੈ, ਪਰ ਅਜੇ ਵੀ 15% ਦੀ ਵਿਸ਼ਵ ਔਸਤ ਤੋਂ ਕਿਤੇ ਵੱਧ ਹੈ। ਬਲੋਚਿਸਤਾਨ ਨੂੰ ਵਿੱਤੀ ਸੁਰੱਖਿਆ ਦੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਥਿਤੀ ਪ੍ਰਾਈਵੇਟ ਸੈਕਟਰ ਵਿੱਚ ਪ੍ਰਾਇਮਰੀ ਹੈਲਥਕੇਅਰ ਪੱਧਰ 'ਤੇ ਘੱਟ ਜਨਤਕ ਵਿੱਤ ਅਤੇ ਸਮਾਜਿਕ ਸਿਹਤ ਬੀਮਾ ਦੀ ਘਾਟ ਦਾ ਨਤੀਜਾ ਹੈ।

2024 ਦੀ ਰਿਪੋਰਟ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਜ਼ਿਲ੍ਹਾ ਪੱਧਰ 'ਤੇ ਯੂ.ਐੱਚ.ਸੀ. ਨਾਲ ਸਬੰਧਤ ਅੰਕੜਿਆਂ ਨੂੰ ਤੋੜਨਾ ਹੈ, ਜੋ ਪਹਿਲੀ ਵਾਰ ਪੇਸ਼ ਕੀਤੇ ਗਏ ਹਨ। ਕੁਝ ਅੰਕੜੇ ਅੱਖਾਂ ਖੋਲ੍ਹਣ ਵਾਲੇ ਹਨ। ਅਸਮਾਨਤਾਵਾਂ ਅਤੇ ਪ੍ਰਣਾਲੀਗਤ ਅਯੋਗਤਾਵਾਂ ਦੇ ਸੰਦਰਭ ਵਿੱਚ ਪਾਕਿਸਤਾਨ ਦੇ ਸਾਰੇ ਜ਼ਿਲ੍ਹਿਆਂ ਦੀ ਸੂਚੀ ਦਰਸਾਉਂਦੀ ਹੈ ਕਿ ਲਾਹੌਰ ਵਿੱਚ ਪ੍ਰਤੀ ਵਿਅਕਤੀ ਸਰਕਾਰੀ ਸਿਹਤ ਖਰਚਾ 70 ਡਾਲਰ ਤੋਂ ਵੱਧ ਹੈ ਅਤੇ ਪੰਜਾਬ ਦੇ 36 ਵਿੱਚੋਂ 24 ਜ਼ਿਲ੍ਹਿਆਂ ਵਿੱਚ ਇੱਕ ਡਾਲਰ ਤੋਂ ਘੱਟ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਸਪੱਸ਼ਟ ਤੌਰ 'ਤੇ ਘੱਟ ਅਨੁਰੂਪ ਐੱਸ.ਸੀ.ਆਈ. ਹੈ। ਸਿੰਧ ਵਿੱਚ, ਕਰਾਚੀ ਵਿੱਚ ਪ੍ਰਤੀ ਵਿਅਕਤੀ ਜੀ.ਐੱਚ.ਈ. ਲਗਭਗ 25 ਡਾਲਰ ਹੈ, ਜਦੋਂ ਕਿ ਚਾਰ ਜ਼ਿਲ੍ਹਿਆਂ ਨੇ ਇੱਕ ਡਾਲਰ ਤੋਂ ਘੱਟ ਖਰਚ ਕੀਤਾ ਅਤੇ 24 ਵਿੱਚੋਂ 17 ਜ਼ਿਲ੍ਹਿਆਂ ਨੇ 10 ਡਾਲਰ ਤੋਂ ਘੱਟ ਖਰਚ ਕੀਤਾ। ਇਹ ਅੰਕੜੇ ਪੇਸ਼ਾਵਰ ਲਈ 51.5 ਡਾਲਰ ਅਤੇ ਐਬਟਾਬਾਦ ਲਈ 21 ਡਾਲਰ ਹਨ।

ਹਾਲਾਂਕਿ 32 ਜ਼ਿਲ੍ਹਿਆਂ ਵਿੱਚੋਂ ਕੋਈ ਵੀ ਲਾਲ ਰੰਗ ਵਿੱਚ ਨਹੀਂ ਹੈ, ਭਾਵ ਇੱਕ ਡਾਲਰ ਤੋਂ ਘੱਟ; ਪਰ 25 ਜ਼ਿਲ੍ਹੇ ਪ੍ਰਤੀ ਵਿਅਕਤੀ 10 ਡਾਲਰ ਤੋਂ ਘੱਟ ਪ੍ਰਾਪਤ ਕਰਦੇ ਹਨ। ਸਾਬਕਾ ਫਾਟਾ (ਨਵੇਂ ਵਿਲੀਨ ਕੀਤੇ ਜ਼ਿਲ੍ਹੇ) ਵਿੱਚ ਅਤੇ ਕੋਹਿਸਤਾਨ ਜ਼ਿਲ੍ਹੇ ਵਿੱਚ 23 ਤੱਕ ਘੱਟ ਤੋਂ ਘੱਟ ਐੱਸ.ਸੀ.ਆਈ. ਦੀ ਸਥਿਤੀ ਬਹੁਤ ਮਾੜੀ ਹੈ। ਸਾਰੇ ਪ੍ਰਾਂਤਾਂ ਵਿੱਚੋਂ ਬਲੋਚਿਸਤਾਨ ਐੱਸ.ਸੀ.ਆਈ. ਦੇ ਮਾਮਲੇ ਵਿੱਚ ਸਭ ਤੋਂ ਭੈੜਾ ਹੈ, ਹਾਲਾਂਕਿ ਜੀ.ਐੱਚ.ਈ. ਦੇ ਮਾਮਲੇ ਵਿੱਚ ਇੰਨਾ ਬੁਰਾ ਨਹੀਂ ਹੈ। ਇਹ ਮੂਲ ਰੂਪ ਵਿੱਚ ਵਿਸ਼ਾਲ ਪ੍ਰਣਾਲੀਗਤ ਅਯੋਗਤਾਵਾਂ ਨੂੰ ਦਰਸਾਉਂਦਾ ਹੈ। 33 ਜ਼ਿਲ੍ਹਿਆਂ ਵਿੱਚੋਂ 24 ਜ਼ਿਲ੍ਹਿਆਂ ਵਿੱਚ ਜੀ.ਐੱਚ.ਈ. 10 ਡਾਲਰ ਤੋਂ ਘੱਟ ਹੈ, ਜਦੋਂ ਕਿ ਸੂਬਾਈ ਰਾਜਧਾਨੀ ਕਵੇਟਾ ਲਈ ਇਹੀ 37.2 ਅਤੇ ਲੋਰੇਲਾਈ ਲਈ 25.7 ਹੈ। ਬਲੋਚਿਸਤਾਨ ਦੇ ਸਿਰਫ ਚਾਰ ਜ਼ਿਲ੍ਹਿਆਂ ਵਿੱਚ ਇੱਕ ਐੱਸ.ਸੀ.ਆਈ. 40 ਤੋਂ ਉੱਪਰ ਹੈ। ਡੇਰਾ ਬੁਗਤੀ ਵਿੱਚ 18 ਅਤੇ ਕਿਲਾ ਅਬਦੁੱਲਾ ਵਿੱਚ 20 ਦੇ ਕਰੀਬ ਸੇਵਾ ਕਵਰੇਜ ਹੈ। ਗਿਲਗਿਤ-ਬਾਲਟਿਸਤਾਨ ਅਤੇ ਆਜ਼ਾਦ ਕਸ਼ਮੀਰ ਵਿੱਚ ਸਥਿਤੀ ਮੁਕਾਬਲਤਨ ਬਿਹਤਰ ਹੈ। ਇਸਲਾਮਾਬਾਦ ਵਿੱਚ ਪ੍ਰਤੀ ਵਿਅਕਤੀ ਜੀ.ਐੱਚ.ਈ. 79 ਹੈ, ਜੋ ਦੇਸ਼ 'ਚ ਸਭ ਤੋਂ ਵੱਧ ਹੈ; ਤੇ ਇਸੇ ਤਰ੍ਹਾਂ ਐੱਸ.ਸੀ.ਆਈ. ਹੈ, ਜੋ ਕਿ 64 ਹੈ।

ਰਿਪੋਰਟ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਅੰਤਰ-ਸੈਕਟੋਰਲ ਖੇਤਰਾਂ ਵਿੱਚ ਵੀ ਜਾਂਦੀ ਹੈ ਅਤੇ ਗਰੀਬੀ, ਪੋਸ਼ਣ, ਲਿੰਗ ਸਮਾਨਤਾ, ਪਾਣੀ, ਸੈਨੀਟੇਸ਼ਨ, ਰੁਜ਼ਗਾਰ ਤੇ ਸ਼ਹਿਰੀਕਰਨ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਨਾਲ ਮਹੱਤਵਪੂਰਨ ਸਿਫ਼ਾਰਸ਼ਾਂ ਕਰਦੇ ਹੋਏ ਨੀਤੀ ਅਤੇ ਅੰਕੜਿਆਂ ਦੇ ਅੰਤਰਾਂ ਦੀ ਪਛਾਣ ਕਰਦੀ ਹੈ।

ਇਹ ਆਸਾਨੀ ਨਾਲ ਸਭ ਤੋਂ ਵਧੀਆ ਰਾਸ਼ਟਰੀ ਰਿਪੋਰਟ ਹੈ, ਜੋ ਮੈਂ ਯੂ.ਐੱਚ.ਸੀ. 'ਤੇ ਪੜ੍ਹੀ ਹੈ। ਉਮੀਦ ਹੈ ਕਿ ਇਹ ਸਾਲਾਨਾ ਨਿਗਰਾਨੀ ਅਤੇ ਰਿਪੋਰਟਿੰਗ ਅਭਿਆਸ ਭਵਿੱਖ ਵਿੱਚ ਅਤੇ ਸਰਕਾਰ ਦੇ ਆਪਣੇ ਫੰਡਿੰਗ ਨਾਲ ਜਾਰੀ ਰਹੇਗਾ।

---

**ਅਹਿਸਾਸ**

**ਹਰਜੋਤ ਸਿੰਘ ਸਿੱਧੂ**
**ਫੋਨ: +91-9854800075**



# ਮੇਰੀ ਬੀਬੀ

ਸਾਡੇ ਬਚਪਨ ਦੇ ਸਮੇਂ ਦੌਰਾਨ ਗਰਮੀਆਂ ਦੀਆਂ ਛੁੱਟੀਆਂ ਸਭ ਤੋਂ ਵੱਧ ਉਡੀਕੇ ਜਾਣ ਅਤੇ ਖ਼ੁਸ਼ੀਆਂ ਵਾਲੇ ਦਿਨ ਹੁੰਦੇ ਸਨ। ਸਕੂਲ ਦੇ ਦਿਨਾਂ ਦੌਰਾਨ ਜਦੋਂ ਇਹ ਛੁੱਟੀਆਂ ਹੁੰਦੀਆਂ ਸਨ ਤਾਂ ਸਭ ਤੋਂ ਪਹਿਲਾਂ ਜਿਸ ਥਾਂ 'ਤੇ ਮੈਂ ਲੰਬਾ ਸਮਾਂ ਰਹਿਣ ਲਈ ਜਾਂਦਾ, ਉਹ ਮੇਰਾ ਨਾਨਕਾ ਪਿੰਡ ਸੀ। ਉਦੋਂ ਬੱਸ ਦੇ ਸਫ਼ਰ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਸੀ। ਸੰਗਤ 'ਕੈਂਚੀਆਂ' (ਉਹ ਜਗ੍ਹਾ ਜਿੱਥੇ ਚਾਰੇ ਸੜਕਾਂ ਇੱਕ ਦੂਜੇ ਨੂੰ ਕੱਟਦੀਆਂ ਹੋਣ) ਤੋਂ ਮੈਂ ਲੋਕਲ ਬੱਸ ਵਿੱਚ ਚੜ੍ਹਦਾ ਸੀ, ਜੋ ਅੱਗੇ ਮੈਨੂੰ ਮੁੱਖ ਸੜਕ 'ਤੇ ਉੱਥੇ ਉਤਾਰ ਦਿੰਦੀ, ਜਿੱਥੇ ਮੇਰਾ ਨਾਨਕਾ ਪਿੰਡ ਸੀ। ਸੰਗਤ ਤੋਂ ਜੋਧਪੁਰ ਰੋਮਾਣਾ ਤੱਕ ਬੱਸ ਦੀ ਟਿਕਟ ਉਸ ਸਮੇਂ ਚਾਰ ਰੁਪਏ ਸੀ।

ਮੈਨੂੰ ਲੈਣ ਵਾਸਤੇ ਮੇਰੀ ਨਾਨੀ ਜੀ, ਜਿਨ੍ਹਾਂ ਨੂੰ ਸਾਰਾ ਪਿੰਡ ਅਤੇ ਸਾਰੇ ਰਿਸ਼ਤੇਦਾਰ ਪਿਆਰ ਨਾਲ 'ਬੀਬੀ' ਕਹਿ ਕੇ ਬੁਲਾਉਂਦੇ ਸਨ, ਬੱਸ ਦੇ ਆਉਣ ਤੋਂ ਪਹਿਲਾਂ ਹੀ ਮੁੱਖ ਸੜਕ 'ਤੇ ਪਹੁੰਚ ਜਾਂਦੇ ਸਨ, ਜਿੱਥੇ ਬੱਸ ਰੁਕਦੀ ਸੀ। ਬੀਬੀ ਦੇ ਮਿੱਠੇ ਅਤੇ ਪਿਆਰ ਭਰੇ ਬੋਲ ਹੁਣ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ, "ਮਾਂ ਸਦਕੇ ਮੇਰਾ ਦੋਹਤਾ ਆਇਆ, ਮੇਰਾ ਜਿਓਣ ਜੋਗਾ, ਲੈ ਮਿੱਠਿਆ ਤੁਸੀਂ ਤਾਂ ਮਸਾਂ ਆਉਣੇ ਓਂ, ਮੇਰਾ ਸੋਹਣਾ ਪੁੱਤ," ਅਤੇ ਹੋਰ ਬਹੁਤ ਕੁਝ।

ਗਰਮੀਆਂ ਦੀਆਂ ਛੁੱਟੀਆਂ ਦੀਆਂ ਦੁਪਹਿਰਾਂ ਵਿੱਚ ਭੋਂਪੂ ਦੀ ਇੱਕ ਅਜਿਹੀ ਆਵਾਜ਼ ਗੂੰਜਣੀ, ਜੋ ਸਾਨੂੰ ਗੇਟ ਤੱਕ ਪਹੁੰਚਣ ਲਈ ਮਜਬੂਰ ਕਰ ਦਿੰਦੀ ਸੀ। ਇਹ ਆਵਾਜ਼ ਦੱਸਦੀ ਸੀ ਕਿ ਪਿੰਡ ਵਿੱਚ ਕੁਲਫ਼ੀ ਵਾਲੀ ਰੇਹੜੀ ਆ ਗਈ ਹੈ। ਉਸ ਵਕਤ ਸਭ ਤੋਂ ਵੱਧ ਮਹਿੰਗੀ ਪੰਜ ਰੁਪਏ ਵਾਲੀ ਚੋਕੋ ਬਾਰ ਕੁਲਫ਼ੀ ਸੀ। ਸਭ ਤੋਂ ਸਸਤੀ ਸੰਤਰੇ ਵਾਲੀ ਕੁਲਫ਼ੀ ਇੱਕ ਰੁਪਏ ਦੀ ਅਤੇ ਦੁੱਧ ਵਾਲੀ ਦੋ ਰੁਪਏ ਦੀ ਹੁੰਦੀ ਸੀ, ਜੋ ਕਿ ਕਾਗਜ਼ ਵਿੱਚ ਲਪੇਟੀ ਹੁੰਦੀ ਸੀ। ਉਸ ਸਮੇਂ ਇੱਕ ਚੋਕੋ ਬਾਰ ਖਰੀਦਣਾ ਜਾਂ ਖਾਣਾ ਬਹੁਤ ਦੂਰ ਦੀ ਗੱਲ ਸੀ, ਇਸ ਲਈ ਅਸੀਂ 'ਸੰਤਰੇ ਵਾਲੀ ਕੁਲਫ਼ੀ' ਨਾਲ ਖ਼ੁਸ਼ ਹੋ ਜਾਂਦੇ ਸੀ। ਮੈਂ ਆਪਣੇ ਭੈਣ-ਭਰਾਵਾਂ ਨਾਲ ਕਣਕ ਦੀ ਬਾਲਟੀ ਭਰ ਲੈਣੀ, ਕਦੇ ਬੀਬੀ ਦੀ ਇਜਾਜ਼ਤ ਨਾਲ ਅਤੇ ਕਦੇ-ਕਦਾਈਂ ਉਸ ਨੂੰ ਬਿਨਾਂ ਦੱਸੇ, ਦੁੱਧ ਵਾਲੀ ਜਾਂ ਸੰਤਰੇ ਵਾਲੀ ਕੁਲਫ਼ੀ ਖਰੀਦਣ ਲਈ। ਕਦੇ ਕਦੇ ਅਸੀਂ ਬੀਬੀ ਤੋਂ ਪੈਸੇ ਮੰਗਦੇ, ਜੋ ਉਹ ਆਪਣੇ ਦੁਪੱਟੇ ਦੇ ਕੋਨੇ 'ਚ ਮਾਰੀਆਂ ਗੰਢਾਂ ਹੌਲੀ ਹੌਲੀ ਖੋਲ੍ਹਦਿਆਂ ਕੱਢਦੀ। ਫੇਰ ਅਸੀਂ ਪਿੰਡ ਦੀ ਦੁਕਾਨ 'ਤੇ ਗੋਲੀ ਵਾਲਾ ਬੱਤਾ, ਇਮਲੀ ਦੇ ਪੈਕੇਟ ਜਾਂ ਗੁਰੂ-ਚੇਲਾ ਨਾਮ ਦੇ ਚਟਪਟੀਆਂ ਗੋਲੀਆਂ ਦੇ ਛੋਟੇ ਪੈਕੇਟ ਖਰੀਦਣ ਲਈ ਜਾਂਦੇ ਸਾਂ।

ਸ਼ਾਮ ਨੂੰ ਬੀਬੀ ਸਾਨੂੰ ਮੱਝਾਂ ਛੱਪੜ ਵਿੱਚ ਲਿਜਾਣ ਦਾ ਹੁਕਮ ਦਿੰਦੀ। ਉਹ ਮਨਮੋਹਕ ਪਲ ਮੈਨੂੰ ਅੱਜ ਵੀ ਯਾਦ ਹਨ ਤੇ ਦਿਲ ਨੂੰ ਸੰਤੁਸ਼ਟੀ ਦਿੰਦੇ ਹਨ। ਨਹਾਉਣ ਤੋਂ ਬਾਅਦ ਇੱਕ ਮੱਝ ਹਮੇਸ਼ਾ ਛੱਪੜ 'ਚੋਂ ਬਾਹਰ ਨਹੀਂ ਆਉਂਦੀ ਸੀ। ਉਹ ਸਾਨੂੰ ਬਹੁਤ ਕਲਪਾਉਂਦੀ। ਛੱਪੜ ਵਿੱਚੋਂ ਬਾਹਰ ਕੱਢਣ ਲਈ ਉਸ ਉੱਤੇ ਢੀਮਾਂ ਮਾਰਦੇ, ਪਰ ਉਹ ਛੇਤੀ ਕੀਤੇ ਨਾ ਮੰਨਦੀ। ਫੇਰ ਆਖ਼ਰ ਉਹ ਬਾਹਰ ਨਿਕਲਦੀ ਤੇ ਭੱਜ ਕੇ ਘਰ ਵੱਲ ਚਲੀ ਜਾਂਦੀ। ਸਾਨੂੰ ਇਉਂ ਲੱਗਦਾ ਜਿਵੇਂ ਅਸੀਂ ਕੋਈ ਜੰਗ ਜਿੱਤ ਲਈ ਹੋਵੇ।

ਮੈਂ ਬਚਪਨ ਦੀਆਂ ਇਨ੍ਹਾਂ ਗੱਲਾਂ ਨੂੰ ਬਹੁਤ ਯਾਦ ਕਰਦਾ ਹਾਂ। ਸਵੇਰੇ ਵੇਲੇ ਬੀਬੀ ਨੇ ਕੂੰਡੇ 'ਚ ਘੋਟਣੇ ਨਾਲ ਲਾਲ ਮਿਰਚਾਂ ਵਾਲੀ ਚਟਣੀ ਰਗੜਨੀ, ਜੋ ਕਿ ਦਾਲ ਸਬਜ਼ੀ ਨਾਲ ਖੇਤ ਵਾਲੀ ਰੋਟੀ ਨਾਲ ਭੇਜਣੀ ਹੁੰਦੀ ਸੀ। ਫੇਰ ਅਸੀਂ ਚੁੱਲ੍ਹੇ ਦੇ ਆਲੇ-ਦੁਆਲੇ ਬੈਠ ਕੇ ਆਪਣੀ ਪਸੰਦ ਅਨੁਸਾਰ ਤਿੰਨ ਕੋਨਿਆਂ ਵਾਲੇ ਪਰੌਂਠੇ (ਜਿਨ੍ਹਾਂ ਨੂੰ ਅਸੀਂ ਲੜਾਕੂ ਜਹਾਜ਼ ਕਹਿੰਦੇ ਸਾਂ, ਫ਼ੌਜੀ ਜਹਾਜ਼ ਵਰਗਾ) ਚਟਣੀ, ਲੱਸੀ ਅਤੇ ਮੱਖਣ ਨਾਲ ਛਕਦੇ, ਜੋ ਮੇਰੀ ਪਿਆਰੀ ਬੀਬੀ ਆਪਣੇ ਥਪਣੇ 'ਤੇ ਥੱਪ ਕੇ ਬਣਾਉਂਦੀ ਸੀ। ਉਨ੍ਹਾਂ ਪਰੌਂਠਿਆਂ ਦਾ ਆਨੰਦ ਵੱਖਰਾ ਹੀ ਸੀ।

ਸਾਡਾ ਪਿੰਡ ਲਗਪਗ ਟਿੱਬਿਆਂ ਵਾਲੇ ਖੇਤਰ ਵਿੱਚ ਸੀ। ਬਚਪਨ ਦੇ ਦਿਨਾਂ ਵਿੱਚ ਮੀਂਹ ਦੀ ਬਹੁਤ ਉਡੀਕ ਹੁੰਦੀ ਸੀ। ਜਿਸ ਦਿਨ ਮੀਂਹ ਪੈਂਦਾ, ਮੈਂ ਭੈਣ-ਭਰਾਵਾਂ ਨਾਲ ਮੀਂਹ ਵਿੱਚ ਨਹਾਉਣ ਲੱਗ ਜਾਣਾ। ਉਸੇ ਦਿਨ ਬੀਬੀ ਨੇ ਖੀਰ ਦੇ ਨਾਲ ਪੂੜੇ ਤਿਆਰ ਕਰਨੇ, ਜੋ ਅਸੀਂ ਸਾਰੇ ਮੰਜਿਆਂ 'ਤੇ ਬੈਠ ਕੇ ਸੁਆਦ ਨਾਲ ਖਾਂਦੇ। ਉਦੋਂ ਜੇ ਕੋਈ ਸਵੇਰ ਵੇਲੇ ਘਰ ਆਉਂਦਾ ਤਾਂ ਬੀਬੀ ਨੇ ਲੱਸੀ ਪਿਆਉਣੀ। ਜੇ ਕੋਈ ਆਥਣੇ ਆਉਂਦਾ ਤਾਂ ਉਹ 'ਕਾੜ੍ਹਨੀ' ਤੋਂ ਦੁੱਧ ਦਾ ਗਿਲਾਸ ਪਿਆਉਂਦੀ, ਜਾਂ ਘਰ ਦੀਆਂ ਬਣੀਆਂ ਪਿੰਨੀਆਂ ਤੇ ਪੰਜੀਰੀ ਤੋਂ ਬਿਨਾਂ ਕਿਸੇ ਨੂੰ ਵਾਪਸ ਨਹੀਂ ਜਾਣ ਦਿੰਦੀ ਸੀ। ਸਾਡੀ ਬੀਬੀ ਬਹੁਤ ਮਿਲਣਸਾਰ ਸੀ। ਮਹਿਮਾਨ ਦੀ ਆਓ ਭਗਤ ਕਰਨਾ ਅਤੇ ਘਰ ਦਾ ਕੰਮ ਹੀ ਉਸ ਲਈ ਨਿੱਤਨੇਮ ਸੀ। ਉਹ ਹਰੇਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੀ।

ਬਚਪਨ ਤੇ ਚਾਅ ਭਾਵੇਂ ਕਹਿਣ ਨੂੰ ਦੋ ਸ਼ਬਦ ਨੇ, ਪਰ ਬਚਪਨ ਵਿੱਚ ਹਰ ਗੱਲ ਦਾ ਚਾਅ ਹੁੰਦਾ ਸੀ ਤੇ ਚਾਅ ਨਾਲ ਹੀ ਬਚਪਨ ਸੀ। ਹੁਣ ਦਾ ਇਹ ਮੋਬਾਈਲ ਯੁੱਗ ਬੱਚਿਆਂ ਤੋਂ ਬਚਪਨ ਖੋਹ ਰਿਹਾ ਹੈ ਅਤੇ ਉਨ੍ਹਾਂ ਦੇ ਹਿੱਸੇ ਸਾਡੇ ਵਾਲੇ ਚਾਅ ਨਹੀਂ ਆਏ। ਗੱਲ ਵੇਲੇ ਵੇਲੇ ਦੀ ਹੁੰਦੀ ਹੈ, ਪਰ ਉਸ ਵੇਲੇ ਬੀਬੀ ਕੋਲ ਬਿਤਾਈਆਂ ਗਰਮੀਆਂ ਦੀਆਂ ਛੁੱਟੀਆਂ ਦੀ ਯਾਦ ਹੁਣ ਵੀ ਦਿਲ ਨੂੰ ਠੰਢ ਪਾਉਂਦੀ ਹੈ।

ਚਰਚਾ

ਪਰਮਜੀਤ ਢੀਂਗਰਾ
ਫੋਨ:+91-9417358120



# ਪੰਜ ਆਬ ਤੋਂ ਢਾਈ ਆਬ ਤੱਕ

## ਨਵੀਂ ਵਾਰਤਕ, ਨਵੀਆਂ ਦਿਸ਼ਾਵਾਂ

ਅਜੋਕੇ ਜੁੱਗ ਵਿੱਚ ਵਾਰਤਕ ਦੀ ਸਰਦਾਰੀ ਹੈ। ਸੂਚਨਾ ਤਕਨਾਲੋਜੀ ਦੇ ਦੌਰ ਵਿੱਚ ਸੁਨੇਹੇ ਤੇ ਗਿਆਨ ਦੇ ਪ੍ਰਸਾਰ ਲਈ ਵਾਰਤਕ ਦੀ ਲੋੜ ਪੈਂਦੀ ਹੈ। ਪੁਰਾਤਨ ਸਮਿਆਂ ਵਿੱਚ ਜਦੋਂ ਵਾਰਤਕ ਦਾ ਮੁਹਾਂਦਰਾ ਨਿਖਰਿਆ ਨਹੀਂ ਸੀ ਤਾਂ ਗਿਆਨ ਦੀ ਗੱਲ ਕਵਿਤਾ ਵਿੱਚ ਕਹਿਣ ਦਾ ਰਿਵਾਜ ਸੀ; ਪਰ ਓਦੋਂ ਕਹੀ ਗੱਲ ਕਈ ਵਾਰ ਅਧੂਰੇ ਤੇ ਭਰਮ ਉਪਜਾਊ ਅਰਥਾਂ ਦੀ ਵਾਹਕ ਬਣ ਜਾਂਦੀ ਸੀ। ਇਸ ਲਈ ਜਦੋਂ ਗਿਆਨ, ਵਿਗਿਆਨ ਵਾਲੇ ਸਪਸ਼ਟ ਅਰਥਾਂ ਦਾ ਧਾਰਨੀ ਬਣ ਗਿਆ ਤਾਂ ਨਵੀਂ ਵਾਰਤਕ ਦਾ ਜਨਮ ਹੋਇਆ। ਇਸਨੇ ਗਿਆਨ ਨੂੰ ਸ਼ਾਸਤਰ ਵਿੱਚ ਢਾਲਣ ਦਾ ਕੰਮ ਕੀਤਾ ਤੇ ਨਵੀਆਂ ਗਿਆਨ ਪਰੰਪਰਾਵਾਂ ਦੀ ਸਿਰਜਣਾ ਕੀਤੀ। ਇਸ ਨਾਲ ਵਾਰਤਕ ਰੂਪਾਂ ਤੇ ਸ਼ੈਲੀਆਂ ਦੇ ਨਵੇਂ-ਨਵੇਂ ਵਰਗ ਸਾਹਮਣੇ ਆਏ। ਸਾਲ ਦਰ ਸਾਲ ਇਨ੍ਹਾਂ ਦਾ ਵਿਸਥਾਰ ਹੁੰਦਾ ਜਾ ਰਿਹਾ ਹੈ। ਜੇ ਇਹ ਕਹਿ ਲਈਏ ਕਿ ਭਾਸ਼ਾ ਵਾਰਤਕ ਰਾਹੀਂ ਵਿਕਾਸ ਕਰ ਰਹੀ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹਦੇ ਲਈ ਸਾਹਿਤਕ, ਵਿਗਿਆਨਕ, ਪੱਤਰਕਾਰਤਾ, ਧਾਰਮਿਕ, ਰਾਜਨੀਤਕ, ਗਿਆਨ ਮੂਲਕ, ਇਤਿਹਾਸ ਮੂਲਕ, ਸੂਚਨਾਵਾਂ, ਤਕਨਾਲੋਜੀ ਤੇ ਫਿਲਾਸਫੀਕਲ ਵਾਰਤਕ ਦੇ ਅਨੇਕਾਂ ਵਰਗ ਘੋਖੇ ਜਾ ਸਕਦੇ ਹਨ।


ਹਰ ਸਾਲ ਦੁਨੀਆ ਦੀਆਂ ਭਾਸ਼ਾਵਾਂ ਵਿੱਚ ਵਾਰਤਕ ਦੀਆਂ ਅਨੇਕਾਂ ਕਿਤਾਬਾਂ ਦੇ ਵੱਖ-ਵੱਖ ਵਰਗ ਸਾਹਮਣੇ ਆਉਂਦੇ ਹਨ। ਪੰਜਾਬੀ ਵਿੱਚ ਵੀ 2024 ਵਿੱਚ ਕੁਝ ਵਿਸ਼ੇਸ਼ ਵਾਰਤਕ ਪੁਸਤਕਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚੋਂ ਅਸੀਂ ਕੁਝ ਵਿਸ਼ੇਸ਼ ਦੀ ਚੋਣ ਕਰਕੇ ਉਨ੍ਹਾਂ ਦਾ ਲੇਖਾ-ਜੋਖਾ ਕਰਨ ਦੀ ਕੋਸ਼ਿਸ਼ ਕਰਾਂਗੇ।

ਅੱਜ ਕੱਲ੍ਹ ਪੰਜਾਬ ਕਈ ਤਰ੍ਹਾਂ ਦੇ ਸੰਕਟਾਂ ਵਿੱਚੋਂ ਲੰਘ ਰਿਹਾ ਹੈ। ਇਨ੍ਹਾਂ ਸੰਕਟਾਂ ਦੀ ਨਿਸ਼ਾਨਦੇਹੀ ਕਰਨ ਤੋਂ ਬਾਅਦ ਇਸਨੂੰ ਅੱਜ ਦੇ ਪ੍ਰਸੰਗ ਵਿੱਚ ਮੁੜ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਮਨਮੋਹਨ ਪੰਜਾਬੀ ਦਾ ਉੱਘਾ ਕਵੀ ਹੈ। ਪੰਜਾਬ ਬਾਰੇ ਉਹਦੀ ਨਵੀਂ ਕਿਤਾਬ 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਂਹ...' ਨੇ ਨਵੀਂ ਬਹਿਸ ਛੇੜੀ ਹੈ ਕਿ ਜੇ ਇਹੋ ਜਿਹਾ ਕੋਈ ਹੋਰ ਮੁਲਕ ਨਹੀਂ ਤਾਂ ਫਿਰ ਅੱਜ ਇਹ ਸੰਕਟਗ੍ਰਸਤ ਕਿਉਂ ਹੈ? ਨਸ਼ੇ, ਬੇਰੁਜ਼ਗਾਰੀ, ਪਲੀਤ ਹੋ ਗਏ ਪਾਣੀ, ਖੁਰਦੀ ਜਾ ਰਹੀ ਖੇਤੀ ਬਾੜੀ, ਵੱਧ ਰਿਹਾ ਪਰਵਾਸ, ਭਾਸ਼ਾ ਤੇ ਸਭਿਆਚਾਰ ਨੂੰ ਚੁਣੌਤੀਆਂ ਰਾਹੀਂ ਉਹ ਕਈ ਪ੍ਰਕਾਰ ਦੇ ਇਤਿਹਾਸਕ ਹਵਾਲਿਆਂ ਨਾਲ ਚਿੰਤਾਵਾਂ ਜ਼ਾਹਰ ਕਰਦਾ ਹੈ। ਇਨ੍ਹਾਂ ਵਿੱਚ ਕਈ ਵਿਰੋਧਾਭਾਸ ਵੀ ਨਜ਼ਰ ਆਉਂਦੇ ਹਨ, ਪਰ ਪੰਜਾਬ ਦੇ ਸੰਕਟਾਂ ਦੀ ਨਿਸ਼ਾਨਦੇਹੀ ਇਸ ਕਿਤਾਬ ਦਾ ਹਾਸਲ ਹੈ। ਇਨ੍ਹਾਂ ਲੇਖਾਂ ਵਿੱਚ ਕਈ ਦਿਸ਼ਾਵਾਂ ਤੇ ਪੱਖ ਉਭਰਦੇ ਹਨ, ਜੋ ਵਿਚਾਰ ਉਤੇਜਕ ਵੀ ਹਨ, ਸਵਾਲ ਵੀ ਖੜ੍ਹੇ ਕਰਦੇ ਹਨ ਤੇ ਬਹਿਸ ਲਈ ਵੰਗਾਰਦੇ ਵੀ ਹਨ। ਇਹ ਸੰਕਟ ਡਰ ਵੀ ਪੈਦਾ ਕਰਦੇ ਹਨ, ਪਰ ਇਨ੍ਹਾਂ ਦੇ ਹੱਲ ਵੀ ਵਿੱਚੇ ਹੀ ਪਏ ਹਨ, ਜਿਨ੍ਹਾਂ ਨੂੰ ਸੋਧਿਤ ਕਰਨਾ ਜ਼ਰੂਰੀ ਹੈ।

ਕਿਤਾਬਾਂ ਸਾਡੀ ਜ਼ਿੰਦਗੀ ਵਿੱਚ ਉਨ੍ਹਾਂ ਦੀਵਿਆਂ ਵਾਂਗ ਹਨ, ਜੋ ਸਿਰਫ਼ ਦੀਵਾਲੀ 'ਤੇ ਹੀ ਨਹੀਂ ਸਗੋਂ ਪੂਰੀ ਜ਼ਿੰਦਗੀ ਦਿਨ ਰਾਤ ਬਲ਼ਦੇ ਹਨ। ਸੁਭਾਸ਼ ਪਰਿਹਾਰ ਉੱਘਾ ਇਤਿਹਾਸ ਲੇਖਕ ਤੇ ਸੰਸਾਰ ਸਾਹਿਤ ਦਾ ਜਾਗਰੂਕ ਪਾਠੀ ਹੈ। ਉਨ੍ਹਾਂ ਦੀ ਵਾਰਤਕ ਕਿਤਾਬ 'ਕਿਤਾਬਾਂ ਦੀ ਕਿਤਾਬ' ਇਸ ਵਰ੍ਹੇ ਵਿਸ਼ੇਸ਼ ਚਰਚਿਤ ਹੈ। ਇਤਿਹਾਸ ਤੇ ਸਾਹਿਤ ਬਾਰੇ ਉਨ੍ਹਾਂ ਨੇ ਜਿਨ੍ਹਾਂ ਕਿਤਾਬਾਂ ਦਾ ਨਿੱਠ ਕੇ ਪਾਠ ਕੀਤਾ, ਉਨ੍ਹਾਂ ਨਾਲ ਜਾਣ-ਪਛਾਣ ਕਰਵਾਈ ਤੇ ਨਿੱਕੇ-ਨਿੱਕੇ ਪਾਠ ਤਿਆਰ ਕੀਤੇ, ਜੋ ਇਸ ਵਿੱਚ ਦਰਜ ਹਨ। ਪਾਠਕੀ ਪ੍ਰਤੀਕਿਰਿਆ ਪੱਖੋਂ ਇਹ ਬੜੀ ਬੇਹਤਰੀਨ ਕਿਤਾਬ ਹੈ। ਕਿਸੇ ਕਿਤਾਬ ਨੂੰ ਪੜ੍ਹਨ ਤੋਂ ਬਾਅਦ ਉਹਦੇ ਬਾਰੇ ਪਾਠਕੀ ਪ੍ਰਤੀਕਿਰਿਆ ਔਖਾ ਤੇ ਜੋਖਮ ਭਰਿਆ ਕੰਮ ਹੈ, ਪਰ ਪਰਿਹਾਰ ਹੋਰਾਂ ਦੀ ਸੰਖੇਪ ਸ਼ੈਲੀ ਤੇ ਬੱਝਵੇਂ ਫਿਕਰੇ ਜਿੱਥੇ ਕਿਤਾਬ ਨੂੰ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ, ਓਥੇ ਗਿਆਨ ਦੇ ਸੋਮੇ ਵੀ ਹਨ। ਇਸ ਨੂੰ ਇਤਿਹਾਸ, ਸਾਹਿਤ (ਨਾਨ-ਫਿਕਸ਼ਨ), ਗੈਰ ਗਲਪ, ਸਾਹਿਤ (ਫਿਕਸ਼ਨ) ਦੇ ਵਰਗਾਂ ਵਿੱਚ ਵੰਡਿਆ ਹੋਇਆ ਹੈ।

ਯਾਦਾਂ ਜ਼ਿੰਦਗੀ ਦਾ ਕੀਮਤੀ ਸਰਮਾਇਆ ਹੁੰਦੀਆਂ ਹਨ, ਜੋ ਕਦੇ ਨਹੀਂ ਨਿਖੁਟਦੀਆਂ। ਸਾਧਾਰਨ ਵਿਅਕਤੀ ਵੀ ਜਦੋਂ ਮੂਡ ਵਿੱਚ ਹੋਵੇ ਤਾਂ ਬੀਤੇ ਨੂੰ ਯਾਦ ਕਰਕੇ ਕਦੇ ਖੁਸ਼ ਹੁੰਦਾ ਹੈ, ਕਦੇ ਝੂਰਦਾ ਹੈ; ਪਰ ਵਿਦਵਾਨ ਲੇਖਕ ਕੋਲ ਕਲਮ ਤੇ ਸ਼ਬਦਾਂ ਦੇ ਸੰਦੂਕ ਹੁੰਦੇ ਹਨ ਤੇ ਜਦੋਂ ਉਹ ਉਨ੍ਹਾਂ ਯਾਦਾਂ ਦੇ ਹਾਰ ਪਰੋ ਦਿੰਦਾ ਹੈ ਤਾਂ ਉਹ ਸੋਹਣੀਆਂ ਲਿਖਤਾਂ ਬਣ ਜਾਂਦੇ ਹਨ। ਸਤੀਸ਼ ਕੁਮਾਰ ਵਰਮਾ ਪੰਜਾਬੀ ਦਾ ਉੱਘਾ ਨਾਟਕਕਾਰ ਤੇ ਆਲੋਚਕ ਹੈ। 'ਸਿਮਰਤੀਆਂ ਨੂੰ ਸਿਮਰਦਿਆਂ' ਉਨ੍ਹਾਂ ਦੀ ਯਾਦਾਂ ਬਾਰੇ ਵਾਰਤਕ ਕਿਤਾਬ ਖਿੱਚ ਦਾ ਕਾਰਨ ਹੈ। ਇਸ ਵਿੱਚ ਉਨ੍ਹਾਂ ਨੇ ਆਪਣੀਆਂ ਯਾਦਾਂ ਤੇ ਅਨੁਭਵ ਨੂੰ ਸਾਂਝਿਆਂ ਕਰਦਿਆਂ ਨਾਟਕੀ ਪੁੱਠ ਦੇਣ ਦਾ ਜਤਨ ਕੀਤਾ ਹੈ। ਸੂਤਰਧਾਰ ਵਾਂਗ ਉਹ ਪਾਠਕ ਨੂੰ ਕਹਿੰਦੇ ਹਨ-ਆਓ ਦੇਵਿੰਦਰ ਸਤਿਆਰਥੀ ਨੂੰ ਮਿਲੀਏ, ਕਿਤੇ ਕਾਵਿ ਸ਼ੈਲੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ-ਮੇਰੀ ਟਰੰਕੀ ਮੇਰਾ ਹੈਲੀਪੈਡ। ਇਸੇ ਤਰ੍ਹਾਂ ਲਾਲੀ ਬਾਬੇ, ਚਰਨ ਦਾਸ ਸਿੱਧੂ, ਗੁਰਸ਼ਰਨ ਭਾ ਜੀ, ਸੁਲਤਾਨਾ ਬੇਗਮ ਆਦਿ ਰੇਖਾ ਚਿੱਤਰਾਂ ਵਰਗਾ ਪ੍ਰਭਾਵ ਸਿਰਜਦੇ ਹਨ। ਉਹ ਅਧਿਆਪਕ ਵਜੋਂ ਕਾਰਜਸ਼ੀਲ ਰਹੇ ਹਨ, ਇਸ ਲਈ ਆਲੋਚਨਾ ਦਾ ਪ੍ਰਭਾਵ ਸ਼ੈਲੀ ਨੂੰ ਪੁਖਤਾ ਕਰ ਦਿੰਦਾ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਲੇਖਕਾਂ ਦੇ ਪ੍ਰਭਾਵ, ਉਨ੍ਹਾਂ ਦੀ ਸੋਚ ਤੇ ਕੰਮ ਕਰਨ ਦੀਆਂ ਬਾਰੀਕੀਆਂ ਬੜੀਆਂ ਕਮਾਲ ਦੀਆਂ ਹਨ। ਇਹ ਚਿਰ ਸਥਾਈ ਪ੍ਰਭਾਵ ਸਿਰਜਣ ਵਾਲੀ ਕਿਤਾਬ ਹੈ।

ਇਸ ਵਰ੍ਹੇ ਮੇਰੀਆਂ (ਪਰਮਜੀਤ ਢੀਂਗਰਾ) ਚਾਰ ਵਾਰਤਕ ਕਿਤਾਬਾਂ ਛਪੀਆਂ ਹਨ। ਇਨ੍ਹਾਂ ਵਿੱਚੋਂ ਪਹਿਲੀ ਕਿਤਾਬ 'ਕਿਤਾਬ ਜੋ ਅਜੇ ਬਾਕੀ ਹੈ' ਡਾਇਰੀ ਦੇ ਰੂਪ ਵਿੱਚ ਹੈ। ਇਹ ਕੋਵਿਡ ਤੋਂ ਲੈ ਕੇ ਵਰਤਮਾਨ ਤੱਕ ਨਿਰੰਤਰ ਲਿਖੀ ਡਾਇਰੀ ਹੈ, ਜਿਸ ਵਿੱਚ ਲੋਕਧਾਰਾ, ਵਾਤਾਵਰਣ, ਸਾਹਿਤ, ਇਤਿਹਾਸ, ਵਿਗਿਆਨ, ਤਕਨਾਲੋਜੀ, ਨਸ਼ੇ, ਭਾਸ਼ਾ, ਸਭਿਆਚਾਰ ਤੇ ਰਾਜਨੀਤੀ ਆਦਿ ਅਨੇਕਾਂ ਵਿਸ਼ਿਆਂ ਬਾਰੇ ਗੱਲ ਕੀਤੀ ਹੈ। ਇਹ ਗਿਆਨ ਦੀ ਵਗਦੀ ਧਾਰਾ ਵਰਗੀ ਹੈ, ਜਿਸ ਵਿੱਚ ਜਿੱਥੋਂ ਦਿਲ ਕਰੇ ਚੁਲੀ ਭਰ ਕੇ ਠੰਡਕ ਮਹਿਸੂਸ ਕੀਤੀ ਜਾ ਸਕਦੀ ਹੈ। ਦੂਜੀ ਕਿਤਾਬ 'ਇਸ਼ਕ ਦਾ ਜੋਗੀ' ਹੈ, ਜਿਸ ਵਿੱਚ ਸੰਸਾਰ ਦੇ ਵੱਡੇ ਵੱਡੇ ਲੇਖਕਾਂ, ਪੇਂਟਰਾਂ ਦੀਆਂ




**ਮਨਮੋਹਨ ਦੀ ਕਿਤਾਬ 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਂਹ...' ਨੇ ਨਵੀਂ ਬਹਿਸ ਛੇੜੀ ਕਿ ਜੇ ਇਹੋ ਜਿਹਾ ਕੋਈ ਹੋਰ ਮੁਲਕ ਨਹੀਂ ਤਾਂ ਫਿਰ ਅੱਜ ਇਹ ਸੰਕਟਗ੍ਰਸਤ ਕਿਉਂ ਹੈ? ਨਸ਼ੇ, ਬੇਰੁਜ਼ਗਾਰੀ, ਪਲੀਤ ਹੋ ਗਏ ਪਾਣੀ, ਖੁਰਦੀ ਜਾ ਰਹੀ ਖੇਤੀ ਬਾੜੀ, ਵੱਧ ਰਿਹਾ ਪਰਵਾਸ, ਭਾਸ਼ਾ ਤੇ ਸਭਿਆਚਾਰ ਨੂੰ ਚੁਣੌਤੀਆਂ ਰਾਹੀਂ ਉਹ ਕਈ ਪ੍ਰਕਾਰ ਦੇ ਇਤਿਹਾਸਕ ਹਵਾਲਿਆਂ ਨਾਲ ਚਿੰਤਾਵਾਂ ਜ਼ਾਹਰ ਕਰਦਾ ਹੈ। ਇਨ੍ਹਾਂ ਵਿੱਚ ਕਈ ਵਿਰੋਧਾਭਾਸ ਵੀ ਨਜ਼ਰ ਆਉਂਦੇ ਹਨ, ਪਰ ਪੰਜਾਬ ਦੇ ਸੰਕਟਾਂ ਦੀ ਨਿਸ਼ਾਨਦੇਹੀ ਇਸ ਕਿਤਾਬ ਦਾ ਹਾਸਲ ਹੈ।**

ਮੁਹੱਬਤੀ ਦਾਸਤਾਨਾਂ ਦੇ ਨਾਲ ਨਾਲ ਨਾਜ਼ੀ ਕੈਂਪਾਂ ਦੇ ਦਰਦਨਾਕ ਕਿੱਸੇ ਵੀ ਸ਼ਾਮਲ ਹਨ। ਇਹ ਕਿਤਾਬ 'ਇਸ਼ਕ ਦਾ ਰਾਹ ਅਵੱਲੜਾ' ਦਾ ਦੂਸਰਾ ਭਾਗ ਹੈ। ਇਸੇ ਤਰ੍ਹਾਂ ਸੰਸਾਰ ਸਾਹਿਤ ਦੇ ਝਰੋਖਿਆਂ ਵਜੋਂ 'ਅੰਬਰ ਚਾਨਣੇ' ਤੇ 'ਅੰਬਰਾਂ ਦੇ ਚੰਨ ਸੂਰਜ' ਦੋ ਭਾਗਾਂ ਵਿੱਚ ਸੰਸਾਰ ਪ੍ਰਸਿੱਧ ਲੇਖਕਾਂ, ਚਿੰਤਕਾਂ ਤੇ ਵਿਦਵਾਨਾਂ ਬਾਰੇ ਵਾਰਤਕ ਲੇਖ ਹਨ। ਇਨ੍ਹਾਂ ਵਿੱਚ ਲੇਖਕਾਂ ਦੀ ਜ਼ਿੰਦਗੀ ਤੇ ਰਚਨਾਵਾਂ ਨੂੰ ਕਾਵਿਕ ਸ਼ੈਲੀ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਸਾਰੀਆਂ ਕਿਤਾਬਾਂ ਵਿਸ਼ਵ ਪੱਧਰ ਦੇ ਸਾਹਿਤ ਨੂੰ ਕਲਾਵੇ ਵਿੱਚ ਲੈਂਦੀਆਂ ਜ਼ਿੰਦਗੀ ਨੂੰ ਸਮਝਣ ਤੇ ਮਨੁੱਖੀ ਮਨ ਵਿੱਚ ਸੁਹਜ ਸੰਚਾਰ ਕੇ ਪਾਠਕ ਨੂੰ ਵਿਸਮਾਦੀ ਅਵਸਥਾ ਵਿੱਚ ਲੈ ਜਾਂਦੀਆਂ ਹਨ।

ਸੂਚਨਾਵਾਂ ਦਾ ਸੰਸਾਰ ਵਿਲੱਖਣ ਤੇ ਵਿਸ਼ਾਲ ਹੈ। ਜਿਹੜਾ ਵਿਅਕਤੀ ਇਸ ਸਮੁੰਦਰ ਵਿੱਚ ਰਹਿੰਦਾ ਹੈ, ਉਹ ਇੱਕ ਤਾਕ ਸ਼ਿਕਾਰੀ ਵਾਂਗ ਸੂਚਨਾ ਵਿੱਚੋਂ ਨਵੀਂ ਗੱਲ ਲੱਭ ਲੈਂਦਾ ਹੈ। ਕੁਲਦੀਪ ਸਿੰਘ ਬੇਦੀ ਖਬਰਾਂ ਤੇ ਸਾਹਿਤ ਦਾ ਅਲੰਬਰਦਾਰ ਹੈ। ਜ਼ਿੰਦਗੀ ਦਾ ਵੱਡਾ ਹਿੱਸਾ ਉਨ੍ਹਾਂ ਅਖਬਾਰ ਵਿੱਚ ਖਬਰਾਂ ਬਣਾਉਂਦਿਆਂ ਤੇ ਸਾਹਿਤਕ ਪਾਠਾਂ ਦਾ ਵਿਸ਼ਲੇਸ਼ਣ ਕਰਦਿਆਂ ਬਿਤਾਇਆ ਹੈ। 'ਅੱਧੀ ਸਦੀ ਦਾ ਸਫ਼ਰ' ਕਿਤਾਬ ਇਸੇ ਦੀ ਦੇਣ ਹੈ। ਉਨ੍ਹਾਂ ਦੀ ਕਰਮਭੂਮੀ ਮਸ਼ੀਨਾਂ ਦੀ ਖੜ ਖੜ ਤੋਂ ਲੈ ਕੇ ਅੱਖਰਕਾਰੀ ਕਰਨ ਤੇ ਸੰਪਾਦਕੀ ਕੁਰਸੀ ਨਾਲ ਬੱਝੀ ਹੋਈ ਹੈ। ਆਪਣੇ ਬਾਰੇ ਉਨ੍ਹਾਂ ਲਿਖਿਆ ਹੈ, "ਮੇਰਾ ਲਿਖਣ ਦਾ ਕਾਰਜ ਤੇ ਪੱਤਰਕਾਰੀ ਨਾਲ ਜੁੜਨ ਦਾ ਕਾਰਜ ਲਗਪਗ ਇੱਕੋ ਵੇਲੇ ਅਰੰਭ ਹੋਇਆ, ਇਸਨੂੰ ਆਪਾਂ ਇੰਜ ਵੀ ਕਹਿ ਸਕਦੇ ਹਾਂ ਕਿ ਅੱਖਰਾਂ ਨਾਲ ਜੁੜਨ ਦੇ ਇਸ ਪੰਜਾਹ ਸਾਲ ਦੇ ਇਤਿਹਾਸ 'ਚ ਮੈਂ ਕੀ ਕੁਝ ਦੇਖਿਆ ਤੇ ਮਹਿਸੂਸ ਕੀਤਾ, ਇਸ ਵਿੱਚ ਉਲੀਕਿਆ ਹੈ।" ਇਹ ਅਨੁਭਵ ਉਨ੍ਹਾਂ ਨੇ ਪੱਤਰਕਾਰੀ ਸ਼ੈਲੀ ਵਿੱਚ ਬੜੇ ਸਲੀਕੇ ਨਾਲ ਪੇਸ਼ ਕੀਤੇ ਹਨ। ਉਨ੍ਹਾਂ ਦੀ ਵਾਰਤਕ ਸਪਸ਼ਟ ਤੇ ਰੌਚਿਕ ਗੁਣਾਂ ਵਾਲੀ ਹੈ ਤੇ ਕਈ ਥਾਵਾਂ 'ਤੇ ਲੰਮੇ ਵਹਾਅ ਵਿੱਚ ਲੈ ਜਾਂਦੀ ਹੈ। ਇਸਦਾ ਇੱਕ ਹੋਰ ਵੱਡਾ ਗੁਣ ਇਹ ਹੈ ਕਿ ਪੱਤਰਕਾਰੀ ਦੇ ਇਤਿਹਾਸ ਦੇ ਅਨੇਕਾਂ ਤੱਥ ਵੀ ਇਸ ਵਿੱਚ ਮੌਜੂਦ ਹਨ। ਅੱਧੀ ਸਦੀ ਨੂੰ ਕਿਤਾਬ ਵਿੱਚ ਸਮੇਟਨਾ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਵਰਗਾ ਕਰਮ ਹੈ, ਜੋ ਬੇਦੀ ਹੋਰਾਂ ਬਾਖੂਬੀ ਕਰ ਦਿਖਾਇਆ ਹੈ।

ਸਾਂਝਾਂ, ਦੋਸਤੀਆਂ, ਯਾਦਾਂ, ਯਾਤਰਾਵਾਂ, ਅਵਾਰਗੀਆਂ, ਸਾਹਿਤ ਦੀਆਂ ਪੜ੍ਹਤਾਂ, ਅਨੁਭਵਾਂ ਤੇ ਹੁੰਗਾਰਿਆਂ ਨੂੰ ਸੂਖਮ ਵਾਰਤਕ ਸ਼ੈਲੀ ਵਿੱਚ ਚਿਤਰਣ ਵਾਲਾ ਗੁਰਦੇਵ ਨਿਰਧਨ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਹ ਕਵਿਤਾ ਵਿੱਚ ਆਬਸ਼ਾਰਾਂ ਨੂੰ ਗੀਤ ਗਾਉਣ ਲਾ ਦਿੰਦਾ ਹੈ ਤੇ ਵਾਰਤਕ ਵਿੱਚ ਸ਼ਬਦਾਂ ਦੀ ਬਰਫਬਾਰੀ ਨੂੰ ਕੋਲਿਆਂ ਵਾਂਗ ਮਘਾ ਦੇਣ ਦਾ ਸਮਰੱਥ ਕਲਮਕਾਰ ਹੈ। ਇਸ ਵਰ੍ਹੇ ਉਹਦੀ ਵਾਰਤਕ ਕਿਤਾਬ 'ਕਲਮੀ ਗੁਲਾਬ' ਚਰਚਿਤ ਰਹੀ ਹੈ। ਇਸ ਵਿੱਚ ਉਹ ਕਿਤੇ ਲੇਖਕਾਂ ਦੀਆਂ ਯਾਦਾਂ ਚਿਤਰ ਰਿਹਾ ਹੈ, ਕਿਤੇ ਕਿਤਾਬਾਂ ਦੀਆਂ ਬਾਤਾਂ ਪਾ ਰਿਹਾ ਹੈ ਤੇ ਕਿਤੇ ਜ਼ਿੰਦਗੀ ਦੇ ਅਨੁਭਵ ਨੂੰ ਕਸ਼ੀਦ ਕਰਕੇ ਸਵੈ ਦੇ ਝਰੋਖਿਆਂ ਵਿੱਚੋਂ ਬੀਤੇ ਦੇ ਅਕਸ ਦਿਖਾ ਰਿਹਾ ਹੈ। ਇਸ ਵਿੱਚ ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਲਾਲੀ ਬਾਬਾ, ਸ਼ਿਵ ਕੁਮਾਰ, ਹਰਿਭਜਨ ਸਿੰਘ, ਭੂਸ਼ਨ, ਨਵਤੇਜ ਭਾਰਤੀ, ਚੰਦਨ, ਰੋਡੇ, ਜੀਰਵੀ, ਗੁਰਬਚਨ, ਸੁਖਪਾਲ ਤੇ ਹੋਰ ਕਿੰਨੇ ਚਿਹਰੇ ਕਲਮੀ ਗੁਲਾਬਾਂ ਵਾਂਗ ਮਹਿਕ ਰਹੇ ਹਨ। ਬਰਫਨਾਮਾ ਤੋਂ ਲੈ ਕੇ ਸੰਤਾਲੀ ਦੀ ਵੰਡ, ਸਫਰਨਾਮਾ, ਵਿਦੇਸ਼ ਯਾਤਰਾ, ਨਵ-ਉਦਾਰਵਾਦ, ਮੋਟਲਨਾਮਾ, ਤੇ ਹੋਰ ਪ੍ਰਕਾਰ ਦੀ ਸਮੱਗਰੀ ਪਾਠਕ ਨੂੰ ਕੀਲਣ ਲਈ ਫਨ ਖਿਲਾਰੀ ਖੜ੍ਹੀ ਹੈ। ਇੱਕ ਵਿਦਵਾਨ ਨੇ ਠੀਕ ਕਿਹਾ ਹੈ ਕਿ ਇਹ ਸਭ ਤੇ ਹੋਰ ਬਹੁਤ ਕੁਝ ਉਹਦੀ ਜਾਦੂਈ ਵਾਰਤਕ ਵਿੱਚ ਆ ਉਤਰਿਆ ਹੈ, ਜੋ ਚਿੰਤਨ-ਦੇਹਾਂ ਬਣ ਕੇ ਪਾਠਕ ਨਾਲ ਦੋਸਤੀ ਨਿਭਾਉਣ ਦੇ ਸਮਰੱਥ ਹੈ।

ਕਾਵਿਮਈ ਵਾਰਤਕ ਉਹੀ ਲਿਖ ਸਕਦਾ ਹੈ, ਜੋ ਕਵੀ ਹੋਣ ਦੇ ਨਾਲ ਨਾਲ ਭਾਸ਼ਾ ਦੇ ਸੂਖਮ ਵਿਹਾਰ ਦੀ ਸੂਝ ਰੱਖਦਾ ਹੋਵੇ। ਅੰਬਰੀਸ਼ ਬਾਰੀਕ ਬੁੱਧ ਵਾਲਾ ਵੱਡਾ ਕਵੀ ਹੈ। ਉਹਦੀ ਕਾਵਿ ਆਬਸ਼ਾਰ ਵੱਖਰੇ ਸੁਭਾਅ ਤੇ ਰਾਹਾਂ ਦੀ ਪਾਂਧੀ ਹੈ। ਇਸੇ ਕਰਕੇ ਉਹਦੀ ਵਾਰਤਕ ਇੱਕ ਪਾਸੇ ਗਿਆਨ ਸਿਰਜਦੀ ਹੈ, ਸੂਚਨਾ ਦਿੰਦੀ ਹੈ ਤੇ ਦੂਜੇ ਪਾਸੇ ਕਾਵਿਕ ਮੁਹਾਵਰੇ ਵਿੱਚ ਬੰਨ੍ਹ ਦਿੰਦੀ ਹੈ। ਪਿਛਲੇ ਵਰ੍ਹੇ ਉਹਦੀਆਂ ਦੋ ਕਿਤਾਬਾਂ 'ਘਾੜਤਾਂ' ਅਤੇ 'ਜਿਥੇ ਜੋਗੀ ਤਪ ਕਰਦੇ' ਆਈਆਂ ਹਨ। ਪਹਿਲੀ ਕਿਤਾਬ ਨਿਬੰਧਾਂ ਦੀ ਹੈ ਤੇ ਦੂਜੀ ਪਹਾੜਾਂ 'ਚ ਕੀਤੀਆਂ ਯਾਤਰਾਵਾਂ ਨਾਲ ਸੰਬੰਧਤ ਹੈ। ਘਾੜਤਾਂ ਵੱਡੇ ਆਕਾਰ ਦੀ ਕਿਤਾਬ ਹੈ। ਇਸਨੂੰ ਦਸ ਉਪ ਭਾਗਾਂ ਵਿੱਚ ਵੰਡਿਆ ਹੋਇਆ ਹੈ। ਇਸਦੇ ਵਿਸ਼ੇ ਤੇ ਸ਼ੈਲੀ ਨਿਵੇਕਲੀ ਤੇ ਵਿਚਾਰ ਉਤੇਜਕ ਹੈ। ਕਵੀਆਂ ਵਾਲੀ ਸੁਹਜ ਬਿਰਤੀ ਹਰ ਨਿਬੰਧ ਵਿੱਚ ਹਾਜ਼ਰ ਹੈ। ਅੰਗਰੇਜ਼ੀ ਦੇ ਕਈ ਸ਼ਬਦਾਂ ਦੀ ਪੰਜਾਬੀ ਵਿੱਚ ਵਧੀਆ ਘਾੜਤ ਕਰਨ ਦਾ ਯਤਨ ਕੀਤਾ ਹੈ। ਮਨੁੱਖੀ ਪ੍ਰਵਿਰਤੀਆਂ ਤੋਂ ਲੈ ਕੇ ਕਵਿਤਾ, ਭਾਸ਼ਾ, ਆਲੋਚਨਾ, ਰੁੱਤਾਂ, ਮਾਪੇ, ਸ਼ਹਿਰ, ਪਿੰਡ, ਧਰਤੀ, ਗ੍ਰਹਿ, ਬ੍ਰਹਿਮੰਡ, ਪੰਛੀ ਨਿਹਾਰਨ, ਬਿਰਖ, ਜੰਗਲੀ, ਫੁਲ, ਅਧਿਆਤਮ ਆਦਿ ਵਿਸ਼ਿਆਂ ਨਾਲ ਓਤਪੋਤ ਇਸ ਵਾਰਤਕ ਵਿੱਚ ਬਹੁਤ ਕੁਝ ਹੈ। ਇਸੇ ਤਰ੍ਹਾਂ ਦੀ ਦੂਜੀ ਯਾਤਰਾਵਾਂ ਬਾਰੇ ਕਿਤਾਬ ਹੈ। ਇਸ ਵਿੱਚ ਹਿਮਾਚਲ, ਜੰਮੂ ਕਸ਼ਮੀਰ, ਪੰਜਾਬ, ਉਤਰਾਖੰਡ ਤੇ ਉਤਰ-ਪੂਰਬ ਵੱਲ ਕੀਤੀਆਂ ਯਾਤਰਾਵਾਂ ਦੇ ਰੌਚਕ ਵੇਰਵੇ, ਅਨੁਭਵ ਤੇ ਲੋਕਾਂ, ਵਸਤਾਂ ਨਾਲ ਮੇਲ ਮਿਲਾਪ ਨੂੰ ਕਾਵਿਕ ਸ਼ੈਲੀ ਵਿੱਚ ਪੇਸ਼ ਕਰਨ ਦਾ ਯਤਨ ਸ਼ਲਾਘਾਯੋਗ ਹੈ।

ਪੰਜਾਬੀ ਵਿੱਚ ਚਿੱਤਰਕਾਰੀ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ, ਜਦ ਕਿ ਪੰਜਾਬ ਵਿੱਚ ਕਈ ਪ੍ਰਸਿੱਧ ਚਿੱਤਰਕਾਰ ਹੋਏ ਹਨ, ਜਿਨ੍ਹਾਂ ਦੀ ਕੌਮਾਂਤਰੀ ਪਛਾਣ ਹੈ। ਦਰਅਸਲ ਇਹ ਕੰਮ ਉਹੀ ਕਰ ਸਕਦਾ ਹੈ, ਜਿਸਨੂੰ ਲੇਖਣੀ ਦੇ ਨਾਲ ਨਾਲ ਰੰਗਾਂ, ਖਾਕਿਆਂ ਤੇ ਬੁਰਸ਼ ਦਾ ਸੂਖਮ ਗਿਆਨ ਹੋਵੇ। ਜਗਤਾਰਜੀਤ ਪੰਜਾਬੀ ਦਾ ਉੱਘਾ ਕਵੀ ਤੇ ਆਲੋਚਕ ਹੈ। ਉਸਨੂੰ ਰੰਗਾਂ, ਖਾਕਿਆਂ ਤੇ ਉਨ੍ਹਾਂ ਪਿਛੇ ਛੁਪੇ ਅਰਥਾਂ ਦੀ ਪਛਾਣ ਹੈ। ਇਸ ਵਰ੍ਹੇ ਉਹਦੀ ਵਾਰਤਕ ਕਿਤਾਬ 'ਸੰਤਾਲੀ ਤੋਂ ਚੁਰਾਸੀ ਤੱਕ' ਵਿਸ਼ੇਸ਼ ਧਿਆਨ ਖਿੱਚਦੀ ਹੈ। ਸੰਤਾਲੀ ਤੇ ਚੁਰਾਸੀ ਦੋਵੇਂ ਅਜਿਹੇ ਸੰਤਾਪ ਹਨ, ਜਿਨ੍ਹਾਂ ਨੂੰ ਪੰਜਾਬੀਆਂ ਨੇ ਆਪਣੇ ਪਿੰਡੇ 'ਤੇ ਹੰਡਾਇਆ ਹੈ। ਸਿੱਖ ਜਗਤ ਵਿੱਚ ਚੁਰਾਸੀ ਦਾ ਸੰਤਾਪ ਕਦੇ ਨਾ ਭੁੱਲਣਯੋਗ ਵਰਤਾਰਾ ਹੈ। ਇਨ੍ਹਾਂ ਦੋਹਾਂ ਸੰਤਾਪਾਂ ਨੂੰ ਜਿੱਥੇ ਨਾਵਲਾਂ, ਕਹਾਣੀਆਂ ਤੇ ਕਵਿਤਾਵਾਂ ਵਿੱਚ ਪੇਸ਼ ਕੀਤਾ ਗਿਆ, ਓਸੇ ਤਰ੍ਹਾਂ ਚਿੱਤਰਕਾਰਾਂ ਨੇ ਰੰਗਾਂ ਤੇ ਬੁਰਸ਼ ਨਾਲ ਇਨ੍ਹਾਂ ਵਿਚਲੀ ਤ੍ਰਾਸਦੀ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਵਿੱਚ ਲੇਖਕ ਨੇ ਪ੍ਰਮੁੱਖ ਪੇਂਟਰਾਂ ਸੋਭਾ ਸਿੰਘ, ਧੰਨਰਾਜ, ਪ੍ਰਾਨ ਨਾਥ ਮਾਗੋ, ਸਤੀਸ਼ ਗੁਜਰਾਲ, ਪ੍ਰੇਮ ਸਿੰਘ, ਸੁਰਜੀਤ ਅਕਰੇ ਤੇ ਸਿੰਘ ਟਵਿਨਜ਼ ਤੋਂ ਇਲਾਵਾ ਕੁਝ ਹੋਰ ਚਿੱਤਰਕਾਰਾਂ ਦੀਆਂ ਕਲਾ ਕਿਰਤਾਂ ਨੂੰ ਅਰਥਵਾਨ ਕਰਨ ਲਈ ਉਨ੍ਹਾਂ ਦੇ ਸੂਖਮ ਵੇਰਵਿਆਂ ਤੇ ਰੰਗਾਂ ਦੀ ਪੇਸ਼ਕਾਰੀ ਨੂੰ ਫੜਨ ਦਾ ਯਤਨ ਕੀਤਾ ਹੈ। ਇਸੇ ਤਰ੍ਹਾਂ ਉੱਘੇ ਚਿੱਤਰਕਾਰ ਕਿਰਪਾਲ ਸਿੰਘ ਦੀ ਜੀਵਨੀ ਤੇ ਚਿੱਤਰਾਂ ਦਾ ਵਿਸ਼ਲੇਸ਼ਣ ਦੂਜੀ ਕਿਤਾਬ 'ਚਿੱਤਰਕਾਰ-ਕਿਰਪਾਲ ਸਿੰਘ' ਵਿੱਚ ਓਸੇ ਅੰਦਾਜ਼ ਵਿੱਚ ਕੀਤਾ ਹੈ। ਕਿਰਪਾਲ ਸਿੰਘ ਨੇ ਰੰਗਾਂ ਤੇ ਬੁਰਸ਼ ਰਾਹੀਂ ਸਿੱਖ ਇਤਿਹਾਸ ਤੇ ਯੋਧਿਆਂ ਨੂੰ ਉਨ੍ਹਾਂ ਦੀਆਂ ਲਾਸਾਨੀ ਸ਼ਹਾਦਤਾਂ ਦੇ ਰੂਪ ਵਿੱਚ ਚਿਤਰਿਆ ਹੈ।

ਵਾਰਤਕ ਰੂਪਾਂ ਵਿੱਚ ਡਾਇਰੀ ਤੇ ਰੇਖਾ ਚਿੱਤਰ ਵਿਸ਼ੇਸ਼ ਸਥਾਨ ਰੱਖਦੇ ਹਨ। ਡਾਇਰੀ ਲਿਖਣ ਦਾ ਰਿਵਾਜ ਘੱਟ ਹੈ। ਡਾਇਰੀ ਇੱਕ ਤਰ੍ਹਾਂ ਨਾਲ ਲੇਖਕ ਦੀ ਜ਼ਿੰਦਗੀ ਤੇ ਅਨੁਭਵ ਦਾ ਮੌਖਿਕ ਇਤਿਹਾਸ ਹੁੰਦਾ ਹੈ। ਇਸ ਵਰ੍ਹੇ ਨਿੰਦਰ ਘੁਗਿਆਣਵੀ ਦੀ ਡਾਇਰੀ 'ਮੇਰਾ ਸੰਖਨਾਦ' ਛਪੀ ਹੈ। ਇਸ ਵਿੱਚ ਕਾਫੀ ਕੁਝ ਪੇਂਡੂ ਅਨੁਭਵ ਤੇ ਬਾਕੀ ਦਾ ਚੰਡੀਗੜ੍ਹ ਦੇ ਰੋਜ਼ ਗਾਰਡਨ ਨਾਲ ਸੰਬੰਧਤ ਹੈ। ਇਸ ਵਿੱਚ ਰੁੱਤਾਂ, ਪ੍ਰਭਾਤ, ਪੰਛੀ, ਰੁੱਖ, ਵਣ-ਤ੍ਰਿਣ ਤੇ ਵਰਖਾ ਦੀਆਂ ਵਾਰਤਕ ਟੁੱਕੜੀਆਂ ਸ਼ਾਮਲ ਹਨ। ਇਸਦੇ ਨਾਲ ਕੁਝ ਨੇੜਲਿਆਂ ਦੀਆਂ ਯਾਦਾਂ ਵੀ ਅੰਕਿਤ ਹਨ, ਜੋ ਇਸ ਦੁਨੀਆ ਤੋਂ ਰੁਖਸਤ ਹੋ ਗਏ। ਨਿੰਦਰ ਨੂੰ ਵਿਅੰਗ ਤੇ ਪ੍ਰਗਟਾਊ ਸ਼ੈਲੀ ਦਾ ਸ਼ਰਫ ਹਾਸਲ ਹੈ। ਉਸ ਸੰਖੇਪ ਤੇ ਸੰਜਮੀ ਭਾਸ਼ਾ ਵਿੱਚ ਗੱਲ ਕਹਿਣ ਦਾ ਮਾਹਰ ਹੈ। ਇਸੇ ਸਾਲ ਉਹਦੀ ਵਾਰਤਕ ਦੀ ਇੱਕ ਹੋਰ ਕਿਤਾਬ 'ਮੇਰੇ ਆਪਣੇ ਲੋਕ' ਆਈ ਹੈ। ਇਸ ਵਿੱਚ ਉਹਨੇ ਲੇਖਕਾਂ, ਕਲਾਕਾਰਾਂ ਤੇ ਮਿੱਤਰਾਂ ਦੇ ਰੇਖਾ ਚਿੱਤਰ ਲਿਖੇ ਹਨ। ਰੇਖਾ ਚਿੱਤਰਾਂ ਵਿੱਚ ਵੀ ਉਹਨੇ ਕਮਾਲ ਦੇ ਖਾਕੇ ਚਿਤਰੇ ਹਨ। ਵਾਰਤਕ ਰਾਹੀਂ ਉਹ ਵਿਅਕਤੀ ਨੂੰ ਸਾਕਾਰ ਕਰਨ ਦਾ ਹੁਨਰ ਰੱਖਦਾ ਹੈ। ਉਹਦੀ ਸ਼ੈਲੀ ਤੇ ਮੁਹਾਵਰੇ ਵਿੱਚ ਪੇਂਡੂ ਰਹਿਤਲ ਦੀ ਪੁੱਠ ਨਜ਼ਰ ਆਉਂਦੀ ਹੈ। ਮਲਵਈ ਭਾਸ਼ਾ ਦੇ ਪਰਛਾਵੇਂ ਵੀ ਉਹਦੀ ਲੇਖਣੀ ਦਾ ਅੰਗ ਹਨ।

ਯੂਨਾਨ ਨਾਲ ਪੰਜਾਬ ਦਾ ਇਤਿਹਾਸਕ ਸੰਬੰਧ ਰਿਹਾ ਹੈ, ਪਰ ਇਸ ਬਾਰੇ ਖੋਜ ਕਾਫੀ ਘੱਟ ਹੋਈ ਹੈ। ਯੂਨਾਨੀ ਇਤਿਹਾਸ, ਮਿੱਥਾਂ ਤੇ ਸਾਹਿਤ ਨੇ ਦੁਨੀਆ ਵਿੱਚ ਅਮਿੱਟ ਛਾਪ ਛੱਡੀ ਹੈ। 'ਯੂਨਾਨੀ ਤਿੱਬ' ਅਥਵਾ ਇਲਾਜ ਪ੍ਰਣਾਲੀ ਪੰਜਾਬ ਵਿੱਚ ਬੜਾ ਚਿਰ ਪ੍ਰਚਲਤ ਰਹੀ ਹੈ, ਪਰ ਹੌਲੀ ਹੌਲੀ ਉਹਦਾ ਭੋਗ ਪੈ ਗਿਆ। 'ਯੂਨਾਨੀ ਸੱਭਿਅਤਾ ਦੀਆਂ ਅਮਿੱਟ ਪੈੜਾਂ' ਨਾਂ ਦੀ ਵਾਰਤਕ ਕਿਤਾਬ ਦੇ ਲੇਖਕ ਪ੍ਰੇਮ ਪਾਲੀ ਹਨ ਤੇ ਮਨਜੀਤ ਪੁਰੀ ਨੇ ਇਹਦੀ ਸੰਪਾਦਨਾ ਕੀਤੀ ਹੈ। ਇਸ ਵਿੱਚ ਕਲਾਸੀਕਲ ਯੂਨਾਨੀ ਸਾਹਿਤ ਦੀਆਂ ਕਈ ਪਰਤਾਂ ਖੋਲ੍ਹੀਆਂ ਹਨ। ਯੂਨਾਨੀ ਕਲਾ, ਇਤਿਹਾਸ, ਬੁੱਤ ਤਰਾਸ਼ੀ, ਫਲਸਫੇ, ਓਲਿੰਪਕ ਖੇਡਾਂ ਤੇ ਨਾਟਕ ਪਰੰਪਰਾ ਬਾਰੇ ਭਰਪੂਰ ਜਾਣਕਾਰੀ ਪੇਸ਼ ਕੀਤੀ ਹੈ। ਸੰਜਮਤਾ ਤੇ ਸੰਖੇਪਤਾ ਇਸਦਾ ਹਾਸਲ ਹੈ। ਲੇਖਕ ਕੋਲ ਪ੍ਰਗਟਾਉਣ ਲਈ ਸਪਸ਼ਟ ਜਾਣਕਾਰੀ ਹੈ ਤੇ ਉਹ ਯੂਨਾਨੀ ਸੰਸਾਰ ਨੂੰ ਪੰਜਾਬੀ ਸੰਸਾਰ ਵਾਂਗ ਪੇਸ਼ ਕਰਦਾ ਹੈ।

ਵਿਅੰਗ ਕਾਵਿ ਤੇ ਵਾਰਤਕ ਦੀ ਵਿਧਾ ਹੈ। ਲੰਮਾ ਸਮਾਂ ਇਸਨੂੰ ਸਾਹਿਤਕ ਜੁਗਤ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਜਾਂਦਾ ਰਿਹਾ ਹੈ; ਪਰ ਹੁਣ ਵਾਰਤਕ ਵਿੱਚ ਇਹਦੀ ਪੇਸ਼ਕਾਰੀ ਕਾਫੀ ਹੋ ਰਹੀ ਹੈ। ਇਸ ਵਰ੍ਹੇ ਵਿਅੰਗ ਸਾਹਿਤ 'ਤੇ ਦੋ ਕਿਤਾਬਾਂ ਨੇ ਧਿਆਨ ਖਿੱਚਿਆ ਹੈ। ਪਹਿਲੀ ਡਾ. ਮੋਨੋਜੀਤ ਦੀ 'ਛਨੀਵਾਰ ਹੇ' ਤੇ ਦੂਜੀ ਮੰਗਤ ਕੁਲਜਿੰਦ ਤੇ ਜਗਦੀਸ਼ ਕੁਲਰੀਆਂ ਦੀ ਸੰਪਾਦਿਤ ਕਿਤਾਬ 'ਗਰਾਰੀ ਅੜ ਗਈ' ਹੈ। ਮੋਨੋਜੀਤ ਉੱਘਾ ਵਿਅੰਗਕਾਰ ਹੈ ਤੇ ਲਗਾਤਾਰ ਇਸ ਬਾਰੇ ਲਿਖ ਰਿਹਾ ਹੈ। ਹਥਲੀ ਕਿਤਾਬ ਵਿੱਚ ਉਹ ਰਾਜਨੀਤੀ 'ਤੇ ਸਿੱਧਾ ਵਿਅੰਗ ਕੱਸਦਾ ਹੈ। ਉਹ ਸਮਕਾਲੀ ਰਾਜਨੀਤੀ ਤੋਂ ਖੁਸ਼ ਨਹੀਂ। ਸਮਾਜਕ ਧਰੁਵੀਕਰਨ ਤੋਂ ਉਹ ਤ੍ਰਹਿੰਦਾ ਹੈ। ਸਭਿਆਚਾਰਕ ਤਣਾਓ ਦੇਸ਼ ਦੀ ਏਕਤਾ ਨੂੰ ਬਰਬਾਦ ਕਰ ਦਏਗਾ, ਇਸ ਲਈ ਉਹ ਵਿਅੰਗ ਲੇਖਾਂ ਰਾਹੀਂ ਉਸ ਪ੍ਰਤੀ ਸੁਚੇਤ ਕਰਦਾ ਹੈ।

'ਗਰਾਰੀ ਅੜ ਗਈ' ਵਿੱਚ ਸੰਪਾਦਕ ਨੇ ਵਿਅੰਗ ਲੇਖਾਂ ਦੀਆਂ ਵਿਭਿੰਨ ਵੰਨਗੀਆਂ ਪੇਸ਼ ਕੀਤੀਆਂ ਹਨ। ਇਸ ਵਿੱਚ ਨਵੇਂ-ਪੁਰਾਣੇ ਲੇਖਕਾਂ ਨੂੰ ਇੱਕ ਧਰਾਤਲ 'ਤੇ ਇਕੱਠਿਆਂ ਕੀਤਾ ਹੈ। ਇਹ ਸਾਰੇ ਲੇਖ ਸੰਪਾਦਕ ਅਨੁਸਾਰ ਪੰਜਾਬੀ ਹਾਸ ਵਿਅੰਗ ਅਕਾਦਮੀ ਦੇ ਪ੍ਰੋਜੈਕਟ ਨੂੰ ਮੁਖ ਰੱਖਦਿਆਂ ਇਕੱਠੇ ਕਰ ਕੇ ਸੰਪਾਦਤ ਕੀਤੇ ਹਨ। ਇਸ ਨਾਲ ਵਿਅੰਗ ਵਾਰਤਕ ਨੂੰ ਹੋਰ ਹੁਲਾਰਾ ਮਿਲੇਗਾ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ 'ਬਸੰਤ'

## ਰੰਗਲੀ ਰੁੱਤ

**ਬਲਵਿੰਦਰ 'ਬਾਲਮ' ਗੁਰਦਾਸਪੁਰ**
**ਫੋਨ: +91-9815625409**

ਮਾਘ ਸੁਕਲ ਪੰਚਮੀ ਦੇ ਦਿਨ ਬਸੰਤ ਦਾ ਜਨਮ ਹੋਇਆ। ਬਸੰਤ ਪੰਚਮੀ ਦੇ ਦਿਨ ਕਲਾ ਅਤੇ ਸੰਗੀਤ ਦੀ ਦੇਵੀ ਸਰਸਵਤੀ ਦੀ ਪੂਜਾ ਹੁੰਦੀ ਹੈ। ਫਲ, ਫੁੱਲਾਂ ਅਤੇ ਰੰਗ ਬਰੰਗੀਆਂ ਵੇਲਾਂ ਦੇ ਬੰਦਨਵਾਰ ਮਹਾਰਾਣੀ ਬਸੰਤ ਰੁੱਤ ਦਾ ਸਵਾਗਤ ਕਰਦੇ ਹਨ। ਇਹ ਤਿਉਹਾਰ ਵਾਸਤਵ ਵਿੱਚ ਰੁੱਤਾਂ ਦੀ ਰਾਣੀ ਬਸੰਤ ਦੀ ਅਗਵਾਈ ਦੀ ਸੂਚਨਾ ਦਿੰਦਾ ਹੈ।

ਬਸੰਤ ਫਬੀਲੇ ਮੌਸਮ ਦਾ ਮਹਾਮੇਲਾ ਹੈ। ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ। ਸੁੰਦਰ ਸੁੰਦਰ ਖਿੜਦੇ ਫੁੱਲਾਂ ਨੂੰ ਚੁੰਮਦੇ ਤਰੇਲ ਦੇ ਤੁਪਕੇ ਜ਼ਿੰਦਗੀ ਦੀ ਹਕੀਕੀ ਜਾਣ-ਪਛਾਣ ਕਰਵਾਉਂਦੇ ਨਜ਼ਰ ਆਉਂਦੇ ਹਨ। ਖੇਤਾਂ ਵਿੱਚ ਦੂਰ-ਦੂਰ ਤੱਕ ਸਰ੍ਹੋਂ ਦੀਆਂ ਪੀਲੀਆਂ ਸੋਨੇ ਵਾਂਗ ਚਮਕਦੀਆਂ ਫਸਲਾਂ ਅੱਖਾਂ ਲਈ ਇੱਕ ਤੰਦਰੁਸਤ ਖੁਰਾਕ, ਸੁੰਦਰ ਨਜ਼ਾਰਿਆਂ ਨੂੰ ਤ੍ਰਿਪਤੀ ਵਿੱਚ ਬਦਲਦੀ ਹੈ।

ਮੌਸਮ ਦੇ ਖ਼ੂਬਸੂਰਤ ਪਰਿਵਰਤਨ ਦਾ ਨਾਮ ਹੈ ਬਸੰਤ। ਸੂਰਜ ਤੜਕ ਸਵੇਰਾ ਲੈ ਕੇ ਜਦ ਸਤਿਕਾਰ ਵੰਡਦਾ ਹੈ ਤਾਂ ਮੌਸਮ ਦੀ ਅੰਗੜਾਈ ਵਿੱਚ ਖੁਸ਼ਬੂਆਂ ਪਿਆਰ ਭਰਦੀਆਂ ਹਨ। ਲਹਿਲਹਾਂਦੇ ਹਰੇ ਭਰੇ ਖੇਤ, ਫੁੱਲਾਂ ਦੇ ਰੰਗਾਂ ਦੀ ਸੁੰਦਰ ਦਿਖ, ਅੰਬਾਂ ਉਤੇ ਪਿਆ ਬੂਰ ਕਿਸੇ ਮਤਵਾਲੀ ਕੋਇਲ ਦਾ ਇਕਰਾਰ ਮਨਮੋਹਣੀ ਆਵਾਜ਼ ਨੂੰ ਤਰਸਦਾ ਹੈ। ਫਿਰ ਬਸੰਤ ਰੁੱਤ ਵਿੱਚ ਰੰਗਿਆ ਜਾਂਦਾ ਹੈ ਸਾਰਾ ਸੰਸਾਰ, ਸਾਰੀ ਕਾਇਨਾਤ, ਸਾਰੀ ਮਨੁੱਖਤਾ।

ਤੁਰਲੇ ਵਾਲੀ ਪੀਲੀ ਪਗੜੀ, ਤੇਤ ਗੁਲਾਬੀ ਲਾਚਾ, ਕਿਸੇ ਮੁੱਛ-ਫੁੱਟ ਗੱਭਰੂ ਦੇ ਗੋਰੇ ਮੁੱਖ ਉਤੇ ਸੂਰਜ ਵਰਗਾ ਹਾਸਾ, ਹੱਥ ਵਿੱਚ ਖੂੰਡਾ, ਗਲ਼ ਵਿੱਚ ਮਾਲਾ, ਛਾਤੀ ਉਪਰ ਮਚਲਦਾ ਸੋਨੇ ਦਾ ਕੈਂਠਾ, ਮੁਕੰਮਲ ਪੰਜਾਬੀ ਸੱਭਿਆਚਾਰ ਵਿੱਚ ਬਸੰਤ ਦਾ ਰੂਪ। ਲਹਿਲਹਾਂਦੇ ਹੋਏ ਖੇਤਾਂ ਵਿੱਚ ਇੱਕ ਸੁਹਣੀ ਮੁਟਿਆਰ, ਸਿਰ ਉਪਰ ਪੀਲੀ ਚੁੰਨੀ ਘਟਾਵਾਂ ਵਾਂਗ ਲਹਿਰਾਂਦੀ, ਪੈਰੀਂ ਝਾਂਜਰਾਂ ਦੀ ਛਣਕਾਹਟ, ਲੰਬੀ ਪਰਾਂਦੇ ਵਾਲੀ ਗੁੱਤ ਵਿੱਚ ਸਜੇ ਫੁੰਮਣ, ਮਟਕ-ਮਟਕ ਪਬ ਧਰਦੀ ਜਾਂਦੀ ਬਸੰਤ ਦੇ ਵਿਚਕਾਰ ਬਸੰਤ ਦੀ ਆਮਦ ਦਾ ਪਿਆਰ।

ਹਾੜੀ ਦੀਆਂ ਫਸਲਾਂ ਖਿੜ-ਖਿੜ ਹੱਸਣ ਜੋਬਨ ਰੁੱਤੇ, ਕੋਮਲ-ਕੋਮਲ ਟਹਿਣੀਆਂ ਉਪਰ ਫੁੱਟਦੇ ਅਨਾਰ। ਸਰਦੀ ਅਤੇ ਗਰਮੀ ਆਪਸ ਵਿੱਚ ਅੱਖ ਮਿਚੋਲੀ ਖੇਡਦੇ ਹੋਏ ਦਿਲਕਸ਼ ਮੌਸਮ ਦੇ ਨਾਮ ਧੜਕਦੀ ਕਿਰਿਆਵਾਂ ਨੂੰ ਅਲਵਿਦਾ ਕਹਿੰਦੇ ਹੋਏ ਅਤੀਤ ਦੇ ਪੈਰਾਂ ਵਿੱਚ ਵਰਤਮਾਨ ਦੇ ਅਤਿ ਸੁੰਦਰ ਚਿੰਨ੍ਹ ਛੱਡ ਜਾਂਦੇ। ਕਿਸਾਨ ਆਪਣੀ ਕਮਾਈ ਦੀ ਖੁਸ਼ੀ ਦੇ ਚਿੰਨ੍ਹ ਜਵਾਨ ਭਰਪੂਰ ਖਿੜੀਆਂ ਪੱਕ ਰਹੀਆਂ ਫਸਲਾਂ ਦੇ ਸੁਨਹਿਰੀ ਦ੍ਰਿਸ਼ ਦੇਖਦਾ ਹੋਇਆ ਘਰੇਲੂ ਮਜਬੂਰੀਆਂ ਤੇ ਕਰਜ਼ਿਆਂ ਤੋਂ ਛੁਟਕਾਰਾ ਪਾਉਣ ਦੀ ਲਲਕ ਵਿੱਚ ਤਤਪਰ ਹੁੰਦਾ ਹੈ।

ਬਸੰਤ ਰੁੱਤ ਸੁੰਦਰਤਾ ਦੀ ਅਸਲੀ ਪਰਿਭਾਸ਼ਾ ਅਤੇ ਇਸ ਮੌਸਮ ਵਿੱਚ ਕਾਮ-ਉਤੇਜਨਾ ਹਿਰਦੇ ਵਿੱਚ ਜਗਾਅ ਦਿੰਦੀ ਹੈ ਅਭਿਲਾਸ਼ਾ। ਬਾਗਾਂ ਵਿੱਚ ਤਿਤਲੀਆਂ ਅਤੇ ਭੌਰਿਆਂ ਦੇ ਫੁੱਲਾਂ ਨਾਲ ਦਿਲਕਸ਼ ਕਲੋਲ ਸੁੰਦਰਤਾ ਦੇ ਮੇਲੇ ਨੂੰ ਚਾਰ ਚੰਨ ਲਗਾ ਦਿੰਦੇ ਹਨ। ਖਿੜ੍ਹੇ ਸੁੰਦਰ ਫੁੱਲਾਂ ਅਤੇ ਕਲੀਆਂ ਦੇ ਸਫੇਦ ਜਿਸਮ ਬਹਾਰਾਂ ਦੀ ਜ਼ਿੰਦਗੀ ਨੂੰ ਅਲੌਕਿਕਤਾ ਬਖ਼ਸ਼ਦੇ ਹਨ। ਪੰਛੀਆਂ ਦੀ ਚਹਿਚਹਾਹਟ, ਸੂਰਜ ਦੀਆਂ ਸੱਜਰੀਆਂ ਕਿਰਨਾਂ ਨਾਲ ਮਾਨਵਤਾ ਨੂੰ ਸੰਦੇਸ਼ ਦਿੰਦੀਆਂ ਹਨ। ਸੁੰਦਰ ਮੌਸਮ ਵਿੱਚ ਏਕਤਾ, ਸਦਭਾਵਨਾ, ਅਗਵਾਈ, ਦ੍ਰਿੜ ਇਰਾਦੇ, ਆਪਸੀ ਭਾਈਚਾਰੇ ਦੀ ਇੱਕ ਜੀਵਤ ਉਦਾਹਰਣ ਬਣਦੇ ਹਨ ਪਰਵਾਸੀ ਪੰਛੀਆਂ ਦੇ ਝੁੰਡ। ਇਹ ਸਭ ਕੁਝ ਬਸੰਤ ਦੀ ਖ਼ੂਬਸੂਰਤੀ ਦਾ ਹੀ ਹੀਲਾ ਵਸੀਲਾ ਹੈ।

ਬੁਲਬੁਲਾਂ, ਕੋਇਲ, ਪਪੀਹੇ, ਮੋਰ ਬਨਸਪਤੀ ਦੀ ਸੁੰਦਰਤਾ ਉਪਰ ਖੁਸ਼ ਹੋ ਕੇ ਬਸੰਤ ਦੀ ਖ਼ੂਬਸੂਰਤੀ ਨੂੰ ਚਾਰ ਚੰਨ੍ਹ ਲਗਾ ਦਿੰਦੇ ਹਨ। ਬਸੰਤ ਰੁੱਤ ਦੀਆਂ ਮਿਹਰਬਾਨੀਆਂ, ਅਭਿਵਾਦਨ, ਅਭਿਨੰਦਨ ਧਰਤੀ ਨੂੰ ਮਾਲਾਮਾਲ ਕਰ ਦਿੰਦੇ ਹਨ। ਸ਼ੁਭ ਸ਼ਗਨ ਦੀ ਪਵਿੱਤਰ ਪਰੰਪਰਾ ਹੈ- ਬਸੰਤ ਦੀ ਰੁੱਤ। ਸਾਰੀ ਕੁਦਰਤ ਕਾਇਨਾਤ ਅਤੇ ਬਨਸਪਤੀ ਮਨੁੱਖਤਾ ਨੂੰ ਸਤਿਅਮ, ਸ਼ਿਵਮ-ਸੁੰਦਰਤਾ ਦਾ ਸੰਦੇਸ਼ ਦਿੰਦੀ ਹੈ।

ਨਦੀਆਂ-ਦਰਿਆਵਾਂ ਵਿੱਚ ਪਾਣੀ ਦੀ ਸ਼ੁੱਧਤਾ ਵਧਦੀ ਹੋਈ ਖੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ। ਪਹਾੜਾਂ ਦੀ ਖ਼ੂਬਸੂਰਤੀ ਵਿੱਚ ਬਸੰਤ ਦੀ ਰੁੱਤ, ਦੁਲਹਨਾਂ ਵਾਂਗੂੰ ਸਜਦੀ ਹੋਈ ਜੰਨਤ ਦਾ ਭੁਲੇਖਾ ਪਾਉਂਦੀ ਹੈ। ਇਹ ਰੁੱਤ ਮਾਨਵਤਾ ਦੀ ਖੁਸ਼ਹਾਲੀ ਦੀ ਪ੍ਰਤੀਕ ਹੈ। ਅੰਬਰ ਛੂਹਦੀਆਂ ਪਹਾੜਾਂ ਦੀਆਂ ਟੀਸੀਆਂ, ਬੁਲੰਦੀਆਂ ਉਪਰ ਖਿੜਦੀ ਬਸੰਤ ਵਿੱਚ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀ ਮਹਿਕ ਟੇਢੀਆਂ-ਮੇਢੀਆਂ ਪਗਡੰਡੀਆਂ ਨੂੰ ਜ਼ਿੰਦਗੀ ਦੇ ਦਿੰਦੀਆਂ। ਪਹਾੜਾਂ ਦੀ ਖ਼ੂਬਸੂਰਤੀ ਵਿੱਚ ਵੀ ਬਸੰਤ ਦੀ ਰੁੱਤ ਸਮੇਂ ਇੱਕ ਵਿਲੱਖਣ ਸੱਜਰਾ ਪਰਿਵਰਤਨ ਹੁੰਦਾ ਹੈ। ਬਰਫ਼ ਖੁਰਨ ਨਾਲ ਸ਼ੁੱਧ ਪਾਣੀ ਆਪਣੀ ਪਰਿਵਰਤਨਸ਼ੀਲਤਾ ਵਿੱਚ ਨਵੀਨਤਾ ਪੈਦਾ ਕਰਦਾ ਹੈ। ਝਰਨਿਆਂ ਵਿੱਚ ਦੁੱਧ ਚਿੱਟਾ ਪਾਣੀ ਉਪਰੋਂ ਵਹਿੰਦਾ ਹੋਇਆ ਹੇਠਾਂ ਧਰਤੀ ਨੂੰ ਜਦ ਚੁੰਮਦਾ ਹੈ ਤਾਂ ਸ਼ੀਸ਼ੇ ਦੀਆਂ ਕਿਰਚੀਆਂ ਵਾਂਗੂੰ ਟੁੱਟ ਕੇ ਫੈਲਦਾ ਹੋਇਆ ਅਨੇਕਾਂ ਅਕਸ ਪੈਦਾ ਕਰਦਾ ਹੈ, ਜੋ ਜਵਾਨੀ ਸੁੰਦਰਤਾ ਅਤੇ ਜੰਨਤ ਦਾ ਆਭਾਸ ਕਰਵਾਉਂਦਾ ਹੈ।

ਇਸ ਦਿਨ ਚਾਰੇ ਪਾਸੇ ਬਸੰਤੀ ਰੰਗ ਦੀ ਸੁੰਦਰਤਾ ਬਿਖਰ ਜਾਂਦੀ ਹੈ। ਬਸੰਤੀ ਪਗੜੀਆਂ, ਬਸੰਤੀ ਦੁਪੱਟੇ, ਬਸੰਤੀ ਰੁਮਾਲ, ਬਸੰਤੀ ਸੁਨਹਿਰੀ ਗਹਿਣੇ ਧਰਤੀ ਦੀ ਸੁੰਦਰਤਾ ਨੂੰ ਜੰਨਤ ਪਰੋਸ ਦਿੰਦੀ ਹੈ।

ਬਸੰਤ ਬਾਰੇ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ:

ਬਨਸਪਤਿ ਮਉਲੀ ਚੜਿਆ ਬਸੰਤੁ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥
ਤੁਮ ਸਾਚੁ ਧਿਆਵਹੁ ਮੁਗਧ ਮਨਾ॥
ਤਾ ਸੁਖੁ ਪਾਵਹੁ ਮੇਰੇ ਮਨਾ॥

ਇਹ ਲਾਈਨਾਂ ਜੀਵਨ ਦੇ ਸੁਖਦ ਪਲਾਂ ਨੂੰ ਬਿਆਨ ਕਰਦੀਆਂ ਹਨ। ਬਨਸਪਤੀ ਆਣ 'ਤੇ ਬਸੰਤ ਦੀ ਆਮਦ ਤੇ ਸੁੱਖ ਦੀ ਪ੍ਰਾਪਤੀ ਸਤਿਗੁਰੂ ਦੀ ਉਪਾਸਨਾ ਨਾਲ ਹੀ ਹੈ।

ਭਗਤ ਕਬੀਰ ਜੀ ਆਪਣੀ ਬਾਣੀ ਵਿੱਚ ਲਿਖਦੇ ਹਨ:

ਮਉਲੀ ਧਰਤੀ ਮਉਲਿਆ ਆਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥

ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿੱਚ ਆਖਦੇ ਹਨ:

ਤਿਸੁ ਬੰਸਤ ਜਿਸੁ ਪ੍ਰਭੁ ਕ੍ਰਿਪਾਲ॥
ਤਿਸ ਬਸੰਤ ਜਿਸੁ ਗੁਰੁ ਦਇਆਲ॥
ਮੰਗਲ ਤਿਸਕੈ ਜਿਸੁ ਏਕੁ ਨਾਮ॥
ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮ॥

ਗੁਰੂ ਅਮਰਦਾਸ ਜੀ ਲਿਖਦੇ ਹਨ:

ਬਸੰਤ ਚੜ੍ਹਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥

ਗੁਰੂ ਸਾਹਿਬਾਨ ਨੇ ਵੀ ਬਸੰਤ ਦੀ ਉਸਤਤ ਵਿੱਚ ਖੂਬ ਲਿਖਿਆ ਅਤੇ ਸੁੰਦਰ ਮਾਨਵਤਾਵਾਦੀ ਤਸ਼ਬੀਹਾਂ ਦਿੱਤੀਆਂ ਹਨ।

ਇਸ ਦਿਨ ਅਸਮਾਨ ਵਿੱਚ ਪਤੰਗਾਂ (ਗੁੱਡੀਆਂ) ਅਤੇ ਡੋਰਾਂ ਇਸ ਤਰ੍ਹਾਂ ਪੇਚੇ ਲੜਾਉਂਦੀਆਂ ਹਨ ਕਿ ਸਾਰਾ ਅਸਮਾਨ ਇਵੇਂ ਨਜ਼ਰ ਆਉਂਦਾ ਹੈ, ਜਿਵੇਂ ਕਿਸੇ ਚਿੱਤਰਕਾਰ ਨੇ ਹਵਾ ਵਿੱਚ ਚਿੱਤਰਕਾਰੀ ਕੀਤੀ ਹੋਵੇ। ਰੰਗ ਬਰੰਗੀਆਂ ਪਤੰਗਾਂ ਦੀ ਖ਼ੂਬਸੂਰਤੀ ਅਸਮਾਨ ਨੂੰ ਸੁੰਦਰਤਾ ਬਖ਼ਸ਼ ਦਿੰਦੀ ਹੈ। ਆ, ਬੋ, ਈ, ਓ! ਦੀਆਂ ਲੰਬੀਆਂ ਹੇਕਾਂ ਫ਼ਿਜ਼ਾ ਵਿੱਚ ਜਦ ਗੂੰਜਦੀਆਂ ਹਨ ਤਾਂ ਜਵਾਨੀ ਦੀ ਪਰਿਭਾਸ਼ਾ ਉਮੜ ਆਉਂਦੀ ਹੈ। ਬਸੰਤ ਸਫ਼ਲ ਹੋ ਜਾਂਦੀ ਹੈ।

ਬਸੰਤ ਵਾਲੇ ਦਿਨ ਸਾਰੇ ਭਾਰਤ ਵਿੱਚ ਕਈ ਵੱਡੇ ਮੇਲੇ ਅਤੇ ਪਤੰਗਬਾਜ਼ੀ ਦੇ ਲੱਖਾਂ ਦੇ ਮੁਕਾਬਲੇ ਹੁੰਦੇ ਹਨ। ਖ਼ਾਸ ਕਰਕੇ ਲਖਨਊ ਆਦਿ ਸ਼ਹਿਰਾਂ ਵਿੱਚ ਪਤੰਗਬਾਜ਼ੀ ਦੀਆਂ ਸ਼ਰਤਾਂ ਲਗਦੀਆਂ ਹਨ। ਪੰਜਾਬ ਵਿੱਚ ਖ਼ਾਸ ਕਰਕੇ ਸਾਰੇ ਸ਼ਹਿਰਾਂ ਨਗਰਾਂ ਤੋਂ ਇਲਾਵਾ ਅੰਮ੍ਰਿਤਸਰ, ਫਿਰੋਜ਼ਪੁਰ, ਆਦਿ ਸ਼ਹਿਰਾਂ ਵਿੱਚ ਪਤੰਗਬਾਜ਼ੀ ਦੀਆਂ ਸ਼ਰਤਾਂ ਲਗਦੀਆਂ ਹਨ ਅਤੇ ਦੇਰ ਰਾਤ ਤੱਕ ਪਤੰਗਾਂ ਦੇ ਪੇਚੇ ਚਲਦੇ ਹਨ। ਪਤੰਗਬਾਜ਼ੀ ਦਾ ਤਿਉਹਾਰ ਵੀ ਇਸ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਲੜਕੇ ਅਤੇ ਲੜਕੀਆਂ ਵੀ ਪਤੰਗਾਂ ਉਡਾਂਦੀਆਂ ਹਨ। ਮਾਂ-ਬਾਪ ਆਪਣੀਆਂ ਪਿਆਰੀਆਂ ਪਿਆਰੀਆਂ ਧੀਆਂ ਨੂੰ ਖੁਦ ਪਤੰਗ-ਡੋਰ ਖਰੀਦ ਕੇ ਦਿੰਦੇ ਹਨ ਤਾਂ ਜੋ ਲੜਕੀਆਂ ਨੂੰ ਬਰਾਬਰੀ ਦੀ ਸ਼ਕਤੀ ਪ੍ਰਦਾਨ ਹੋਵੇ।

ਭਾਈ ਗੁਰਦਾਸ ਜੀ ਨੇ ਮਨੁੱਖ ਨਾਲ ਤਸ਼ਬੀਹ ਦਿੰਦੇ ਹੋਏ ਆਪਣੇ ਕਬਿੱਤ ਵਿੱਚ ਪਤੰਗ (ਗੁੱਡੀ) ਬਾਰੇ ਕਮਾਲ ਦਾ ਫੁਰਮਾਣ ਕੀਤਾ ਹੈ:

ਪਵਨ ਗਵਨ ਜੈਸੇ ਗੁਡੀਆ ਉਡਤ ਰਹੈ
ਪਵਨ ਰਹਿਤ ਗੁਡੀ ਉਡਿ ਨ ਸਕਤ ਹੈ।
ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ
ਤਾਉ ਮਿਟੈ ਗਿਰ ਪਰੈ ਥਕਤ ਹੈ।
ਕੰਚਨ ਅਸੁਧ ਜਿਉ ਕੁਠਾਰੀ ਠਹਗਤ ਨਾਹੀ
ਸੁਧ ਭਏ ਨਿਹਚਲ ਛਬਿ ਕੈ ਛਕਤ ਹੈ।
ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ
ਗੁਰ ਮਤਿ ਏਕ ਟੇਕ ਮੋਨ ਨ ਬਕਤ ਹੈ।

ਬਸੰਤ ਦੇ ਦਿਨ ਹੀ ਘਰਾਂ-ਧਾਰਮਿਕ ਸਥਾਨਾਂ, ਸੰਸਥਾਵਾਂ ਆਦਿ ਵਿਖੇ ਪੀਲੇ ਰੰਗ ਦੇ ਪ੍ਰਸ਼ਾਦਿ, ਪੀਲੇ ਰੰਗ ਦੇ ਚਾਵਲ (ਮਿੱਠੇ) ਬਣਾਏ ਜਾਂਦੇ ਹਨ। ਹਰ ਸ਼ਹਿਰ, ਨਗਰ, ਪਿੰਡ ਵਿੱਚ ਮੇਲੇ ਲਗਦੇ ਹਨ। ਕਾਮ ਅਤੇ ਰੱਤੀ ਦੀ ਵਿਸ਼ੇਸ਼ ਪੂਜਾ ਹੁੰਦੀ ਹੈ। ਇਸ ਦਿਨ ਸਰਸਵਤੀ ਦੇਵੀ ਵਿਦਿਆ ਬੁੱਧੀ ਸਕੰਲਪ ਸ਼ਕਤੀ ਬਖ਼ਸ਼ਦੀ ਹੈ। ਬਸੰਤ ਹਾਸਿਆਂ-ਖੇੜਿਆਂ ਦਾ ਸੰਦੇਸ਼ ਦਿੰਦੀ ਹੈ। ਪ੍ਰਫੁਲਤਾ ਅਤੇ ਤਾਜ਼ਗੀ ਬਖ਼ਸ਼ਦੀ ਹੈ।

ਮਹਾਭਾਰਤ ਕਾਲ ਵਿੱਚ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਸੀ, "ਮੈਂ ਰੁੱਤਾਂ ਵਿੱਚੋਂ ਰੁੱਤ ਬਸੰਤ ਹਾਂ।" ਇਸ ਦਿਨ ਬੰਗਾਲ, ਆਸਾਮ ਅਤੇ ਬੰਗਲਾ ਦੇਸ਼ ਵਿੱਚ ਪੀਲੇ ਅਤੇ ਗੁਲਾਬੀ ਰੰਗ ਵਿੱਚ ਹੋਲੀ ਖੇਡੀ ਜਾਂਦੀ ਹੈ। ਬਸੰਤ ਪ੍ਰਦੂਸ਼ਣ ਦੂਰ ਕਰਦੀ ਹੈ, ਜੰਗਲ ਵਿੱਚ ਮੰਗਲ ਕਰਦੀ ਹੈ। ਸਰੀਰ ਨੂੰ ਉਰਜਾ, ਸਿਹਤ ਅਤੇ ਨਿਰੋਗਤਾ ਦੀ ਪ੍ਰਤੀਕ ਹੈ। ਖੁਸ਼ੀਆਂ ਹੀ ਖੁਸ਼ੀਆਂ ਦਾ ਸੰਦੇਸ਼ ਦਿੰਦੀ ਹੈ।


ਇਸ ਦਿਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਆਉਂਦਾ ਹੈ। ਖ਼ਾਸ ਕਰਕੇ ਵੀਰ ਹਕੀਕਤ ਰਾਇ ਦੀ ਸ਼ਹਾਦਤ, ਨਾਮਧਾਰੀ ਕੂਕਿਆਂ ਦੀ ਬਹਾਦਰੀ, ਜਰਨੈਲ ਸ਼ਾਮ ਸਿੰਘ ਅਟਾਰੀ ਦੀ ਸ਼ਹੀਦੀ ਆਦਿ ਘਟਨਾਵਾਂ ਅਤੇ ਸ਼ੁਭ ਕਾਰਜਾਂ ਦੀ ਜ਼ਿਕਰ ਆਉਂਦਾ ਹੈ। ਵੀਰ ਹਕੀਕਤ ਰਾਇ ਦਾ ਬਟਾਲਾ (ਗੁਰਦਾਸਪੁਰ) ਪੰਜਾਬ ਵਿਖੇ ਭਾਰੀ ਮੇਲਾ ਲਗਦਾ ਹੈ।

ਇਸ ਦਿਨ ਧਾਰਮਿਕ ਸਥਾਨਾਂ ਵਿਖੇ ਕੀਰਤਨ ਅਤੇ ਪ੍ਰਵਚਨਾਂ ਨਾਲ ਬਸੰਤ ਦੀ ਉਸਤਤ ਕੀਤੀ ਜਾਂਦੀ ਹੈ। ਖ਼ਾਸ ਕਰਕੇ ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਅੰਮ੍ਰਿਤਸਰ ਵਿਖੇ ਸਾਰਾ ਦਿਨ ਬਸੰਤ ਦੀ ਉਸਤਤ ਵਿੱਚ ਸ਼ਬਦ ਗਾਇਨ ਕੀਤੇ ਜਾਂਦੇ ਹਨ।

ਬਸੰਤ ਰੁੱਤ ਸਭ ਰੁੱਤਾਂ ਦੀ ਸਰਵੋਤਮ ਰਾਣੀ ਹੈ। ਮਨੁੱਖਤਾ ਦੇ ਜੀਵਨ ਵਿੱਚ ਇਸ ਦੀ ਮਹਾਨਤਾ ਹਿਰਦੇ ਵਿੱਚ ਉਤਰਨ ਵਾਲੀ ਅਤੇ ਸ਼ੁੱਧਤਾ, ਸੁੰਦਰਤਾ, ਸ਼ਾਂਤੀ ਦੀ ਪ੍ਰਤੀਕ ਹੈ।



■ **ਖਿੜੀ ਬਸੰਤ:** ਸਰ੍ਹੋਂ ਦੇ ਭਰਪੂਰ ਖੇਤ ਵਿੱਚੋਂ ਦੀ ਲੰਘਦਾ ਹੋਇਆ ਇੱਕ ਕਿਸਾਨ



■ **ਚਿੱਤਰ ਬੋਲਦੇ ਹਨ:** ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਬਾਹਰ ਮਹਾਰਾਜਾ ਰਣਜੀਤ ਸਿੰਘ ਬਸੰਤ (ਪੀਲੇ) ਲਿਬਾਸ ਵਿੱਚ ਦਰਬਾਰ ਲਗਾਉਂਦੇ ਹੋਏ

## ਪੰਜ ਆਬ ਤੋਂ ਢਾਈ ਆਬ ਤੱਕ: ਨਵੀਂ ਵਾਰਤਕ, ਨਵੀਂਆਂ ਦਿਸ਼ਾਵਾਂ

ਅਸੀਂ ਆਪਣੀ ਗੱਲ ਪੰਜਾਬ (ਪੰਜ ਆਬ) ਤੋਂ ਸ਼ੁਰੂ ਕੀਤੀ ਸੀ, ਜੋ 'ਢਾਈ ਆਬ' ਉਤੇ ਪਹੁੰਚ ਗਈ ਹੈ। ਪੰਜਾਬ ਜੋ ਕਦੇ ਪੰਜਾਂ ਦਰਿਆਵਾਂ ਦਾ ਸਾਂਝਾ ਤੇ ਵਿਸ਼ਾਲ ਭੂਗੋਲਿਕ ਖਿੱਤੇ ਵਿੱਚ ਫੈਲਿਆ ਹੋਇਆ ਸੀ, ਅੱਜ ਰਾਜਨੀਤਕ ਬਦਨੀਤੀਆਂ ਕਰਕੇ ਢਾਈ ਦਰਿਆਵਾਂ ਦਾ ਰਹਿ ਗਿਆ ਹੈ। ਕਿਸੇ ਵੀ ਖਿੱਤੇ ਲਈ ਭੂਗੋਲਿਕਤਾ ਵਿਸ਼ੇਸ਼ ਮਹੱਤਤਾ ਵਾਲੀ ਹੁੰਦੀ ਹੈ। ਕਮਲਜੀਤ ਬਨਵੈਤ ਉੱਘਾ ਤੇ ਤਜਰਬੇਕਾਰ ਪੱਤਰਕਾਰ ਹੈ। ਲੰਮਾ ਸਮਾਂ ਉਹਨੇ ਪੱਤਰਕਾਰਤਾ ਦੀ ਖੋਜਬੀਨ 'ਤੇ ਲਾਇਆ ਹੈ। ਉਹਦੇ ਲੇਖਾਂ ਦੀ ਕਿਤਾਬ 'ਢਾਈ ਆਬ' ਚਰਚਾ ਵਿੱਚ ਰਹੀ, ਜਿਸ ਵਿੱਚ ਉਹ ਪਰਵਾਸ ਤੋਂ ਲੈ ਕੇ ਪੰਜਾਬੀਆਂ ਦੇ ਡੁੱਲ੍ਹੇ ਖ਼ੂਨ, ਇਸ ਨਾਲ ਹੋਈਆਂ ਜ਼ਿਆਦਤੀਆਂ, ਚਿੱਕੜਬਾਜ਼ੀ ਦੀ ਸਿਆਸਤ, ਕਿਸਾਨੀ, ਵਿਦਿਆਰਥੀਆਂ ਤੇ ਹੋਰ ਸਮਕਾਲੀ ਸੰਕਟਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਪੇਸ਼ਕਾਰੀ ਕਰਦਾ ਹੈ। ਉਸ ਕੋਲ ਮਸਲਿਆਂ ਦੇ ਅੰਦਰ ਬਾਹਰ ਝਾਕਣ ਦੀ ਸਮਰੱਥਾ ਹੈ, ਜਿਸਨੂੰ ਉਹ ਸੰਜਮੀ ਤੇ ਪੱਤਰਕਾਰੀ ਵਾਲੀ ਸ਼ੈਲੀ ਵਿੱਚ ਸਮਾ ਕੇ ਲਿਖਦਾ ਹੈ।

ਇਸ ਤਰ੍ਹਾਂ ਅਸੀਂ ਸਿਰਫ ਉਨ੍ਹਾਂ ਕਿਤਾਬਾਂ ਦੀ ਚੋਣ ਕੀਤੀ ਹੈ, ਜੋ ਸਾਡੀ ਦ੍ਰਿਸ਼ਟੀ ਵਿੱਚ ਬੀਤ ਗਏ ਵਰ੍ਹੇ ਦੀਆਂ ਪ੍ਰਤੀਨਿਧ ਹਨ। ਹਾਲਾਂਕਿ ਸਾਲ 2024 ਵਿੱਚ ਹੋਰ ਵੀ ਕਿਤਾਬਾਂ ਪ੍ਰਕਾਸ਼ਤ ਹੋਈਆਂ ਹਨ, ਪਰ ਸਾਰੀਆਂ ਬਾਰੇ ਗੱਲ ਕਰਨੀ ਸੰਭਵ ਨਹੀਂ। ਇਹ ਵਾਰਤਕ ਕਿਤਾਬਾਂ ਵੱਡੇ ਪਿੰਡ ਮੱਲ ਕੇ ਸਾਹਿਤਕ ਦ੍ਰਿਸ਼ਟੀ ਨੂੰ ਵੀ ਵਿਸ਼ਾਲਤਾ ਪ੍ਰਦਾਨ ਕਰ ਰਹੀਆਂ ਹਨ। ਇਨ੍ਹਾਂ ਬਾਰੇ ਗੱਲਾਂ ਕਰਨ ਲਈ ਬਹੁਤ ਵੱਡੇ ਕੈਨਵਸ ਦੀ ਲੋੜ ਹੈ, ਪਰ ਅਸਾਂ ਇਨ੍ਹਾਂ ਨਾਲ ਸੰਖੇਪ ਜਾਣ-ਪਛਾਣ ਕਰਾ ਕੇ ਪਾਠਕਾਂ ਲਈ ਰਾਹ ਖੋਲ੍ਹਿਆ ਹੈ ਤਾਂ ਜੋ ਖੁਦ ਉਤਸ਼ਾਹਿਤ ਹੋ ਕੇ ਇਨ੍ਹਾਂ ਦਾ ਪਾਠ ਕਰਕੇ ਲਾਭ ਲੈ ਸਕਣ।

**ਖਿਡਾਰੀ ਪੰਜ-ਆਬ ਦੇ (35)**

ਨਵਦੀਪ ਸਿੰਘ ਗਿੱਲ
ਫੋਨ: +91-9780036216



*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਨਿਸ਼ਾਨੇ ਫੁੰਡਣ ਵਾਲੀ ਅੱਵਲ ਨੰਬਰ ਦੀ ਖਿਡਾਰਨ ਅਵਨੀਤ ਕੌਰ ਸਿੱਧੂ ਦੇ ਖੇਡ ਕਰੀਅਰ ਦਾ ਜ਼ਿਕਰ ਛੋਹਿਆ ਹੈ। ਮਾਲਵੇ ਦੀ ਇਹ ਸੁੱਘੜ, ਸਿਆਣੀ ਤੇ ਹੋਣਹਾਰ ਨਿਸ਼ਾਨੇਬਾਜ਼ ਪੰਜਾਬ ਦੀਆਂ ਮਹਿਲਾ ਨਿਸ਼ਾਨੇਬਾਜ਼ਾਂ ਦੀ ਝੰਡਾਬਰਦਾਰ ਹੈ। ਉਸ ਨੇ ਆਪਣੇ ਡੇਢ ਦਹਾਕਾ ਖੇਡ ਕਰੀਅਰ ਦੌਰਾਨ 100 ਤੋਂ ਵੱਧ ਕੌਮੀ ਤੇ ਕੌਮਾਂਤਰੀ ਤਮਗੇ ਜਿੱਤੇ ਹਨ। ਰਾਸ਼ਟਰਮੰਡਲ ਤੇ ਏਸ਼ਿਆਈ ਖੇਡਾਂ ਵਿੱਚ ਤਮਗਾ ਜਿੱਤਣ ਵਾਲੀ ਉਹ ਪਹਿਲੀ ਪੰਜਾਬਣ ਨਿਸ਼ਾਨੇਬਾਜ਼ ਹੈ। ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਿੱਚ ਵੀ ਅੱਵਲ, ਅਰਜੁਨਾ ਐਵਾਰਡ ਜਿੱਤਣ ਵਾਲੀ ਵੀ ਪਲੇਠੀ ਪੰਜਾਬਣ ਨਿਸ਼ਾਨੇਬਾਜ਼।*

# ਅੱਵਲ ਨੰਬਰ ਦੀ ਨਿਸ਼ਾਨੇਬਾਜ਼ ਅਵਨੀਤ ਕੌਰ ਸਿੱਧੂ

ਅਵਨੀਤ ਕੌਰ ਸਿੱਧੂ ਅੱਵਲ ਨੰਬਰ ਦੀ ਨਿਸ਼ਾਨੇਬਾਜ਼ ਹੈ, ਜਿਸ ਨੇ ਮਾਲਵੇ ਦੇ ਟਿੱਬਿਆਂ ਤੋਂ ਮੈਲਬਰਨ ਦੀਆਂ ਸ਼ੂਟਿੰਗ ਰੇਂਜਾਂ ਅਤੇ ਬਠਿੰਡਾ ਤੋਂ ਬੀਜਿੰਗ ਤੱਕ ਆਪਣੇ ਪੱਕੇ ਨਿਸ਼ਾਨਿਆਂ ਦੀ ਧਾਂਕ ਜਮਾਈ। ਉਹ ਹਰ ਗੱਲ ਵਿੱਚ ਅੱਵਲ ਰਹੀ। ਰਾਸ਼ਟਰਮੰਡਲ ਤੇ ਏਸ਼ਿਆਈ ਖੇਡਾਂ ਵਿੱਚ ਤਮਗਾ ਜਿੱਤਣ ਵਾਲੀ ਉਹ ਪਹਿਲੀ ਪੰਜਾਬਣ ਨਿਸ਼ਾਨੇਬਾਜ਼ ਹੈ। ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਿੱਚ ਵੀ ਅੱਵਲ, ਅਰਜੁਨਾ ਐਵਾਰਡ ਜਿੱਤਣ ਵਾਲੀ ਵੀ ਪਲੇਠੀ ਪੰਜਾਬਣ ਨਿਸ਼ਾਨੇਬਾਜ਼। ਨਿਸ਼ਾਨੇਬਾਜ਼ੀ ਕਰਦਿਆਂ ਵੀ ਉਸ ਨੇ 400 ਵਿੱਚੋਂ 400 ਸਕੋਰ ਬਣਾਉਂਦਿਆਂ ਵਿਸ਼ਵ ਦੇ ਅੱਵਲ ਸਕੋਰ ਦੀ ਬਰਾਬਰੀ ਕੀਤੀ। ਇੱਕ ਦਰਜਨ ਤਾਂ ਉਹ ਵਿਸ਼ਵ ਕੱਪ ਖੇਡ ਚੁੱਕੀ ਹੈ। ਨਿਸ਼ਾਨੇਬਾਜ਼ੀ ਵਿੱਚ ਨਾਮ ਰੌਸ਼ਨ ਕੀਤਾ ਤਾਂ ਉਸ ਨੂੰ ਪੰਜਾਬ ਸਰਕਾਰ ਨੇ ਸਿੱਧਾ ਡੀ.ਐਸ.ਪੀ. ਭਰਤੀ ਕਰ ਲਿਆ। ਪੁਲਿਸ ਦੀ ਸਖਤ ਟਰੇਨਿੰਗ ਵਿੱਚ ਵੀ ਉਹ ਅੱਵਲ ਆਈ। ਉਹ ਪੂਰੇ ਦੇਸ਼ ਦੀਆਂ ਪੁਲਿਸ ਬਲਾਂ ਦੀਆਂ ਕੌਮੀ ਖੇਡਾਂ ਅਤੇ ਪੂਰੀ ਦੁਨੀਆਂ ਦੀਆਂ ਪੁਲਿਸ ਬਲਾਂ ਦੀਆਂ ਵਿਸ਼ਵ ਪੁਲਿਸ ਖੇਡਾਂ ਵਿੱਚ ਵੀ ਅੱਵਲ ਰਹੀ। ਉਹ ਐਸ.ਐਸ.ਪੀ. ਲੱਗਣ ਵਾਲੀ ਪੰਜਾਬ ਦੀ ਪਹਿਲੀ ਮਹਿਲਾ ਓਲੰਪੀਅਨ ਹੈ। ਇਸ ਵਾਰ ਗਣਤੰਤਰ ਦਿਵਸ ਮੌਕੇ ਅਵਨੀਤ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬਿਹਤਰੀਨ ਤੇ ਸਮਰਪਣ ਭਾਵਨਾ ਨਾਲ ਡਿਊਟੀ ਨਿਭਾਉਣ ਲਈ ਮੁੱਖ ਮੰਤਰੀ ਮੈਡਲ ਮਿਲਿਆ ਹੈ। ਇੰਝ ਉਹ ਖੇਡਾਂ ਤੇ ਪੁਲਿਸਿੰਗ ਦੋਵਾਂ ਵਿੱਚ ਹੀ ਮੈਡਲ ਜਿੱਤ ਰਹੀ ਹੈ।

ਖੇਡਾਂ ਵਿੱਚ ਝੰਡੇ ਗੱਡਣ ਤੋਂ ਪਹਿਲਾਂ ਉਹ ਪੜ੍ਹਾਈ ਵਿੱਚ ਵੀ ਅੱਵਲ ਹੀ ਆਉਂਦੀ ਰਹੀ। ਬੀ.ਸੀ.ਏ. ਤੇ ਐਮ.ਏ. (ਅੰਗਰੇਜ਼ੀ) ਦੀ ਟੌਪਰ ਅਵਨੀਤ ਯੁਵਕ ਮੇਲਿਆਂ ਵਿੱਚ ਕੁਇਜ਼ ਮੁਕਾਬਲਿਆਂ ਵਿੱਚ ਵੀ ਅੱਵਲ ਆਈ। ਮਾਲਵੇ ਦੀ ਇਹ ਸੁੱਘੜ, ਸਿਆਣੀ ਤੇ ਹੋਣਹਾਰ ਨਿਸ਼ਾਨੇਬਾਜ਼ ਪੰਜਾਬ ਦੀਆਂ ਮਹਿਲਾ ਨਿਸ਼ਾਨੇਬਾਜ਼ਾਂ ਦੀ ਝੰਡਾਬਰਦਾਰ ਹੈ। ਉਹ ਪੰਜਾਬ ਵਿੱਚ ਛੋਟੀ ਉਮਰ ਦੀਆਂ ਲੜਕੀਆਂ ਲਈ ਰਾਹ ਦਸੇਰਾ ਬਣੀ ਅਤੇ ਉਸ ਨੂੰ ਦੇਖੋ-ਦੇਖ ਪੰਜਾਬ ਵਿੱਚ ਕਈ ਕੁੜੀਆਂ ਨਿਸ਼ਾਨੇਬਾਜ਼ੀ ਦੀ ਖੇਡ ਵੱਲ ਪ੍ਰੇਰਿਤ ਹੋਈਆਂ। ਹੁਣ ਤਾਂ ਮਾਪੇ ਆਪਣੀਆਂ ਬੱਚੀਆਂ ਦਾ ਨਾਮ ਵੀ ਅਵਨੀਤ ਰੱਖਣ ਲੱਗ ਗਏ ਹਨ। ਅਵਨੀਤ ਦੇ ਪਿਤਾ ਅੰਮ੍ਰਿਤਪਾਲ ਸਿੰਘ ਸਿੱਧੂ (ਬਰਾੜ) ਨੇ ਕੁੱਲ ਦੁਨੀਆਂ ਦੇ ਪੰਜਾਬੀਆਂ ਨੂੰ ਸੁਨੇਹਾ ਦਿੱਤਾ ਕਿ ਜੇਕਰ ਧੀਆਂ ਨੂੰ ਪੁੱਤਾਂ ਤੋਂ ਵੱਧ ਕੇ ਪਾਲਿਆ ਅਤੇ ਉਨ੍ਹਾਂ ਦੇ ਸੁਫਨਿਆਂ ਨੂੰ ਪੂਰਾ ਕਰਨ ਲਈ ਜਾਨੂੰਨ ਦੀ ਹੱਦ ਤੱਕ ਜਾਇਆ ਜਾਵੇ ਤਾਂ ਧੀਆਂ ਵੀ ਮਾਪਿਆਂ ਦਾ ਨਾਂ ਰੌਸ਼ਨ ਕਰ ਸਕਦੀਆਂ ਹਨ। ਪਿਤਾ ਵੱਲੋਂ ਜਨਮ ਦਿਨ ਦੇ ਤੋਹਫੇ ’ਤੇ ਵਿਦੇਸ਼ੋਂ ਮੰਗਵਾਈ ਮਹਿੰਗੀ ਰਾਈਫਲ ਦਾ ਮੁੱਲ ਧੀ ਨੇ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਤਮਗਿਆਂ ਦਾ ਸੈਂਕੜਾ ਪੂਰਾ ਕਰਕੇ ਮੋੜਿਆ।

ਅਵਨੀਤ ਦਾ ਜੱਦੀ ਪਿੰਡ ਬਠਿੰਡਾ ਜ਼ਿਲ੍ਹੇ ਵਿੱਚ ਚੱਕ ਅਤਰ ਸਿੰਘ ਵਾਲਾ ਹੈ। ਅਵਨੀਤ ਦਾ ਜਨਮ 30 ਅਕਤੂਬਰ 1981 ਨੂੰ ਹੋਇਆ। ਬਾਰ੍ਹਵੀਂ ਤੱਕ ਮੈਡੀਕਲ ਦੀ ਪੜ੍ਹਾਈ ਬਠਿੰਡਾ ਦੇ ਸੇਂਟ ਜੋਸਫ ਕਾਨਵੈਂਟ ਸਕੂਲ ਤੋਂ ਪੂਰੀ ਕੀਤੀ। ਸਾਲ 2000 ਵਿੱਚ ਅਵਨੀਤ ਨੇ ਦਸਮੇਸ਼ ਕਾਲਜ ਵਿਖੇ ਬੀ.ਸੀ.ਏ. ਵਿੱਚ ਦਾਖਲਾ ਲੈ ਲਿਆ। ਕਾਲਜ ਵਿੱਚ ਅਤਿ-ਆਧੁਨਿਕ ਸ਼ੂਟਿੰਗ ਰੇਂਜ ਸੀ ਅਤੇ ਕੋਚਿੰਗ ਲਈ ਵੀਰਪਾਲ ਕੌਰ ਜਿਹੀ ਸਮਰਪਿਤ ਕੋਚ। ਉਨ੍ਹਾਂ ਦਿਨਾਂ ਵਿੱਚ ਸਪੋਰਟਸ ਅਥਾਰਟੀ ਆਫ ਇੰਡੀਆ ਦੀ ਨਵੀਂ ਰੇਂਜ ਦੇ ਉਦਘਾਟਨ ਲਈ ਦੇਸ਼ ਦੀ ਉਘੀ ਨਿਸ਼ਾਨੇਬਾਜ਼ ਅੰਜਲੀ ਭਾਗਵਤ ਤੇ ਜਸਪਾਲ ਰਾਣਾ ਅਵਨੀਤ ਦੇ ਕਾਲਜ ਪੁੱਜੇ। ਅਵਨੀਤ ਅੰਜਲੀ ਤੋਂ ਬਹੁਤ ਪ੍ਰਭਾਵਿਤ ਹੋਈ। ਅਵਨੀਤ ਨੇ ਸ਼ੁਰੂਆਤੀ ਦਿਨਾਂ ਵਿੱਚ ਪਿਸਟਲ ਈਵੈਂਟ ਦੀ ਸ਼ੁਰੂਆਤ ਕੀਤੀ। ਇੱਕ ਵਾਰ ਕੋਚ ਵੀਰਪਾਲ ਕੌਰ ਨੇ ਕਾਲਜ ਦੀ ਟੀਮ ਚੁਣਦਿਆਂ ਉਸ ਨੂੰ ਪਿਸਟਲ ਦੀ ਬਜਾਏ ਰਾਈਫਲ ਈਵੈਂਟ ਲਈ ਚੁਣਿਆ। ਅਵਨੀਤ ਦੇ ਪਿਤਾ ਨੇ ਧੀ ਦੀ ਲਗਨ ਨੂੰ ਪਛਾਣ

⇒ ਬਾਕੀ ਸਫਾ 17 ਉਤੇ ਪੜ੍ਹੋ



■ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗਣਤੰਤਰ ਦਿਵਸ ਮੌਕੇ ਅਵਨੀਤ ਕੌਰ ਨੂੰ ਬਿਹਤਰੀਨ ਤੇ ਸਮਰਪਣ ਭਾਵਨਾ ਨਾਲ ਡਿਊਟੀ ਨਿਭਾਉਣ ਲਈ ਮੁੱਖ ਮੰਤਰੀ ਮੈਡਲ ਨਾਲ ਨਿਵਾਜਦੇ ਹੋਏ

# ‘ਪੰਜ-ਆਬ ਦੇ ਸ਼ਾਹ ਅਸਵਾਰ’ ਪੁਸਤਕ ਲਾਹੌਰ ’ਚ ਰਿਲੀਜ਼

## *ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਦੀ ਸਾਂਝੀ ਕਿਤਾਬ ਇੱਕੋ ਸਮੇਂ ਗੁਰਮੁਖੀ ਤੇ ਸ਼ਾਹਮੁਖੀ ਵਿੱਚ ਛਪੀ

**ਲਾਹੌਰ:** ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਪਦੇ ਕਾਲਮ ‘ਖਿਡਾਰੀ ਪੰਜ-ਆਬ ਦੇ’ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਸਬੰਧੀ ਪ੍ਰਕਾਸ਼ਿਤ ਹੋਏ ਖੇਡ ਲੇਖਕ ਨਵਦੀਪ ਸਿੰਘ ਗਿੱਲ ਦੇ ਲੇਖਾਂ ਦੀ ਪੁਸਤਕ ‘ਪੰਜ-ਆਬ ਦੇ ਸ਼ਾਹ ਅਸਵਾਰ’ ਪਾਕਿਸਤਾਨ ਹਾਕੀ ਦੇ ਦਿੱਗਜ਼ ਓਲੰਪੀਅਨਾਂ ਵੱਲੋਂ ਲਾਹੌਰ ਵਿਖੇ ਰਿਲੀਜ਼ ਕੀਤੀ ਗਈ। ਜ਼ਿਕਰਯੋਗ ਹੈ ਕਿ ਪੁਸਤਕ ਵਿੱਚ ਦਰਜ ਕੁਝ ਕੁ ਲੇਖਾਂ ਨੂੰ ਛੱਡ ਕੇ ਬਾਕੀ ਦੇ ਲੇਖ ‘ਪੰਜਾਬੀ ਪਰਵਾਜ਼’ ਵਿੱਚ ਸਤੰਬਰ 2023 ਤੋਂ ਲੜੀਵਾਰ ਛਾਪਣੇ ਸ਼ੁਰੂ ਕੀਤੇ ਸਨ।

ਯੂਨੀਵਰਸਿਟੀ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਯੂ.ਐਮ.ਟੀ.) ਲਾਹੌਰ ਵਿਖੇ ਹੋਏ ਇਸ ਸਮਾਰੋਹ ਦੌਰਾਨ ਪੁਸਤਕ ਉੱਪਰ ਭਰਵੀਂ ਚਰਚਾ ਹੋਈ। ਯੂ.ਐਮ.ਟੀ. ਦੇ ਡਾਇਰੈਕਟਰ ਤੇ ਸਾਬਕਾ ਹਾਕੀ ਖਿਡਾਰੀ ਆਬਿਦ ਸ਼ੇਰਵਾਨੀ ਦੇ ਸੱਦੇ ਉੱਪਰ ਹੋਏ ਇਸ ਸਮਾਰੋਹ ਦੌਰਾਨ ਪਾਕਿਸਤਾਨ ਦੇ ਹਾਕੀ ਓਲੰਪਿਕਸ ਗੋਲਡ ਮੈਡਲਿਸਟ ਤੌਕੀਰ ਦਾਰ; ਵਿਸ਼ਵ ਕੱਪ ਵਿਜੇਤਾ ਤੇ ਓਲੰਪਿਕਸ ਵਿੱਚ ਕਾਂਸੀ ਦਾ ਤਮਗ਼ਾ ਜੇਤੂ ਖਿਡਾਰੀ ਅਤੇ ਸਾਬਕਾ ਹਾਕੀ ਕੋਚ ਤਾਹਿਰ ਜਮਾਂ; ਓਲੰਪੀਅਨ ਰੇਹਾਨ ਬੱਟ, ਏਸ਼ੀਅਨ ਹਾਕੀ ਫੈਡਰੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਤੇ ਸਾਬਕਾ ਹਾਕੀ ਖਿਡਾਰੀ ਗੁਲਾਮ ਗੋਸ਼ ਅਤੇ ਸਾਬਕਾ ਕੌਮੀ ਅਥਲੈਟਿਕਸ ਕੋਚ ਤੇ ਮਹਾਨ ਅਥਲੀਟ ਅਬਦੁਲ ਖਾਲਿਕ ਦੇ ਬੇਟੇ ਮੁਹੰਮਦ ਇਜ਼ਾਜ ਨੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਦੀ ਇਸ ਸਾਂਝੀ ਕਿਤਾਬ ਦਾ ਸਵਾਗਤ ਕਰਦਿਆਂ ਇਸ ਨੂੰ ਵੱਡਾ ਉਪਰਾਲਾ ਦੱਸਿਆ।

ਕਿਤਾਬ ਰਿਲੀਜ਼ ਦੀ ਰਸਮ ਨਿਭਾਉਣ ਵਾਲਿਆਂ ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਸਾਬਕਾ ਆਈ.ਏ.ਐਸ. ਤੇ ਕੌਮਾਂਤਰੀ ਸਾਈਕਲਿਸਟ ਅੰਮ੍ਰਿਤ ਕੌਰ ਗਿੱਲ, ਸਾਬਕਾ ਆਈ.ਪੀ.ਐਸ. ਅਧਿਕਾਰੀ ਤੇ ਲੇਖਕ ਗੁਰਪ੍ਰੀਤ ਸਿੰਘ ਤੂਰ, ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਇੰਦਰਜੀਤ ਸਿੰਘ ਬੱਲ ਟੋਰਾਂਟੋ ਤੇ ਮਲਟੀ ਨੈਸ਼ਨਲ ਕੰਪਨੀ ਦੇ ਚੀਫ਼ ਇੰਜੀਨੀਅਰ ਗੁਰਭਜਨ ਸਿੰਘ ਗਿੱਲ ਵੀ ਸ਼ਾਮਲ ਸਨ।

ਓਲੰਪੀਅਨ ਹਾਕੀ ਖਿਡਾਰੀ ਤੌਕੀਰ ਦਾਰ ਨੇ ਕਿਹਾ ਕਿ ਖੇਡਾਂ ਦੋ ਦੇਸ਼ਾਂ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੀਆਂ ਹਨ। ਉਨ੍ਹਾਂ ਭਾਰਤੀ ਹਾਕੀ ਖਿਡਾਰੀਆਂ ਨਾਲ ਸਾਂਝਾਂ ਦੀ ਗੱਲ ਕਰਦਿਆਂ ਕਿਹਾ ਕਿ ਮਰਹੂਮ ਖਿਡਾਰੀ ਸੁਰਜੀਤ ਸਿੰਘ




ਰੰਧਾਵਾ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਸੁਰਜੀਤ ਸਿੰਘ ਵੱਲੋਂ ਰਖਵਾਏ ਦੋਸਤਾਨਾ ਮੈਚ ਨੂੰ ਖੇਡਣ ਲਈ 1984 ਵਿੱਚ ਉਨ੍ਹਾਂ ਭਾਰਤ ਆਉਣਾ ਸੀ, ਪਰ ਬਦਕਿਸਮਤੀ ਨਾਲ ਉਸ ਮੈਚ ਬਾਰੇ ਗੱਲਬਾਤ ਕਰਨ ਤੋਂ ਬਾਅਦ ਭਾਰਤ ਪੁੱਜਦਿਆਂ ਸੁਰਜੀਤ ਸਿੰਘ ਜਲੰਧਰ ਨੇੜੇ ਹਾਦਸੇ ਵਿੱਚ ਸਾਨੂੰ ਅਲਵਿਦਾ ਆਖ ਗਿਆ। ਪਾਕਿਸਤਾਨ ਦੇ ਖਿਡਾਰੀਆਂ ਨੇ ਸੁਰਜੀਤ ਦੇ ਜਾਣ ‘ਤੇ ਬੜਾ ਸੋਗ ਮਨਾਇਆ।

ਭਾਰਤੀ ਵਫ਼ਦ ਵਿੱਚ ਸ਼ਾਮਲ ਪੰਜਾਬੀ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲੀ ਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਨੂੰ ਇੱਕ ਮਾਲਾ ਵਿੱਚ ਪਰੋਂਦਿਆਂ ਕਿਤਾਬ ਲਿਖੀ ਗਈ ਹੈ। ਦੋਵੇਂ ਪੰਜਾਬਾਂ ਦੇ ਚੋਟੀ ਦੇ 15-15 ਖਿਡਾਰੀਆਂ ਨੂੰ ਸ਼ਾਮਲ ਕਰਦਿਆਂ ਰੇਖਾ ਚਿੱਤਰ ਲਿਖੇ ਗਏ ਹਨ। ਪੰਜਾਬੀ ਵਿੱਚ ਪਹਿਲੀ ਵਾਰ ਲਿਖੀ ਗਈ ਅਜਿਹੀ ਨਿਵੇਕਲੀ ਕਿਤਾਬ ਗੁਰਮੁਖੀ ਤੇ ਸ਼ਾਹਮੁਖੀ ਵਿੱਚ ਬਰਾਬਰ ਛਪੀ ਹੈ। ਗੁਰਮੁਖੀ ਦੀ ਕਿਤਾਬ ਨੂੰ ਲੋਕਗੀਤ ਪ੍ਰਕਾਸ਼ਨ (ਯੂਨੀ ਸਟਾਰ) ਮੋਹਾਲੀ ਨੇ ਛਾਪਿਆ ਹੈ, ਜਦੋਂ ਕਿ ਸ਼ਾਹਮੁਖੀ ਦੀ ਕਿਤਾਬ ਨੂੰ ਆਸਿਫ਼ ਰਜ਼ਾ ਵੱਲੋਂ ਲਾਹੌਰ ਦੀ ਸਾਂਝਾ ਵਿਰਸਾ ਸੰਸਥਾ ਨੇ ਛਾਪਿਆ ਹੈ। ਨਵਦੀਪ ਸਿੰਘ ਗਿੱਲ ਦੀ ਇਹ 14ਵੀਂ ਪੁਸਤਕ ਹੈ।

ਯੂ.ਐਮ.ਟੀ. ਦੇ ਡਾਇਰੈਕਟਰ ਤੇ ਸਾਬਕਾ ਹਾਕੀ ਖਿਡਾਰੀ ਆਬਿਦ ਸ਼ੇਰਵਾਨੀ ਨੇ ਕਿਹਾ ਕਿ ਦੋਵੇਂ ਪੰਜਾਬਾਂ ਦੇ ਖਿਡਾਰੀਆਂ ਦੀ ਇਹ ਪੁਸਤਕ ਗੁਰਮੁਖੀ ਦੇ ਨਾਲ ਸ਼ਾਹਮੁਖੀ ਵਿੱਚ ਛਪਣ ਨਾਲ ਪਾਕਿਸਤਾਨ ਵਿੱਚ ਵੀ ਖੇਡ ਪ੍ਰੇਮੀ ਇਸ ਨੂੰ ਚਾਵਾਂ ਨਾਲ ਪੜ੍ਹਨਗੇ। ਉਨ੍ਹਾਂ ਯੂ.ਐਮ.ਟੀ. ਵੱਲੋਂ ਖਿਡਾਰੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਤੇ ਵਜ਼ੀਫ਼ਿਆਂ ਦੀ ਗੱਲ ਦੱਸਦਿਆਂ ਕਿਹਾ ਕਿ ਵੱਡੇ ਖਿਡਾਰੀਆਂ ਦੀਆਂ ਜੀਵਨੀਆਂ ਪੜ੍ਹ ਕੇ ਨਵੀਂ ਪੀੜ੍ਹੀ ਬਹੁਤ ਉਤਸ਼ਾਹਤ ਹੋਵੇਗੀ।

ਲੇਖਕ ਨਵਦੀਪ ਸਿੰਘ ਗਿੱਲ ਨੇ ਕਿਤਾਬ ਬਾਰੇ ਗੱਲ ਕਰਦਿਆਂ ਕਿਹਾ ਕਿ ਲਹਿੰਦੇ ਪੰਜਾਬ ਦੇ ਖਿਡਾਰੀਆਂ ਵਿੱਚੋਂ ਹਾਕੀ ਖੇਡ ਦੇ ਚਾਰ ਖਿਡਾਰੀ- ਚੌਧਰੀ ਗੁਲਾਮ ਰਸੂਲ, ਅਖ਼ਤਰ ਰਸੂਲ, ਸਮੀਉੱਲਾ ਖਾਨ ਤੇ ਸ਼ਾਹਬਾਜ਼ ਸੀਨੀਅਰ; ਕ੍ਰਿਕਟ ਖੇਡ ਦੇ ਛੇ ਖਿਡਾਰੀ- ਫਜ਼ਲ ਮਹਿਮੂਦ, ਇੰਜ਼ਮਾਮ ਉੱਲ ਹੱਕ, ਵਸੀਮ ਅਕਰਮ, ਵੱਕਾਰ ਯੂਨਿਸ, ਸ਼ੋਏਬ ਅਖ਼ਤਰ ਤੇ ਬਾਬਰ ਆਜ਼ਮ; ਅਥਲੈਟਿਕਸ ਦੇ ਤਿੰਨ ਅਥਲੀਟ ਅਬਦੁਲ ਖਾਲਿਕ, ਗੁਲਾਮ ਰਜ਼ੀਕ ਤੇ ਅਰਸ਼ਦ ਨਦੀਮ, ਇੱਕ ਪਹਿਲਵਾਨ ਗਾਮਾ ਅਤੇ ਮਹਿਲਾ ਟੈਨਿਸ ਖਿਡਾਰਨ ਉਸ਼ਨਾ ਸੁਹੇਲ ਸ਼ਾਮਲ ਕੀਤੇ ਗਏ ਹਨ। ਚੜ੍ਹਦੇ ਪੰਜਾਬ ਦੇ ਖਿਡਾਰੀਆਂ ਵਿੱਚੋਂ ਹਾਕੀ ਦੇ ਪੰਜ ਖਿਡਾਰੀ- ਬਲਬੀਰ ਸਿੰਘ ਸੀਨੀਅਰ, ਪ੍ਰਿਥੀਪਾਲ ਸਿੰਘ, ਅਜੀਤ ਪਾਲ ਸਿੰਘ, ਰੂਪਾ ਸੈਣੀ ਤੇ ਹਰਮਨਪ੍ਰੀਤ ਸਿੰਘ, ਚਾਰ ਅਥਲੀਟ ਮਿਲਖਾ ਸਿੰਘ, ਗੁਰਬਚਨ ਸਿੰਘ ਰੰਧਾਵਾ, ਮਹਿੰਦਰ ਸਿੰਘ ਗਿੱਲ ਤੇ ਮਨਜੀਤ ਕੌਰ, ਦੋ ਪਹਿਲਵਾਨ ਦਾਰਾ ਸਿੰਘ ਤੇ ਕਰਤਾਰ ਸਿੰਘ, ਦੋ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਤੇ ਅਵਨੀਤ ਕੌਰ ਸਿੱਧੂ, ਇੱਕ ਫੁਟਬਾਲਰ ਜਰਨੈਲ ਸਿੰਘ ਤੇ ਇੱਕ ਕ੍ਰਿਕਟਰ ਯੁਵਰਾਜ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਸਾਬਕਾ ਆਈ.ਪੀ.ਐਸ. ਅਧਿਕਾਰੀ ਤੇ ਲੇਖਕ ਗੁਰਪ੍ਰੀਤ ਸਿੰਘ ਤੂਰ ਨੇ ਸਵਾਗਤੀ ਸ਼ਬਦ ਬੋਲਦਿਆਂ ਭਾਰਤ ਤੋਂ ਆਏ ਵਫ਼ਦ ਦੇ ਮੈਂਬਰਾਂ ਦੀ ਜਾਣ-ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਭਾਰਤ-ਪਾਕਿਸਤਾਨ ਦੇ ਜ਼ਿਕਰ ਤੋਂ ਬਿਨਾ ਵਿਸ਼ਵ ਹਾਕੀ ਦਾ ਇਤਿਹਾਸ ਅਧੂਰਾ ਹੈ। ਇਸ ਮੌਕੇ ਪੰਜਾਬ ਖੇਤੀ ਯੂਨੀਵਰਸਿਟੀ ਦੀ ਐਸੋਸੀਏਟ ਡਾਇਰੈਕਟਰ ਡਾ. ਰੁਪਿੰਦਰ ਕੌਰ ਤੂਰ ਤੇ ਬੀਬੀ ਜਸਵਿੰਦਰ ਕੌਰ ਗਿੱਲ ਵੀ ਹਾਜ਼ਰ ਸਨ।

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008




*ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ ‘ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਟਾਪੂਆਂ ਦਾ ਸਮੂਹ ‘ਕਿਊਬਾ’ ਦੇਸ਼, ਪੰਜਾਬ ਨਾਲ ਜੁੜੇ ਇੱਕ ਉੱਘੇ ਰਾਜਨੇਤਾ ਨੂੰ ਆਪਣਾ ‘ਅੰਨਦਾਤਾ’ ਅਤੇ ‘ਸੰਕਟ ਮੋਚਕ’ ਮੰਨਦਾ ਹੈ, 1992 ਵਿੱਚ ਗੰਭੀਰ ਆਰਥਕ ਸੰਕਮ ਸਮੇਂ ਪੰਜਾਬ ਦੇ ਸਮੂਹ ਕਿਸਾਨਾਂ ਅਤੇ ਆਮ ਲੋਕਾਂ ਨੇ ਕਿਊਬਾ ਦੀ ਵਿਸ਼ੇਸ਼ ਮਦਦ ਹਿਤ ਦਸ ਹਜ਼ਾਰ ਟਨ ਕਣਕ ਅਤੇ ਦਸ ਹਜ਼ਾਰ ਟਨ ਚੌਲ਼ ਭੇਜੇ ਗਏ ਸਨ। ਕਿਊਬਾ, ਭਾਰਤ ਪ੍ਰਤੀ ਵੀ ਅਜਿਹੀ ਸੋਚ ਤੇ ਦ੍ਰਿਸ਼ਟੀਕੋਣ ਰੱਖਦਾ ਹੈ, ਕਿਉਂਕਿ ਕਿਊਬਾ ਨੂੰ ਇੱਕ ਸੁਤੰਤਰ ਮੁਲਕ ਵਜੋਂ ਮਾਨਤਾ ਪ੍ਰਦਾਨ ਕਰਨ ਵਾਲੇ ਦੇਸ਼ਾਂ ਵਿੱਚ ਭਾਰਤ ਵੀ ਪ੍ਰਮੁੱਖ ਤੌਰ ’ਤੇ ਸ਼ਾਮਿਲ ਸੀ।*

# ਪੰਜਾਬੀਆਂ ਦਾ ਤਹਿ ਦਿਲੋਂ ਅਹਿਸਾਨਮੰਦ ਹੈ ਕਿਊਬਾ

ਭਾਰਤ ਨੇ, ਖ਼ਾਸ ਕਰ ਪੰਜਾਬ ਨਾਲ ਜੁੜੇ ਰਾਜਨੇਤਾਵਾਂ ਨੇ ਤਾਂ ਸੰਸਾਰ ਦੇ ਸਮੂਹ ਦੇਸ਼ਾਂ ਨਾਲ ਸੁਖਾਵੇਂ ਸਬੰਧ ਬਣਾਉਣ ਦੀਆਂ ਸਦਾ ਹੀ ਕੋਸ਼ਿਸ਼ਾਂ ਕੀਤੀਆਂ ਹਨ। ਭਾਰਤ ਨੇ ਖ਼ੁਦ ਇੱਕ ਗੁਜ਼ਾਰੇਯੋਗ ਅਰਥ ਵਿਵਸਥਾ ਵਾਲਾ ਮੁਲਕ ਹੁੰਦਿਆਂ ਵੀ ਸਮਰੱਥਾ ਅਨੁਸਾਰ ਸੰਸਾਰ ਦੇ ਲੋੜਵੰਦ ਮੁਲਕਾਂ ਦੀ ਮਦਦ ਕਰਨ ਅਤੇ ਮਨੁੱਖਤਾ ਦੀ ਹਰ ਹਾਲ ਵਿੱਚ ਰਾਖੀ ਕਰਨ ਤੋਂ ਵੀ ਕਦੇ ਹੱਥ ਪਿੱਛੇ ਨਹੀਂ ਖਿੱਚਿਆ ਹੈ। ਵੱਖ-ਵੱਖ ਸੰਕਟਾਂ ’ਚ ਘਿਰੇ ਜਿਨ੍ਹਾਂ ਮੁਲਕਾਂ ਦੀ ਭਾਰਤ ਨੇ ਮਦਦ ਕੀਤੀ ਹੈ, ਉਨ੍ਹਾਂ ਵਿੱਚੋਂ ਇੱਕ ਦੇਸ਼ ਅਜਿਹਾ ਹੈ, ਜੋ ਭਾਰਤ ਨੂੰ ਤੇ ਖ਼ਾਸ ਕਰ ਪੰਜਾਬ ਨਾਲ ਜੁੜੇ ਇੱਕ ਉੱਘੇ ਰਾਜਨੇਤਾ ਨੂੰ ਆਪਣਾ ‘ਅੰਨਦਾਤਾ’ ਅਤੇ ‘ਸੰਕਟ ਮੋਚਕ’ ਮੰਨਦਾ ਹੈ। ਭਾਰਤ ਪ੍ਰਤੀ ਅਜਿਹੀ ਸੋਚ ਅਤੇ ਦ੍ਰਿਸ਼ਟੀਕੋਣ ਰੱਖਣ ਵਾਲੇ ਅਜਿਹੇ ਹੀ ਇੱਕ ਦੇਸ਼ ਦਾ ਨਾਂ ਹੈ- ‘ਕਿਊਬਾ।’

ਕਿਊਬਾ ਇੱਕ ਅਜਿਹਾ ਮੁਲਕ ਹੈ, ਜੋ 4195 ਦੇ ਕਰੀਬ ਟਾਪੂਆਂ ਦਾ ਇੱਕ ਵੱਡਾ ਸਮੂਹ ਹੈ। ਇਸ ਮੁਲਕ ਦੀ ਸਥਾਪਨਾ ਦਾ ਇਤਿਹਾਸ ਲਗਪਗ ਛੇ ਹਜ਼ਾਰ ਸਾਲ ਪੁਰਾਣਾ ਹੈ ਤੇ 27 ਅਕਤੂਬਰ 1492 ਨੂੰ ਇੱਥੇ ਅਮਰੀਕਾ ਦੀ ਖੋਜ ਕਰਨ ਵਾਲਾ ਕੋਲੰਬਸ ਵੀ ਆਇਆ ਸੀ। ਇਸ ਮੁਲਕ ਦਾ ਕੁੱਲ ਰਕਬਾ 110,860 ਵਰਗ ਕਿਲੋਮੀਟਰ ਹੈ ਤੇ ਸਾਲ 2023 ਦੇ ਅੰਕੜਿਆਂ ਅਨੁਸਾਰ ਇੱਥੋਂ ਦੀ ਆਬਾਦੀ 10 ਮਿਲੀਅਨ ਭਾਵ ਇੱਕ ਕਰੋੜ ਦੇ ਕਰੀਬ ਹੈ। ਇੱਥੋਂ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 22,237 ਅਮਰੀਕੀ ਡਾਲਰ ਹੈ। ਇਹ ਦੇਸ਼ ਮੈਕਸੀਕੋ ਦੇ ਪੂਰਬ, ਫ਼ਲੋਰੀਡਾ ਅਤੇ ਬਾਹਾਮਾਸ ਦੇ ਦੱਖਣ, ਹੈਤੀ ਦੇ ਪੱਛਮ ਅਤੇ ਜਮਾਇਕਾ ਦੇ ਉੱਤਰ ਵਿੱਚ ਸਥਿਤ ਹੈ। ਇਸਦੀ ਰਾਜਧਾਨੀ ਅਤੇ ਇਸਦੇ ਸਭ ਤੋਂ ਵੱਡੇ ਸ਼ਹਿਰ ਦਾ ਨਾਂ ਹਵਾਨਾ ਹੈ। ਇਹ ਹੈਤੀ ਅਤੇ ਡੋਮੀਨੀਕਨ ਸਾਮਰਾਜ ਤੋਂ ਬਾਅਦ ਕੈਰੇਬੀਅਨ ਸਾਗਰ ਵਿੱਚ ਸਥਿਤ ਤੀਜਾ ਸਭ ਤੋਂ ਵੱਡਾ ਮੁਲਕ ਹੈ। ਇਹ ਦੇਸ਼ ਸੰਸਾਰ ਵਿੱਚ ਇੱਕ ਕਮਿਊਨਿਸਟ ਮੁਲਕ ਵਜੋਂ ਜਾਣਿਆ ਜਾਂਦਾ ਹੈ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ, ਕਿਊਬਾ ਦੇ ਭਾਰਤ ਨਾਲ ਸਬੰਧ ਬਹੁਤ ਹੀ ਸੁਖਾਵੇਂ ਹਨ। ਇਸਦਾ ਕਾਰਨ ਇਹ ਹੈ ਕਿ ਕਿਊਬਾ ਵਿਖੇ ਆਈ ਕ੍ਰਾਂਤੀ ਤੋਂ ਬਾਅਦ ਸੰਨ 1959 ਵਿੱਚ ਕਿਊਬਾ ਨੂੰ ਇੱਕ ਸੁਤੰਤਰ ਮੁਲਕ ਵਜੋਂ ਮਾਨਤਾ ਪ੍ਰਦਾਨ ਕਰਨ ਵਾਲੇ ਦੇਸ਼ਾਂ ਵਿੱਚ ਭਾਰਤ ਵੀ ਪ੍ਰਮੁੱਖ ਤੌਰ ’ਤੇ ਸ਼ਾਮਿਲ ਸੀ। ਦਰਅਸਲ ਕ੍ਰਾਂਤੀ ਤੋਂ ਬਾਅਦ ਕਿਊਬਾ ਦੇ ਪ੍ਰਮੁੱਖ ਨੇਤਾ ਫੀਦਲ ਕਾਸਤਰੋ ਨੇ ਭਾਰਤ ਨਾਲ ਕਿਊਬਾ ਦੇ ਸਬੰਧਾਂ ਨੂੰ ਇੱਕ ਨਵਾਂ ਰੂਪ ਅਤੇ ਆਕਾਰ ਦੇਣ ਦੇ ਮਕਸਦ ਨਾਲ ਆਪਣੇ ਮੁੱਖ ਪ੍ਰਤੀਨਿਧੀ ਵਜੋਂ ਅਰਨੈਸਟ ਚੀ ਗੁਵੇਰਾ ਨੂੰ ਦੋ ਹਫ਼ਤਿਆਂ ਲਈ ਭਾਰਤ ਦੇ ਦੌਰੇ ’ਤੇ ਭੇਜਿਆ ਸੀ ਤੇ ਪਹਿਲੀ ਜੁਲਾਈ 1959 ਨੂੰ ਚੀ ਗੁਵੇਰਾ ਨੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਮੁਲਕਾਤ ਕੀਤੀ ਸੀ। ਪੰਡਿਤ ਨਹਿਰੂ ਨੇ ਉਨ੍ਹਾਂ ਨੂੰ ਹਾਥੀ ਦੰਦ ਦੀ ਬਣੀ ਹੋਈ ਇੱਕ ਖ਼ੂਬਸੂਰਤ ‘ਖੁਖਰੀ’ ਤੋਹਫ਼ੇ ਵਜੋਂ ਪ੍ਰਦਾਨ ਕੀਤੀ ਸੀ, ਜੋ ਕਿ ਕਿਊਬਾ ਦੀ ਰਾਜਧਾਨੀ ਹਵਾਨਾ ਵਿਖੇ ਸੰਭਾਲੀ ਹੋਈ ਹੈ। ਚੀ ਗੁਵੇਰਾ ਨੇ ਭਾਰਤ ਦੇ ਉਸ ਵੇਲੇ ਦੇ ਰੱਖਿਆ ਮੰਤਰੀ ਸ੍ਰੀ ਵੀ.ਕੇ. ਕ੍ਰਿਸ਼ਨਾ ਮੈਨਨ ਨਾਲ ਵੀ ਮੁਲਾਕਾਤ ਕੀਤੀ ਸੀ ਅਤੇ ਮਹਾਤਮਾ ਗਾਂਧੀ ਦੇ ‘ਅਹਿੰਸਾ’ ਦੇ ਸਿਧਾਂਤ ਦੀ ਪ੍ਰਸ਼ੰਸਾ ਵੀ ਕੀਤੀ ਸੀ। ਇੱਥੇ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹੈ ਕਿ ਜਿੱਥੇ ਕਿਊਬਾ ਦੇ ਕੌਮੀ ਨੇਤਾ ਫ਼ੀਦਲ ਕਾਸਤਰੋ ਖ਼ੁਦ ਸੰਨ 1973 ਅਤੇ 1983 ਵਿੱਚ ਭਾਰਤ ਦੇ ਦੌਰੇ ’ਤੇ ਆਏ ਸਨ, ਉਥੇ ਹੀ ਭਾਰਤ ਦੇ ਦੋ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਸੰਨ 1985 ਵਿੱਚ ਅਤੇ ਮਰਹੂਮ ਸ. ਮਨਮੋਹਨ ਸਿੰਘ ਸੰਨ 2006 ਵਿੱਚ ਕਿਊਬਾ ਦੇ ਦੌਰੇ ’ਤੇ ਗਏ ਸਨ। ਭਾਰਤ ਨੇ ਹੁਣ ਤੱਕ ਕਿਊਬਾ ਨਾਲ ਵਪਾਰਕ ਸਬੰਧ ਮਜਬੂਤ ਕਰਨ ਦੇ ਨਾਲ-ਨਾਲ ਬਹੁਤ ਸਾਰੀ ਮਦਦ ਵੀ ਪ੍ਰਦਾਨ ਕੀਤੀ ਹੈ, ਜਿਸ ਵਿੱਚ ਉਥੇ ਆਏ ਭੂਚਾਲ ਉਪਰੰਤ 2 ਮਿਲੀਅਨ ਡਾਲਰ ਦਿੱਤੇ ਗਏ ਸਨ ਤੇ ਹਾਕੀ ਦੇ ਐਸਟ੍ਰੋ-ਟਰਫ਼ ਮੈਦਾਨ ਤਿਆਰ ਕਰਨ ਲਈ ਇੱਕ ਮਿਲੀਅਨ ਡਾਲਰ ਦੀ ਮਦਦ ਦਿੱਤੀ ਗਈ ਸੀ। ਬੜਾ ਹੀ ਦਿਲਚਸਪ ਤੱਥ ਹੈ ਕਿ ਕਿਊਬਾ ਦੇ ਸਕੂਲਾਂ ਦੇ ਪਾਠਕ੍ਰਮ ਵਿੱਚ ‘ਯੋਗਾ’ ਵੀ ਸ਼ਾਮਿਲ ਹੈ ਤੇ ਉਸ ਮੁਲਕ ਵਿੱਚ ਭਾਰਤ ਦੇ ਮਹਾਨ ਕਵੀ ਰਬਿੰਦਰਨਾਥ ਟੈਗੋਰ ਦਾ ਜਨਮ ਦਿਨ ਹਰ ਸਾਲ ਮਨਾਇਆ ਜਾਂਦਾ ਹੈ।



■ ਯਾਦਾਂ: ਕਮਿਊਨਿਸਟ ਆਗੂ ਸਵਰਗੀ ਹਰਕਿਸ਼ਨ ਸਿੰਘ ਸੁਰਜੀਤ ਅਤੇ ਕਿਊਬਾ ਦੇ ਪ੍ਰਮੁੱਖ ਨੇਤਾ ਫੀਦਲ ਕਾਸਤਰੋ ਅਤੇ (ਸੱਜੇ ਤਸਵੀਰ ਵਿੱਚ) ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਪਹਿਲੀ ਜੁਲਾਈ 1959 ਨੂੰ ਆਪਣੇ ਟੀਨ ਮੂਰਤੀ ਰਿਹਾਇਸ਼ੀ ਦਫ਼ਤਰ ਵਿੱਚ ਚੀ ਗਵੇਰਾ ਦਾ ਸਵਾਗਤ ਕਰਦੇ ਹੋਏ

ਕਿਊਬਾ ਆਪਣੇ ਆਪ ਨੂੰ ਪੰਜਾਬੀਆਂ ਦਾ ਅਹਿਸਾਨਮੰਦ ਮੰਨਦਾ ਹੈ। ਭਾਰਤੀ ਰਾਜਨੀਤੀ ਵਿੱਚ ‘ਕਿੰਗ ਮੇਕਰ’ ਮੰਨੇ ਜਾਂਦੇ ਅਤੇ ਪੰਜਾਬ ਦੀ ਧਰਤੀ ਤੋਂ ਕੌਮੀ ਸਿਆਸਤ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਨਾਮਵਰ ਕਮਿਊਨਿਸਟ ਰਾਜਨੇਤਾ ਸ. ਹਰਕਿਸ਼ਨ ਸਿੰਘ ਸੁਰਜੀਤ ਨੇ ਵਿਸ਼ੇਸ਼ ਯਤਨ ਕਰਕੇ ਸੰਨ 1992 ’ਚ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਕਿਊਬਾ ਦੀ ਵਿਸ਼ੇਸ਼ ਮਦਦ ਹਿਤ ਭਾਰਤ ਨੇ ਦਸ ਹਜ਼ਾਰ ਟਨ ਕਣਕ ਅਤੇ ਦਸ ਹਜ਼ਾਰ ਟਨ ਚੌਲ਼ ਭੇਜੇ ਸਨ, ਜਿਸ ਨਾਲ ਕਿਊਬਾ ਦੇ ਹਰੇਕ ਨਾਗਰਿਕ ਨੂੰ ਰੋਟੀ ਨਸੀਬ ਹੋਈ ਸੀ। ਭਾਰਤ ਵੱਲੋਂ ਭੇਜੀ ਗਈ ਇਸ ਮਦਦ ਲਈ ਤੇ ਪੰਜਾਬੀ ਰਾਜਨੇਤਾ ਸ. ਹਰਕਿਸ਼ਨ ਸਿੰਘ ਸੁਰਜੀਤ ਦੇ ਵਿਸ਼ੇਸ਼ ਉੱਦਮਾਂ ਲਈ ਕਿਊਬਾ ਦੇ ਮੁੱਖ ਰਾਜਨੇਤਾ ਆਪਣੇ ਆਪ ਨੂੰ ਇਨ੍ਹਾਂ ਦਾ ਰਿਣੀ ਮੰਨਦੇ ਸਨ।

ਸ. ਹਰਕਿਸ਼ਨ ਸਿੰਘ ਸੁਰਜੀਤ ਦੇ ਬੇਟੇ ਗੁਰਚੇਤਨ ਸਿੰਘ ਨੇ ਕਿਹਾ ਸੀ, “ਮੇਰੇ ਪਿਤਾ ਨੇ ਪੰਜਾਬ ਦੇ ਸਮੂਹ ਕਿਸਾਨਾਂ ਨੂੰ ਕਣਕ ਅਤੇ ਹੋਰ ਲੋੜੀਂਦੀਆਂ ਵਸਤਾਂ ਦਾਨ ਵਜੋਂ ਦੇਣ ਦੀ ਅਪੀਲ ਕੀਤੀ ਸੀ। ਉਹ ਕਣਕ ਅਤੇ ਹੋਰ ਵਸਤਾਂ ਨਾਲ ਭਰਿਆ ਇੱਕ ਸਮੁੰਦਰੀ ਜਹਾਜ਼ ਮਦਦ ਵਜੋਂ ਕਿਊਬਾ ਭੇਜਣਾ ਚਾਹੁੰਦੇ ਸਨ। ਸਿੱਟੇ ਵਜੋਂ ਉਹ ਦਸ ਹਜ਼ਾਰ ਟਨ ਕਣਕ ਅਤੇ ਹੋਰ ਕਈ ਪ੍ਰਕਾਰ ਦੀਆਂ ਘਰੇਲੂ ਵਰਤੋਂ ਦੀਆਂ ਵਸਤਾਂ, ਜਿਨ੍ਹਾਂ ਦੀ ਉਸ ਵੇਲੇ ਦੇ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਰੁਪਏ ਬਣਦੀ ਸੀ, ਕਿਊਬਾ ਵਿਖੇ ਭੇਜਣ ਵਿੱਚ ਸਫ਼ਲ ਰਹੇ ਸਨ।” ਗੁਰਚੇਤਨ ਦਾ ਇਹ ਵੀ ਕਹਿਣਾ ਸੀ ਕਿ “ਫ਼ੀਦਲ ਕਾਸਤਰੋ ਮੇਰੇ ਪਿਤਾ ਨੂੰ ਆਪਣਾ ਵੱਡਾ ਭਰਾ ਮੰਨਦਾ ਸੀ ਤੇ ਮੇਰੇ ਪਿਤਾ ਵੀ ਕਿਊਬਾ ਨੂੰ ਆਪਣਾ ਦੂਜਾ ਘਰ ਹੀ ਮੰਨਦੇ ਸਨ।”

ਸੋ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਕਿਊਬਾ ਨੂੰ ਦਰਪੇਸ਼ ਸੰਕਟ ਸਮੇਂ ਪੰਜਾਬੀ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਦੀ ਅਪੀਲ ’ਤੇ ਪੰਜਾਬ ਦੇ ਸਮੂਹ ਕਿਸਾਨਾਂ ਅਤੇ ਆਮ ਲੋਕਾਂ ਨੇ ਕਿਊਬਾ ਦੇ ਨਾਗਰਿਕਾਂ ਦੀ ਭਰਪੂਰ ਮਦਦ ਕੀਤੀ ਸੀ ਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਸੀ। ਕਿਊਬਾ ਵਿੱਚ ਅੱਜ ਵੀ ਉਸ ਸੰਕਟ ਦੀ ਘੜੀ ਨੂੰ ‘ਸਪੈਸ਼ਲ ਪੀਰੀਅਡ’ ਆਖ਼ ਕੇ ਯਾਦ ਕੀਤਾ ਜਾਂਦਾ ਹੈ।

ਪੰਜਾਬੀਆਂ ਨੇ ਮੋਟੇ ਤੌਰ ’ਤੇ ਵੀਹਵੀਂ ਸਦੀ ਵਿੱਚ ਕਿਊਬਾ ਵਿਖੇ ਜਾਣਾ ਸ਼ੁਰੂ ਕੀਤਾ ਸੀ, ਪਰ ਉਥੇ ਜਾ ਕੇ ਉਨ੍ਹਾਂ ਨੂੰ ਉਥੋਂ ਦੀ ਭਾਰੀ ਗਰਮੀ ਅਤੇ ਬੁਖ਼ਾਰ ਦੇ ਰੋਗ ਨੇ ਬਹੁਤ ਪ੍ਰੇਸ਼ਾਨ ਕੀਤਾ ਸੀ। ਉਕਤ ਦੋਵਾਂ ਸਮੱਸਿਆਵਾਂ ਕਰਕੇ ਜ਼ਿਆਦਾਤਰ ਪੰਜਾਬੀ ਇੱਥੇ ਲੰਮੇ ਸਮੇਂ ਤੱਕ ਨਹੀਂ ਟਿਕੇ ਤੇ ਮੌਕਾ ਮਿਲਣ ’ਤੇ ਹੋਰ ਮੁਲਕਾਂ ਨੂੰ ਹੋ ਤੁਰੇ ਸਨ। ਜਿਹੜੇ ਪੰਜਾਬੀ ਕਿਊਬਾ ਛੱਡ ਕੇ ਦੂਜੇ ਮੁਲਕਾਂ ਨੂੰ ਨਹੀਂ ਗਏ ਸਨ, ਉਹ ਇੱਥੇ ਹੀ ਟਿਕ ਗਏ ਸਨ ਤੇ ਇੱਥੋਂ ਦੇ ਲੋਕਾਂ ਦੇ ਵਿੱਚ ਹੀ ਘੁਲ-ਮਿਲ ਕੇ ਇੱਥੋਂ ਦਾ ਹੀ ਹਿੱਸਾ ਬਣ ਗਏ ਸਨ। ਇੱਥੋਂ ਤੱਕ ਕਿ ਉਥੇ ਦੀਆਂ ਲੜਕੀਆਂ ਨਾਲ ਵਿਆਹ ਕਰਵਾ ਕੇ ਪੱਕੇ ਤੌਰ ’ਤੇ ਉਥੇ ਹੀ ਵੱਸ ਜਾਣ ਵਾਲੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਵਿੱਚੋਂ ਕੈਸਟੀਲੋ ਸਿੰਘ ਨਾਂ ਦਾ ਨੌਜਵਾਨ ਉਥੇ ਟੀ.ਵੀ. ’ਤੇ ਅਨਾਊਂਸਰ ਵੀ ਬਣਿਆ ਸੀ ਤੇ ਉਥੇ ਵੱਸਦੇ ਜਗਤਾਰ ਸਿੰਘ ਨਾਂ ਦੇ ਪੰਜਾਬੀ ਸ਼ਖ਼ਸ ਨੇ ਭਾਰਤੀ ਦੂਤਘਰ ਨਾਲ ਸੰਪਰਕ ਕਰਕੇ ਪੰਜਾਬ ਵਿਚਲੀਆਂ ਆਪਣੀਆਂ ਜ਼ਮੀਨਾਂ ’ਤੇ ਕਾਬਜ਼ ਲੋਕਾਂ ਤੋਂ ਆਪਣੀਆਂ ਜ਼ਮੀਨਾਂ ਛੁਡਵਾਉਣ ਦੀ ਬੇਨਤੀ ਕੀਤੀ ਸੀ। ਇੱਕ ਹੋਰ ਜਾਣਕਾਰੀ ਅਨੁਸਾਰ ਸ. ਅਮਰ ਸਿੰਘ ਨਾਂ ਦਾ ਇੱਕ ਪੰਜਾਬੀ ਸੰਨ 1917 ਵਿੱਚ ਕਿਊਬਾ ਵਿਖੇ ਆਇਆ ਸੀ ਤੇ ਇੱਥੋਂ ਦੀ ਇੱਕ ਖੰਡ ਮਿਲ ਵਿੱਚ ਨੌਕਰੀ ਕਰਨ ਲੱਗ ਪਿਆ ਸੀ। ਬਾਅਦ ਵਿੱਚ ਉਸਨੇ ਇੱਥੋਂ ਦੀ ਵਸਨੀਕ ਫ਼ੈਲਿਪ ਐਸਟੀਰੀਆ ਲਬਨੇਜ਼ ਨਾਂ ਦੀ ਮੁਟਿਆਰ ਨਾਲ ਸ਼ਾਦੀ ਕਰਵਾ ਲਈ ਸੀ। ਸੰਨ 1924 ਵਿੱਚ ਕਿਊਬਾ ਵਿਖੇ ਆ ਕੇ ਵੱਸਣ ਵਾਲੇ ਸ. ਊਧਮ ਸਿੰਘ ਨਾਂ ਦੇ ਪੰਜਾਬੀ ਨਾਗਰਿਕ ਨੇ ਆਪਣੇ ਭਤੀਜੇ ਅਜੀਤ ਸਿੰਘ ਨੂੰ ਪੰਜਾਬ ਦੇ ਪਿੰਡ ਮਾਹਿਲਪੁਰ ਤੋਂ ਸੰਨ 1955 ਵਿੱਚ ਇੱਥੇ ਲਿਆ ਕੇ ਕਾਰੋਬਾਰ ਵਿੱਚ ਸਥਾਪਿਤ ਕਰ ਦਿੱਤਾ ਸੀ। ਅਜੀਤ ਸਿੰਘ ਨੇ ਸੰਨ 1953 ਵਿੱਚ ਡੀ.ਏ.ਵੀ. ਕਾਲਜ ਜਲੰਧਰ ਤੋਂ ਬੀ.ਐਸਸੀ. ਦੀ ਡਿਗਰੀ ਹਾਸਿਲ ਕੀਤੀ ਸੀ। ਸ. ਊਧਮ ਸਿੰਘ ਖ਼ੁਦ ਵੀ 30-35 ਪੰਜਾਬੀ ਨੌਜਵਾਨਾਂ ਨਾਲ ਇੱਥੇ ਪੁੱਜਾ ਸੀ ਤੇ ਉਸਨੇ ਇੱਥੇ ਆ ਕੇ ਗੰਨੇ ਦੇ ਖੇਤਾਂ ਵਿੱਚ ਕਰੜੀ ਮਿਹਨਤ ਨਾਲ ਕੰਮ ਕੀਤਾ ਸੀ। ਬਾਅਦ ਵਿੱਚ ਉਸਨੇ ਹਵਾਨਾ ਦੀਆਂ ਗਲੀਆਂ ਵਿੱਚ ਫੇਰੀ ਲਗਾ ਕੇ ਕੱਪੜਾ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਊਧਮ ਸਿੰਘ ਨੇ ਨਾ ਤਾਂ ਵਿਆਹ ਹੀ ਕਰਵਾਇਆ ਤੇ ਨਾ ਹੀ ਕਦੇ ਉਹ ਵਾਪਸ ਪੰਜਾਬ ਪਰਤਿਆ ਸੀ। ਅਜੀਤ ਸਿੰਘ ਨੇ 32 ਵਰ੍ਹਿਆਂ ਦੀ ਉਮਰ ਵਿੱਚ ਕਿਊਬਾ ਦੀ ਇੱਕ ਲੜਕੀ ਨਾਲ ਸ਼ਾਦੀ ਕਰਵਾ ਲਈ ਸੀ, ਪਰ ਉਸਨੂੰ ਇੱਥੇ ਕਾਫੀ ਸੰਘਰਸ਼ ਭਰਿਆ ਜੀਵਨ ਬਤੀਤ ਕਰਨਾ ਪਿਆ ਸੀ। ਸਾਲ 2014 ਵਿੱਚ ਜੂਲੀਅਨ ਕਿਊਬਾ ਨਾਂ ਦੀ ਇੱਕ ਮਹਿਲਾ ਪੱਤਰਕਾਰ ਪੰਜਾਬ ਦੇ ਦੌਰੇ ’ਤੇ ਆਈ ਸੀ। ਉਹ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਅੰਮ੍ਰਿਤਸਰ ਦੇ ਹੋਰ ਸਿੱਖ ਤੇ ਹਿੰਦੂ ਤੀਰਥ ਅਸਥਾਨਾਂ ਦੇ ਦਰਸ਼ਨ ਕਰਕੇ ਅਤੇ ਉੱਥੋਂ ਦੇ ਪੂਜਾ-ਪਾਠ ਦੇ ਤਰੀਕਿਆਂ ਤੇ ਲੰਗਰ ਪ੍ਰਥਾ ਨੂੰ ਵੇਖ਼ ਕੇ ਬੇਹੱਦ ਪ੍ਰਭਾਵਿਤ ਹੋਈ ਸੀ।

# ਪੰਜਾਬੀਆਂ ਦੇ ਡੀ.ਐਨ.ਏ. ਵਿੱਚ ਮਿਲਾਵਟਾਂ ਦਾ ਰੁਝਾਨ ਜ਼ੋਰਾਂ ’ਤੇ

‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਅਖਾਣ ਮੁਤਾਬਿਕ ਆਏ ਦਿਨ ਪੰਜਾਬੀਆਂ ਨੂੰ ਜਿੱਥੇ ਹੋਰ ਸੰਕਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਹੁਣ ਪੰਜਾਬੀ ਕੁੱਖਾਂ ਤੇ ਪੰਜਾਬੀ ਡੀ.ਐਨ.ਏ. ਵੀ ਦਾਅ ਉਤੇ ਲੱਗ ਗਏ ਹਨ।

ਇੱਕ ਰਿਪੋਰਟ ਮੁਤਾਬਕ ਪੰਜਾਬ ਵਿੱਚ 30 ਤੋਂ 50 ਸਾਲ ਦੀ ਉਮਰ ਦੇ ਛੜਿਆਂ ਦੀ ਗਿਣਤੀ ਢਾਈ ਤੋਂ ਤਿੰਨ ਲੱਖ ਦਰਮਿਆਨ ਹੋਣ ਦਾ ਅੰਦਾਜ਼ਾ ਹੈ, ਜਿਨ੍ਹਾਂ ਦੇ ਅਜੇ ਤੱਕ ਵਿਆਹ ਨਹੀਂ ਹੋ ਰਹੇ। ਭਰੂਣ ਹੱਤਿਆ (ਕੁੱਖਾਂ ਵਿੱਚ ਜੰਮਦੀਆਂ ਧੀਆਂ ਮਾਰਨੀਆਂ), ਛੋਟੀ ਕਿਸਾਨੀ, ਘੱਟ ਜ਼ਮੀਨ ਦੀ ਮਲਕੀਅਤ, ਘਟਦੀ ਆਰਥਿਕਤਾ, ਨਸ਼ੇਬਾਜ਼ੀ, ਕੁਝ ਦੇ ਚਿਹਰੇ ਸੁੰਦਰ ਨਾ ਹੋਣੇ, ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦਾ ਘੱਟ ਅਨੁਪਾਤ ਆਦਿ ਕਾਰਨਾਂ ਕਰਕੇ ਪੰਜਾਬੀਆਂ ਦੇ ਪੰਜਾਬਣਾਂ ਨਾਲ ਵਿਆਹ ਨਾ ਹੋਣ ਕਾਰਨ ਹੁਣ ਬਿਹਾਰੀ ਤੇ ਯੂ.ਪੀ. ਦੇ ਪਰਵਾਸੀਆਂ ਦੀਆਂ ਧੀਆਂ ਨਾਲ ਵਿਆਹ ਕਰਾਉਣ ਦਾ ਰੁਝਾਨ ਵੀ ਵਧ ਗਿਆ ਹੈ। ਫਿਰੋਜ਼ਪੁਰ, ਫਾਜਲਿਕਾ, ਹੁਸ਼ਿਆਰਪੁਰ, ਲੁਧਿਆਣਾ, ਅੰਮ੍ਰਿਤਸਰ, ਤਰਨਤਾਰਨ ਵਰਗੇ ਜ਼ਿਲ੍ਹਿਆਂ ਵਿੱਚ ਅਜਿਹੇ ਵਿਆਹਾਂ ਦੀ ਸੂਚਨਾ ਹੈ। ਕਈ ਮੌਕਿਆਂ ਉਤੇ ਅਜਿਹੇ ਵਿਆਹਾਂ ਲਈ ਪੰਜਾਬੀਆਂ ਨੂੰ ਲੱਖਾਂ ਰੁਪਏ ਦੀ ਕੀਮਤ ਤਾਰ ਕੇ ਖ਼ਾਨਦਾਨ ਅੱਗੇ ਵਧਾਉਣਾ ਪੈ ਰਿਹਾ ਹੈ।

ਇੱਕ ਅੰਦਾਜ਼ੇ ਵਜੋਂ ਲੰਮੇ ਅਰਸੇ ਤੋਂ ਪੰਜਾਬ ਵਿੱਚ ਆਵਾਸ ਕਾਰਨ ਕਰੀਬ 20 ਲੱਖ ਪਰਵਾਸੀ ਵਸੇ ਹੋਏ ਹਨ ਅਤੇ 12-13 ਲੱਖ ਪਰਵਾਸੀਆਂ ਦਾ ਪੰਜਾਬ ਵਿੱਚ ਆਉਣਾ-ਜਾਣਾ ਨਿਰੰਤਰ ਲੱਗਾ ਰਹਿੰਦਾ ਹੈ। ਪੰਜਾਬ ਵਿੱਚ ਵਸਣ ਕਾਰਨ ਇਨ੍ਹਾਂ ਪਰਵਾਸੀਆਂ ਦੇ ਬੱਚੇ ਵੀ ਪੰਜਾਬ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ। ਫੁਕਰੇਬਾਜ਼ੀ ਵਿੱਚ ਰੁੱਝੇ ਬਹੁਤੇ ਪੰਜਾਬੀਆਂ ਦੇ ਮੁਕਾਬਲੇ ਇਹ ਬੱਚੇ ਪੜ੍ਹਾਈ ਵਿੱਚ ਵੀ ਹੁਸ਼ਿਆਰ ਹਨ। ਇਕੱਠੇ ਪੜ੍ਹਨ, ਘੁੰਮਣ-ਫਿਰਨ ਕਾਰਨ ਨਜ਼ਦੀਕੀਆਂ ਅਤੇ ‘ਤਾਰਾ ਮੀਰਾ’ ਵਰਗੀਆਂ ਪੰਜਾਬੀ ਫ਼ਿਲਮਾਂ ਨੇ ਅਜਿਹੇ ਵਿਆਹਾਂ ਨੂੰ ਸਮਾਜਿਕ ਮਨਜ਼ੂਰੀਆਂ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਹੁਣ ਵਿਸ਼ੇਸ਼ ਕਰਕੇ ਲੁਧਿਆਣੇ ਦੇ ਕਈ ਪੰਜਾਬੀ ਘਰਾਂ ਵਿੱਚ ਅਜਿਹੀਆਂ ਪਰਵਾਸੀ ਧੀਆਂ ਨੇ ਘਰ-ਪਰਿਵਾਰਾਂ ਦੀ ਜ਼ਿੰਮੇਵਾਰੀ ਸੰਭਾਲ ਲਈ ਹੈ। ਪਹਿਰਾਵਾ ਵੀ ਪੰਜਾਬੀ ਪਾ ਲਿਆ ਹੈ ਤੇ ਉਨ੍ਹਾਂ ਦੇ ਬੱਚੇ ਵੀ ਪੰਜਾਬੀ ਬੋਲਦੇ ਹਨ। ਇਨ੍ਹਾਂ ਪਰਵਾਸਣਾਂ ਦਾ ਪਤਾ ਉਦੋਂ ਲੱਗਦਾ ਹੈ, ਜਦੋਂ ਇਹ ਬੋਲਦੀਆਂ ਹਨ।

ਇਸ ਤੋਂ ਇਲਾਵਾ ਉਕਤ ਦੱਸੇ ਕਈ ਕਾਰਨਾਂ ਕਰਕੇ ਅਨੇਕਾਂ ਪੰਜਾਬੀ ਮੁੰਡਿਆਂ ਵਿੱਚ ਆ ਚੁਕੀਆਂ ਸਰੀਰਕ ਕਮਜ਼ੋਰੀਆਂ ਕਾਰਨ ਉਹ ਔਲਾਦ ਪੈਦਾ ਕਰਨ ਦੇ ਸਮਰਥ ਵੀ ਨਹੀਂ ਰਹੇ। ਮਾਪੇ ਬਣਨ ਲਈ ਉਨ੍ਹਾਂ ਵੱਲੋਂ ਆਈ. ਵੀ. ਐਫ. ਤਕਨੀਕ ਦਾ ਸਹਾਰਾ ਲੈ ਕੇ ਗ਼ੈਰ-ਪੰਜਾਬੀਆਂ ਦੇ ਬੀਜ ਰਾਹੀਂ ਬੱਚੇ ਹਾਸਿਲ ਕੀਤੇ ਜਾ ਰਹੇ ਹਨ। ਇੱਕ ਰਿਪੋਰਟ ਮੁਤਾਬਕ ਇਹ ਬੀਜ ਵਧੇਰੇ ਕਰਕੇ ਇੱਕ ਵਿਸ਼ੇਸ਼ ਰਾਜ ਦੇ ਹਨ। ਕੀ ਸਿੱਖ ਤੇ ਪੰਜਾਬੀ ਜਥੇਬੰਦੀਆਂ ਪੰਜਾਬੀ ਜਨ ਜੀਵਨ, ਪੰਜਾਬੀ ਡੀ.ਐਨ.ਏ., ਪੰਜਾਬੀਅਤ, ਪੰਜਾਬੀ ਸੱਭਿਆਚਾਰ ਦੇ ਇਸ ਸੰਕਟ ਪ੍ਰਤੀ ਜਾਗਰੂਕ ਹਨ?

*-ਸੰਤੋਖ ਸਿੰਘ ਬੈਂਸ*


# ਅਖੌਤੀ ਨੈਤਿਕਤਾ



## ‘ਵਿਗੜੀ ਹੋਈ ਕੁੜੀ’ (ਝੂਠ ਜਿਹਾ ਸੱਚ)

### ਕਿਸ਼ਤ (3)

ਬਖ਼ਸ਼ਿੰਦਰ
ਵੱਟਸਐਪ:+1-778-793-8979



***ਪਾਠਕ ਪਿਛਲੇ ਕਾਂਡ ਵਿੱਚ ਇੰਟਰਵਿਊ-ਕਰਤਾ ਦੇ ਅਣਕੱਜੇ ਸੁਆਲਾਂ ਦਾ ਕਿੱਸਾ ਪੜ੍ਹ ਚੁੱਕੇ ਹਨ। ਹਥਲੇ ਕਾਂਡ ਵਿੱਚ ਸੁਆਲਾਂ ਦੀ ਨਿਰੰਤਰਤਾ ਜਾਰੀ ਹੈ, ਪਰ ਸੁਆਲਾਂ ਨੂੰ ਜੁਆਬ ਅੱਗੇ ਹੋ ਹੋ ਟੱਕਰੇ ਹਨ, ਜਿਸ ਵਿੱਚ ‘ਅਖੌਤੀ ਨੈਤਿਕਤਾ’ ਦੇ ਭਿੱਟੇ ਜਾਣ ਦਾ ਮਸਲਾ ਬਣਦਾ ਦਿਖਾਈ ਦੇਣ ਲੱਗਦਾ ਹੈ। ਨਾਵਲ ਵਿਚਲੀਆਂ ਘਟਨਾਵਾਂ ਪੜ੍ਹ ਕੇ ਪਾਠਕਾਂ ਦੀ ਰਾਏ ਵੱਖ-ਵੱਖ ਹੋ ਸਕਦੀ ਹੈ, ਪਰ ‘ਇਸ ਨਾਵਲ ਵਿਚ ਬਹੁਤ ਕੁੱਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।’ ਪੇਸ਼ ਹੈ, ਅਗਲੀ ਕਿਸ਼ਤ...***

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜੇ ਇਹ ਇੰਟਰਵਿਊ ਦੇਖਣਾ/ਸੁਣਨਾ/ਰਿਕਾਰਡ ਕਰਨਾ, ਦਾਨਿਸ਼ ਵੱਲੋਂ ਸਕਰਿਪਟ ਲਿਖਣ ਦੇ ਕੰਮ ਵਿਚ ਸ਼ਾਮਲ ਨਾ ਹੁੰਦਾ, ਜਾਂ ਉਸ ਨੂੰ ਇਸ ਤਰ੍ਹਾਂ ਕਰ ਕੇ ਆਪਣਾ ਸਮਾਂ ‘ਬਰਬਾਦ ਕਰਨ’ ਦੇ ਪੈਸੇ ਨਾ ਮਿਲਣੇ ਹੁੰਦੇ ਤਾਂ ਉਹ ਆਪਣਾ ਡਿਕਟਾਫੋਨ ਦੁਬਾਰਾ ਔਨ ਨਾ ਕਰਦਾ। ਉਸ ਨੇ ਕਾਮਰਸ਼ੀਅਲ ਬ੍ਰੇਕ ਵਾਲ਼ਾ ਹਿੱਸਾ ‘ਫਾਸਟ ਫਾਰਵਰਡ’ ਕਰ ਦਿੱਤਾ ਅਤੇ ਚੌਬੇ ਦਾ ਗੰਜ ਦੁਬਾਰਾ ਦਿਸਣਾ ਸ਼ੁਰੂ ਹੋਣ ‘ਤੇ ਟੀਵੀ ਦਾ ਪਲੇਅਰ ‘ਪੌਜ਼’ ਕਰ ਕੇ ਤੇ ਡਿਕਟਾਫੋਨ ਔਨ ਕਰ ਕੇ ਟੀਵੀ ਪਲੇਅਰ ਵੀ ਔਨ ਕਰ ਦਿੱਤਾ।

“ਕਾਮਰਸ਼ੀਅਲ ਬ੍ਰੇਕ ਤੋਂ ਬਾਅਦ ਇਕ ਵਾਰ ਫਿਰ ਆਪਣੇ ਦਰਸ਼ਕਾਂ ਦਾ ਸੁਆਗਤ। ਤੇ ਗੱਲ-ਬਾਤ ਹੋ ਰਹੀ ਸੀ ਅਮਰੀਕਾ-ਕੈਨੇਡਾ ਦੀ ਪ੍ਰਸਿੱਧ ਅਦਾਕਾਰਾ ਚੰਨੀ ਹੌਂਡਾ ਨਾ਼ਲ...।”

“ਮੁੱਦੇ ‘ਤੇ ਆ ਯਾਰ,” ਦਾਨਿਸ਼ ਨੇ ਖਿਝ ਕੇ ਏਦਾਂ ਕਿਹਾ, ਜਿੱਦਾਂ ਚੌਬੇ, ਚੰਨੀ ਦੇ ਨਹੀਂ, ਉਸ ਦੇ ਸਾਹਮਣੇ ਬੈਠਾ ਹੋਵੇ।

“ਵਿਦੇਸ਼ਾਂ ਵਿਚ ਸੈਕਸ ਸਬੰਧੀ ਰੁਝਾਨਾਂ ਬਾਰੇ ਰੌਸ਼ਨੀ ਪਾਉਂਦਿਆਂ ਚੰਨੀ ਹੌਂਡਾ ‘ਬਲੋਜੌਬ’ ਬਾਰੇ ਗੱਲਾਂ ਕਰ ਰਹੀ ਸੀ। ਕਾਮਰਸ਼ੀਅਲ ਬ੍ਰੇਕ ਤੋਂ ਪਰਤ ਕੇ ਚੰਨੀ ਨੂੰ ਅਸੀਂ ਇਸ ਮਾਮਲੇ ਵਿਚ ਭਾਰਤ ਦੀ ਗੱਲ ਕਰਨ ਲਈ ਕਹਾਂਗੇ, ਕਿਉਂਕਿ ਉਸ ਦੀਆਂ ਰਗ਼ਾਂ ਵਿਚ ਵੀ ਭਾਰਤੀ ਖ਼ੂਨ ਦੌੜਦਾ ਏ। ਹਾਂ ਚੰਨੀ ਜੀ, ਆਪਣੀ ਗੱਲ ਜਾਰੀ ਕਰੋ,” ਚੌਬੇ ਨੇ ਲੜੀ ਨਾ਼ਲ ਲੜੀ ਜੋੜਨ ਦਾ ਹੀਲਾ ਕੀਤਾ।

“ਬੰਸਰੀ ਵਾਦਨ ਯਾਨੀ ‘ਪਲੇਇੰਗ ਦ ਫਲਿਊਟ’ ਟਰਮ ਵੀ ਦੂਜੇ ਦੇਸ਼ਾਂ ਦੀ ਏ। ਇੱਥੇ ਪਤਾ ਨਹੀਂ ਇਸ ਨੂੰ ‘ਨਗੋਜ਼ਾ ਵਜਾਉਣਾ’ ਜਾਂ ਕੁੱਝ ਹੋਰ ਕਿਹਾ ਜਾਂਦਾ ਹੋਊ। ਇਸ ਸਬੰਧ ਵਿਚ ਨੱਕ-ਮੂੰਹ ਵੱਟਣ ਵਾ਼ਲੇ ਭਾਰਤੀਆਂ ਨੂੰ ਇਹ ਪਤਾ ਹੋਣਾ ਚਾਹੀਦਾ ਏ ਕਿ ‘ਵਾਤਸਾਇਨ’ ਵੱਲੋਂ ਕਈ ਸਦੀਆਂ ਸਾਲ ਪਹਿਲਾਂ, ਭਾਰਤੀ ਧਰਤੀ ਉੱਤੇ ਰਹਿੰਦਿਆਂ, ਲਿਖੇ ਹੋਏ ਪ੍ਰਾਚੀਨ ਗ੍ਰੰਥ ‘ਕਾਮ-ਸੂਤਰ’ ਵਿਚ ਇਕ ਪੂਰਾ ਅਧਿਆਇ ‘ਓਰਲ ਸੈਕਸ’ ਯਾਨੀ ‘ਮੁੱਖ ਮੈਥਨ’ ਬਾਰੇ ਹੀ ਏ। ‘ਔਪ੍ਰੀਸ਼ਤਕਾ’, ਜਿਸ ਦਾ ਅਰਥ ‘ਓਰਲ ਕੌਂਗਰਸ’ ਯਾਨੀ ‘ਮੂੰਹ-ਮਿਲਾਪ’ ਹੀ ਏ, ਸਿਰਲੇਖ ਵਾ਼ਲੇ ਇਸ ਅਧਿਆਇ ਵਿਚ ਇਸ ਕਿਰਿਆ ਦੇ ਕਈ ਢੰਗ ਹੀ ਨਹੀਂ ਦੱਸੇ ਹੋਏ, ਸਗੋਂ ਉਹ ਢੰਗ ਅਪਣਾਉਣ ਦੇ ਫ਼ਾਇਦੇ ਵੀ ਦੱਸੇ ਹੋਏ ਨੇ।” ਇਹ ਕਹਿ ਕੇ ਚੰਨੀ ਚੁੱਪ ਕਰ ਗਈ ਤੇ ਚੌਬੇ ਨੂੰ ਇਹ ਜੁਆਬ ਇਸ ਤਰ੍ਹਾਂ ਇਕ ਦਮ ਖ਼ਤਮ ਹੋਣ ਜਾਂ ਖ਼ਤਮ ਕਰਨ ਦੀ ਆਸ ਨਹੀਂ ਸੀ ਤੇ ਉਹ ਹਾ਼ਲੇ ਅਗਲਾ ਸੁਆਲ ਕਰਨ ਦੀ ਤਿਆਰੀ ਨਹੀਂ ਕਰ ਸਕਿਆ ਸੀ। ਸੋ ਚੰਨੀ ਨੇ ਉਸ ਨੂੰ ਜਗਾਉਣ ਵਾਂਗ ਕਿਹਾ, “ਕੀ ਗੱਲ ਚੌਬੇ ਸਾਹਿਬ, ਖ਼ਿਆਲ ਘਰ ਵੱਲ ਚਲਿਆ ਗਿਆ ਸੀ?”

“ਨਹੀਂ, ਅਜਿਹੀ ਕੋਈ ਗੱਲ ਨਹੀਂ ਏ, ਪਿਆਰੇ ਚੰਨੀ ਹੌਂਡਾ ਜੀ।”

“ਤਾਂ ਫੇਰ ਤੁਸੀਂ ਇਸ ਇੰਟਰਵਿਊ ਦੇ ਸਬੰਧ ਵਿਚ ਆਪਣਾ ‘ਹੋਮ ਵਰਕ’ ਚੰਗੀ ਤਰ੍ਹਾਂ ਕੀਤਾ ਹੋਇਆ ਨਹੀਂ ਲੱਗਦਾ,” ਚੰਨੀ ਹੌਂਡਾ ਨੇ ਇੰਟਰਵਿਊ ਦੀ ਕਮਾਨ ਆਪਣੇ ਹੱਥ ਲੈ ਲਈ ਲੱਗਦੀ ਸੀ, “ਹੁਣ ਐਂ ਲੱਗਦੈ ਕਿ ਇਹ ਇੰਟਰਵਿਊ ਜਾਰੀ ਰੱਖਣ ਲਈ ਤੁਹਾਨੂੰ ਸੁਆਲ ਵੀ ਪੱਲਿਉਂ ਹੀ ਦੇਣੇ ਪੈਣਗੇ।”

“ਤੁਹਾਨੂੰ ਇਸ ਤਰ੍ਹਾਂ ਕਿਉਂ ਲੱਗਿਆ ਜੀ?”

“ਤੁਸੀਂ ਅਗਲਾ ਸੁਆਲ ਨਹੀਂ ਕੀਤਾ, ਜੋ ‘ਓਨਨਿਜ਼ਮ’ ਬਾਰੇ ਹੋਣਾ ਚਾਹੀਦਾ ਸੀ।”

“ਉਹ ਕਿਉਂ?”

“ਉਹ ਇਸ ਲਈ ਚੌਬੇ ਜੀ ਕਿ ਮੌਡਰਨ ਵਰਲਡ ਵਿਚ ਇਹ ‘ਨਗੋਜ਼ਾ ਵਾਦਨ’, ਪਿੰਡਾ ਪਲੋਸਣ, ਕੁੜੀਆਂ ਦੀ ਹਮਜਿਨਸੀ ਅਤੇ ਹੱਥਰਸੀ ਦਾ ਬਾਪ ‘ਓਨਨਿਜ਼ਮ’ ਯਾਨੀ ‘ਓਨਨਵਾਦ’ ਹੀ ਏ। ਇਸ ਬਾਰੇ ਤੁਹਾਨੂੰ ਇਲਮ ਹੈ ਕਿ ਮੈਂ ਦੱਸਾਂ?”

“ਦੱਸਣ ਦੇ ‘ਮੂਡ’ ਵਿਚ ਲੱਗਦੇ ਹੋ ਤੇ ਦੱਸਣ ਵਾ਼ਲੀ ਗੱਲ ਵੀ ਏ, ਸੋ ਦੱਸ ਹੀ ਦਿਓ,” ਛਿੱਥੇ ਜਿਹੇ ਹੋ ਗਏ ਚੌਬੇ ਦੇ ਮੂੰਹੋਂ ਮਸਾਂ ਇਹੋ ਸਰਿਆ।

“ਬਾਈਬਲ ਦੇ 38ਵੇਂ ਚੈਪਟਰ ਵਿਚ, ‘ਓਨਨ’ ਦਾ ਜ਼ਿਕਰ ‘ਜੂਡਾਹ’ ਦੇ ਦੂਜੇ ਪੁੱਤਰ ਵਜੋਂ ਕੀਤਾ ਗਿਆ ਏ। ਉੱਨੀਵੀਂ ਸਦੀ ਦੇ ਸੁਮੇਰੀਅਨ ਮਿਥਿਹਾਸ ਦੀ ਇਕ ਦੰਦਕਥਾ ਵਿਚ ਵੀ ਉਸ ਦਾ ਜ਼ਿਕਰ ਏ। ਰੱਬ ਨੇ ਜੂਡਾਹ ਦੇ ਜੇਠੇ ਪੁੱਤਰ ‘ਏਰ’ ਵਾਂਗ ਹੀ, ‘ਓਨਨ’ ਨੂੰ ਵੀ ਰੱਬ ਦੀ ਹੁਕਮ ਅਦੂਲੀ ਕਰਨ ਦੇ ਦੋਸ਼ ਹੇਠ ਕਤਲ ਕਰ ਸੁੱਟਿਆ ਸੀ। ਰੱਬ ਨੇ ‘ਓਨਨ’ ਨੂੰ ਹੁਕਮ ਦਿੱਤਾ ਸੀ ਕਿ ਉਹ ਆਪਣੇ ਵੱਡੇ ਭਰਾ ‘ਏਰ’ ਦੀ ਵਿਧਵਾ ਯਾਨੀ ਆਪਣੀ ਵੱਡੀ ਭਰਜਾਈ ‘ਤਾਮਰ’ ਨੂੰ ਮਾਂ ਬਣਾਉਣ ਖ਼ਾਤਰ ਉਸ ਨਾ਼ਲ ਹਮਬਿਸਤਰ ਹੋ ਕੇ, ਉਸ ਦੀ ਬੱਚੇਦਾਨੀ ਵਿਚ ਆਪਣਾ ਵੀਰਜ ਪਾਵੇ, ਪਰ ‘ਓਨਨ’ ਨੇ ਇਸ ਤਰ੍ਹਾਂ ਕਰਨੋਂ ਇਨਕਾਰ ਕਰ ਦਿੱਤਾ ਸੀ,” ਚੰਨੀ ਵੱਲੋਂ ਇਹ ਪ੍ਰਸੰਗ ਸੁਣਾਉਣ ਵੇ਼ਲੇ ਸਟੂਡੀਓ ਦਾ ਮਾਹੌਲ ‘ਬਹੁਤ ਹੀ ਦੈਵੀ ਜਿਹਾ’ ਹੋ ਗਿਆ ਸੀ। ਉਸ ਨੇ ਇੰਨੀ ਕੁ ਗੱਲ ਕਰ ਕੇ ਦਮ ਜਿਹਾ ਲਿਆ।

“ਪਰ ‘ਓਨਨਵਾਦ’ ਅਤੇ ਉਸ ਦੀ ਸ਼ੁਰੂਆਤ ਦੀ ਗੱਲ ਤਾਂ ਰਹਿ ਹੀ ਗਈ ਚੰਨੀ ਹੌਂਡਾ ਜੀ!” ਚੌਬੇ ਨੇ ਇਹ ਕਹਿ ਕੇ ਏਦਾਂ ਮਹਿਸੂਸ ਕੀਤਾ, ਜਿੱਦਾਂ ਉਸ ਨੇ ਤੀਰ ਮਾਰ ਕੇ ਕੋਈ ਕੱਦੂ ਫੁੰਡ ਸੁੱਟਿਆ ਹੋਵੇ।

“ਮੈਂ ਇਹ ਗੱਲ-ਬਾਤ ਵਿਚੇ ਹੀ ਛੱਡ ਕੇ ਚਲੀ ਤਾਂ ਨਹੀਂ ਗਈ ਮਿਸਟਰ ਚੌਬੇ! ਦਮ ਲੈਣ ਦਾ ਹੱਕ ਤਾਂ ਸ਼ਾਇਦ ਰੱਬ ਨੂੰ ਵੀ ਹੁੰਦਾ ਹੈ ਤਾਂ ਮੈਂ ਵੀ ਉਸ ਦੀ ਖ਼ਲਕ ਦਾ ਹੀ ਇਕ ਹਿੱਸਾ ਹਾਂ।”

“ਪਲੀਜ਼ ਟੇਕ ਯੂਅਰ ਟਾਈਮ ਐਂਡ ਕੈਰੀ ਔਨ!”

“ਇਸ ਕਥਾ ਦਾ ਵੇਰਵਾ ਕੁੱਝ ਇਸ ਤਰ੍ਹਾਂ ਹੈ ਕਿ ‘ਏਰ’ ਨੂੰ ਆਪਣੇ ਕਿਸੇ ਹੁਕਮ ਦੀ ਉਲੰਘਣਾ ਕਰਨ ਦੇ ਗੁਨਾਹ ਹੇਠ ਕਤਲ ਕਰ ਸੁੱਟਣ ਮਗਰੋਂ, ‘ਏਰ’ ਦੇ ਬਾਪ ‘ਜੂਡਾਹ’ ਨੇ ‘ਓਨਨ’ ਨੂੰ ਕਿਹਾ ਕਿ ਉਹ ਆਪਣੇ ਭਰਾ ‘ਏਰ’ ਦੀ ਵਿਧਵਾ ਉੱਤੇ ‘ਚਾਦਰ ਪਾ ਕੇ’ ਤੇ ਉਸ ਨੂੰ ਪਤਨੀ ਮੰਨ ਕੇ, ਉਸ ਤੋਂ ਔਲਾਦ ਪੈਦਾ ਕਰੇ। ਉਸ ਵੇ਼ਲੇ ਦੀਆਂ ਰਹੁ-ਰੀਤਾਂ ਅਨੁਸਾਰ ਉਹ ਔਲਾਦ, ਮਰਹੂਮ ‘ਏਰ’ ਦੀ ਹੀ ਮੰਨੀ ਜਾਣੀ ਸੀ। ਲਓ ਚੌਬੇ ਸਾਹਿਬ ਸੁਣ ਲਓ ਕਿ ‘ਓਨਨਵਾਦ’ ਦਾ ਜਨਮ ਕਿਸ ਤਰ੍ਹਾਂ ਹੋਇਆ। ‘ਓਨਨ’ ਆਪਣੀ ਭਰਜਾਈ ‘ਤਾਮਰ’ ਨਾ਼ਲ ਹਮਬਿਸਤਰ ਤਾਂ ਹੋਇਆ, ਪਰ ਉਸ ਨੇ, ਉਸ ਨੂੰ ਆਪਣਾ ਵੀਰਜ ਦੇਣ ਤੋਂ ਪਹਿਲਾਂ ਹੀ ਸੰਜਮ ਨਾ਼ਲ ਆਪਣਾ-ਆਪ ਸੰਭਾਲ ਲਿਆ। ਕਹਿੰਦੇ ਨੇ ਕਿ ਉਸ ਨੇ ਆਪਣਾ ਵੀਰਜ ‘ਤਾਮਰ’ ਦੀ ਬੱਚੇਦਾਨੀ ਵਿਚ ਛੱਡਣ ਦੀ ਥਾਂ, ‘ਧਰਤੀ ਉੱਤੇ ਸੁੱਟ ਕੇ ਮਿੱਟੀ ਵਿਚ ਮਿ਼ਲਾ ਦਿੱਤਾ’ ਕਿਉਂ ਕਿ ਉਸ ਨਾ਼ਲ ਜੰਮਣ ਵਾ਼ਲੀ ਔਲਾਦ, ਉਸ ਦੀ ਆਪਣੀ ਨਹੀਂ ਸਦਾਉਣੀ ਸੀ। ਬਾਈਬਲ ਅਨੁਸਾਰ ਇਸ ਹੁਕਮ ਅਦੂਲੀ ਦੀ ਵਜ੍ਹਾ ਨਾ਼ਲ ਰੱਬ ਨੇ ਉਸ ਨੂੰ ਵੀ ਕਤਲ ਕਰਾ ਦਿੱਤਾ ਸੀ।”



■ ਓਨਨ ਅਤੇ ਤਾਮਰ ਦਾ ਇੱਕ ਕਾਲਪਨਿਕ ਚਿੱਤਰ

“ਤੁਹਾਡਾ ਕਹਿਣ ਦਾ ਮਤਲਬ ਇਹੋ ਹੋਇਆ ਨਾ ਕਿ ਵੀਰਜ ਕਿਸੇ ਬੱਚੇਦਾਨੀ ਵਿਚ ਪਾ ਕੇ ਔਲਾਦ ਪੈਦਾ ਕਰਨ ਦੀ ਥਾਂ, ਉਸ ਨੂੰ ਜ਼ਮੀਨ ਉੱਤੇ ਸੁੱਟ ਕੇ ਮਿੱਟੀ ਵਿਚ ਮਿਲਾਉਣ ਨੂੰ ਹੀ ‘ਓਨਨਵਾਦ’ ਯਾਨੀ ‘ਹੱਥ ਮੈਥਨ’ ਕਿਹਾ ਜਾਂਦਾ ਹੈ!” ਚੌਬੇ ਨੇ ਗੱਲ, ‘ਬੂਰੇ ਦੇ ਘਰ ਤਕ ਵੀ ਪਹੁੰਚਾ ਦਿੱਤੀ।’

“ਇਕ ਰਾਇ ਇਹ ਵੀ ਹੈ ਕਿ ਇਸ ਤੋਂ ਹੀ ‘ਮੌਤ ਦੀ ਸਜ਼ਾ’ ਦੀ ਰਵਾਇਤ ਦੀ ਸ਼ੁਰੂਆਤ ਵੀ ਹੋਈ ਸੀ,” ਚੰਨੀ ਨੇ ਆਪਣੇ ਵੱਲੋਂ ਗੱਲ ਮੁਕਾਈ ਤਾਂ ਦਾਨਿਸ਼ ਨੂੰ ਲੱਗਿਆ ਕਿ ਇਸ ਇੰਟਰਵਿਊ ਵਿਚ ‘ਸਟੋਰੀ ਐਲੀਮੈਂਟ’ ਤਾਂ ਬਹੁਤ ਹੀ ਜ਼ਿਆਦਾ ਹੈ। ਉਸ ਨੇ ਟੀਵੀ ਪਲੇਅਰ ‘ਪੌਜ਼’ ਕਰ ਕੇ ਇਸ ਸਬੰਧ ਵਿਚ ਕੁੱਝ ‘ਨੋਟਸ’ ਵੀ ਲਏ। ਇਸ ਤੋਂ ਮਗਰੋਂ ਉਸ ਦਾ ਦਿਲ ਕੀਤਾ ਕਿ ਉਹ ਚਾਹ ਬਣਾ ਕੇ ਉਸ ਨਾ਼ਲ ਕੁੱਝ ਖਾ ਵੀ ਲਵੇ।

ਇਸ ਇੰਟਰਵਿਊ ਦਾ ਇੰਨਾ ਹਿੱਸਾ ਦੇਖਣ ਮਗਰੋਂ ਦਾਨਿਸ਼ ਦੇ ਮਨ ਵਿਚ ਬਹੁਤ ਸਾਰੀ ਟੁੱਟ-ਭੱਜ ਹੋਈ। ਕਦੇ ਤਾਂ ਉਸ ਨੂੰ ਚੰਨੀ ਹੌਂਡਾ ਬਹੁਤ ਵੱਡੀ ਵਿਦਵਾਨ ਲੱਗਣ ਲੱਗ ਪੈਂਦੀ ਤੇ ਕਦੇ ਉਸ ਨੂੰ ਇਹ ਲੱਗਦਾ ਕਿ ਇਸ ‘ਪੋਰਨ ਐਕਟਰੈੱਸ’ ਨੇ ਆਪਣੇ ‘ਪੀ. ਆਰ. ਡਿਪਾਰਟਮੈਂਟ’ ਯਾਨੀ ‘ਲੋਕ ਸੰਪਰਕ ਵਿਭਾਗ’ ਵਿਚ ਕਾਫ਼ੀ ਸਿਆਣੇ ਬੰਦੇ ਭਰਤੀ ਕੀਤੇ ਹੋਏ ਹਨ, ਜੋ ਉਸ ਨੂੰ ਮੀਡੀਆ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਬਹੁਤ ਸਾਰੀ ਜਾਣਕਾਰੀ ਨਾ਼ਲ ‘ਲੈਸ’ ਕਰ ਕੇ ਭੇਜਦੇ ਹਨ।

ਖ਼ੈਰ, ਦਾਨਿਸ਼ ਨੇ ਇਸ ਇੰਟਰਵਿਊ ਦਾ ਅਗਲਾ ਹਿੱਸਾ ਦੇਖਣਾ ਸ਼ੁਰੂ ਕੀਤਾ ਤਾਂ ਚੌਬੇ, ਚੰਨੀ ਨੂੰ ਇਹ ਪੁੱਛ ਰਿਹਾ ਸੀ, “ਤੁਹਾਨੂੰ ਆਪਣੀ ਜ਼ਿੰਦਗੀ ਵਿਚ ਕਿਸੇ ਗੱਲ ਦਾ ਅਫ਼ਸੋਸ, ਕੋਈ ਮਲਾਲ ਵੀ ਏ?”

“ਮੈਨੂੰ ਲੱਗਦੈ, ਹੁਣ ਤਾਂ ਤੁਹਾਡੇ ਕੋਲ ਸੁਆਲ ਮੁੱਕ ਹੀ ਗਏ ਨੇ, ਕਿਉਂ ਕਿ ਮੈਂ ਇਸ ਸੁਆਲ ਦਾ ਜੁਆਬ ਦੇ ਚੁੱਕੀ ਹਾਂ ਕਿ ਮੈਨੂੰ ਆਪਣੀ ਮਾਂ ਦੇ ਮਰਨ ਵੇ਼ਲੇ ਬਹੁਤ ਦੇਰ ਨਾ਼ਲ ਘਰ ਪਹੁੰਚਣਾ ਹਮੇਸ਼ਾ ਚੁੱਭਦਾ ਰਹਿੰਦਾ ਏ। ਜੇ ਤੁਹਾਡੇ ਕੋਲ ਸੱਚੀਂ ਹੀ ਸੁਆਲ ਨਹੀਂ ਰਹੇ ਤਾਂ ‘ਕਾਮਰਸ਼ੀਅਲ ਬ੍ਰੇਕ’ ਲੈ ਲਓ ਮਿਸਟਰ ਚੌਬੇ!”

ਇਹ ਜੁਆਬ ਸੁਣ ਕੇ ਰਿਕਾਰਡਿੰਗ ਪੈਨਲ ਉੱਤੇ ਬੈਠੇ ਇਕ ਸਿਆਣੀ ਉਮਰ ਦੇ ‘ਸੀਨੀਅਰ ਮੋਸਟ ਪ੍ਰੋਡਿਊਸਰ’ ਨੇ ‘ਹੈੱਡ ਸੈੱਟ’ ਰਾਹੀਂ ਚੌਬੇ ਨੂੰ ਕਿਹਾ, “ਜੇ ਤੁਹਾਡੇ ਕੋਲ ਪੁੱਛਣ ਲਈ ਹੁਣ ਘੈਂਟਾ ਹੀ ਰਹਿ ਗਿਆ ਏ ਤਾਂ ਵਾਈਂਡ ਅੱਪ ਹੀ ਕਰ ਦਈਏ?” ਇਹ ਝਾੜ ਪੈਣ ਨਾ਼ਲ ਚੌਬੇ ਦਾ ਮੂੰਹ ਏਦਾਂ ਹੋ ਗਿਆ ਸੀ, ਜਿੱਦਾਂ ਉਸ ਨੇ ਹੁਣੇ ਹੀ ਕੁਨੀਨ ਦੀ ਗੋਲੀ ਨਿਗ਼ਲੀ ਹੋਵੇ। ਇਹ ਵੀ ਲੱਗਦਾ ਸੀ ਕਿ ਚੈਨਲ ਦੇ ਪੈਨਲ ਵੱਲੋਂ ਚੌਬੇ ਨੂੰ ਕੋਈ ਸੁਆਲ ਸੁਝਾਇਆ ਗਿਆ ਸੀ ਤੇ ਉਹ ਹਫੜਾ-ਦਫੜੀ ਜਿਹੀ ਵਿਚ ਹੀ ਬੋਲ ਪਿਆ, “ਚੰਨੀ ਹੌਂਡਾ, ਤੁਹਾਨੂੰ ਪਤੈ ਕਿ ਭਾਰਤ ਦੇ ਇਕ ਮੈਂਬਰ ਪਾਰਲੀਮੈਂਟ ਨੇ ਤੁਹਾਨੂੰ ਭਾਰਤੀ ਨੈਤਿਕਤਾ ਨੂੰ ਢਾਹ ਲਾਉਣ ਲਈ ਜ਼ਿੰਮੇਵਾਰ ਠਹਿਰਾਇਆ ਹੈ?”

“ਇਸ ਦੇਸ਼ ਦੀ ਪਾਰਲੀਮੈਂਟ ਦੇ ਪੰਜ ਸੌ ਤੋਂ ਵੱਧ ਮੈਂਬਰਾਂ ਵਿਚੋਂ ਕੋਈ ਇਹ ਵੀ ਕਹਿ ਦੇਵੇ ਕਿ ਜਹਾਨ ਦੇ ਬਹੁਤ ਸਾਰੇ ਹਿੱਸਿਆਂ ਵਿਚ ‘ਸੁਨਾਮੀ’ ਆਉਣ ਲਈ ਵੀ ਮੈਂ ਹੀ ਜ਼ਿੰਮੇਵਾਰ ਹਾਂ, ਤਾਂ ਇਨ੍ਹਾਂ ਦੋਸ਼ਾਂ ਦੇ ਜੁਆਬ ਦੇਣ ਲਈ ਤੁਹਾਨੂੰ ਮੇਰੇ ਨਾ਼ਲ ਇਹ ਇੰਟਰਵਿਊ ਕਈ ਮਹੀਨੇ ਜਾਰੀ ਰੱਖਣਾ ਪੈ ਜਾਊਗਾ। ਹੈ ਤਾਂ ਅਗਲਾ ਸੁਆਲ ਕਰੋ...!”

“ਕਾਮੇਡੀਅਨ ਕਪਿਲ ਸ਼ਰਮਾ ਨੇ ਤੁਹਾਨੂੰ ਆਪਣੇ ਸ਼ੋਅ ਵਿਚ ਇਸ ਕਰ ਕੇ ਨਹੀਂ ਲਿਆ ਸੀ ਕਿ ਤੁਸੀਂ ‘ਪੋਰਨ ਸਟਾਰ’ ਰਹੇ ਹੋ ਤੇ ਕਪਿਲ ਦੇ ਕਹਿਣ ਮੁਤਾਬਕ, ਉਸ ਦਾ ਸ਼ੋਅ ‘ਪਰਿਵਾਰਕ’ ਹੈ। ਕੀ ਇਹ ਸਹੀ ਹੈ?”

“ਸ਼ਾਇਦ ਤੁਸੀਂ, ਕਪਿਲ ਸ਼ਰਮਾ ਦੇ ਸ਼ੋਅ ਦਾ ਉਹ ਐਪੀਸੋਡ ਨਹੀਂ ਦੇਖਿਆ, ਜਿਸ ਵਿਚ ਉਹ ਮੇਰੇ ਵੱਲੋਂ ਉਸ ਦੇ ਸ਼ੋਅ ਵਿਚ ਆਉਣ ‘ਤੇ ਮੇਰੀਆਂ ਖ਼ੁਸ਼ਾਮਦਾਂ-ਤਾਰੀਫ਼ਾਂ ਕਰਦਾ ਨਹੀਂ ਥੱਕਦਾ ਸੀ। ਮੈਂ ਤਾਂ ਉਸ ਦੇ ਸ਼ੋਅ ਦੇ ਪ੍ਰੋਡਿਊਸਰ ਸਲਮਾਨ ਖ਼ਾਨ ਦੇ ਰੀਐਲਿਟੀ ਸ਼ੋਅ ‘ਬਿੱਗ ਬੌਸ’ ਵਿਚ ਵੀ ਬੁਲਾਈ ਜਾ ਚੁੱਕੀ ਹਾਂ। ਤੁਹਾਨੂੰ ਪਤਾ ਤਾਂ ਹੈ ਨਾ?”

“ਤੁਸੀਂ ਆਪਣੀ ਸ਼ਖ਼ਸੀਅਤ ਦੇ ਕਿਸ ਰੂਪ ਵਿਚ ਯਾਦ ਕੀਤੇ ਜਾਣਾ ਪਸੰਦ ਕਰੋਗੇ?” ਚੌਬੇ ਦੇ ਇਸ ਸੁਆਲ ਵਿਚੋਂ ਉਸ ਦਾ ਖ਼ੈਰਖ਼ੁਆਹ ਹੋਣਾ ਘੱਟ, ਪਰ ਉਸ ਦਾ ਜ਼ਹਿਰ ਉਗਲਣਾ ਬਹੁਤਾ ਉੱਗੜਿਆ ਸੀ ਤੇ ਚੰਨੀ ਤੋਂ ਇਹ ਗੱਲ ਗੁੱਝੀ ਨਹੀਂ ਰਹੀ ਸੀ। ਇਸ ਲਈ, ਉਸ ਦੇ ਜੁਆਬ ਵਿਚੋਂ ਵੀ ਜ਼ਹਿਰੀਲੀ ਪੁੱਠ ਬੜੀ ਹੀ ਸਾਫ ਝਲਕਦੀ ਸੀ। ਉਸ ਨੇ ਇਸ ਸੁਆਲ ਦਾ ਜੁਆਬ ਦਿੰਦਿਆਂ ਕੁੱਝ ਇਸ ਤਰ੍ਹਾਂ ਕਿਹਾ, “ਮਿਸਟਰ ਚੌਬੇ, ਹਾਲੇ ਮੈਂ ਉਮਰ ਦੀ ਉਸ ਸਟੇਜ ‘ਤੇ ਨਹੀਂ ਪਹੁੰਚੀ, ਜਿੱਥੇ ਮੈਂ ਇਹ ਸੋਚਣ ਲੱਗ ਪਵਾਂ ਕਿ ਲੋਕ ਮੈਨੂੰ ਕਿਸ ਤਰ੍ਹਾਂ ਯਾਦ ਕਰਿਆ ਕਰਨਗੇ। ਅਜੇ ਤਾਂ ਇਸ ਗੱਲ ਦਾ ਵੀ ਪੱਕਾ ਪਤਾ ਨਹੀਂ ਏ ਕਿ ਲੋਕ ਯਾਦ ਕਰਨਗੇ ਵੀ ਜਾਂ ਨਹੀਂ! ਅਜੇ ਮੈਂ ਲੋਕਾਂ ਵੱਲੋਂ ਯਾਦ ਰੱਖਣ ਜੋਗਾ ਕੀਤਾ ਵੀ ਕੀ ਏ? ਇਸ ਤਰ੍ਹਾਂ ਦੇ ਫ਼ੈਸਲੇ, ਤੁਹਾਡੀ ਉਮਰ ਦੀ ਪਛਾੜ ਕਰਿਆ ਕਰਦੀ ਹੈ, ਸੋ ਉਹ ਸਮਾਂ ਆਏ ‘ਤੇ ਪੁੱਛ ਲੈਣਾ ਇਹ ਸੁਆਲ!”

“ਜੇ ਚੰਨੀ ਹੌਂਡਾ ਨੂੰ ‘ਨਵੇਂ ਭਾਰਤ’ ਦੀ ‘ਬ੍ਰੈਂਡ ਅੰਬੈਸੇਡਰ’ ਬਣਾ ਦਿੱਤਾ ਜਾਵੇ ਤਾਂ ਕੀ ਇਹ ਫ਼ੈਸਲਾ ਭਾਰਤ ਨੂੰ ਲੈ ਡੁੱਬੇਗਾ?”

“ਕੀ ਭਾਰਤ ਦੇ ‘ਡੁੱਬਣ’ ਵਿਚ ਹਾਲੇ ਕੋਈ ਕਸਰ ਰਹਿੰਦੀ ਏ ਮਿਸਟਰ ਚੌਬੇ?”

“ਪਲੀਜ਼ ਇਲੈਬੋਰੇਟ ਯੋਰ ਅਨਸਰ ਮਿੱਸ ਹੌਂਡਾ!” ਚੌਬੇ ਵੀ ਅੱਜ ਘਰੋਂ ਹੀ ‘ਯਹੀ-ਤਹੀ ਮਰਾ ਕੇ ਮੁੜਨ’ ਦਾ ਫ਼ੈਸਲਾ ਕਰ ਕੇ ਆਇਆ ਹੋਇਆ ਲੱਗਦਾ ਸੀ।

“ਨੋ ਕਮੈਂਟਸ ਪਲੀਜ਼!” ਚੰਨੀ ਮੱਛੀ ਵਾਂਗ, ਚੌਬੇ ਦੀ ਸੁਆਲੀ ਪਕੜ ਵਿਚੋਂ ਨਿੱਕਲ ਕੇ ਔਹ ਗਈ ਸੀ।

“ਇਸ ਮੁਲਕ ਦੀਆਂ ਹਜ਼ਾਰਾਂ ਔਰਤਾਂ ਨੇ, ਜੋ ਚੰਨੀ ਹੌਂਡਾ ਨੂੰ ਆਪਣੀ ਵਿਆਹੁਤਾ ਜ਼ਿੰਦਗੀ ਲਈ ‘ਖ਼ਤਰਾ’ ਸਮਝਦੀਆਂ ਨੇ। ਕੀ ਤੁਹਾਨੂੰ ਉਨ੍ਹਾਂ ਦਾ ਕੁੱਝ ਖ਼ਿਆਲ ਏ?”

“ਉਠਾਈਗਿਰੀ ‘ਤੇ ਉੱਤਰ ਆਏ ਹੋ ਚੌਬੇ ਜੀ! ਅੱਛਾ, ਇਹ ਦੱਸੋ ਪਈ, ਰੇਲਵੇ ਸਟੇਸ਼ਨਾਂ ਉੱਤੇ ਮੁਸਾਫ਼ਰਾਂ ਦੇ ਜਾਨੋ-ਮਾਲ ਦੀ ਰਾਖੀ ਕਰਨ ਲਈ ਸੁਰੱਖਿਆ ਦਾ ਪੂਰਾ ਪ੍ਰਬੰਧ ਕੀਤਾ ਹੋਣ ਦੇ ਬਾਵਜੂਦ ‘ਸਵਾਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ ਹੈ’ ਕਿਉਂ ਲਿਖਿਆ ਹੁੰਦਾ ਏ?” ਇਸ ਦਾ ਜੁਆਬ ਚੌਬੇ ਨੇ ‘ਹਿੜ-ਹਿੜ ਜਿਹੀ ਕਰ ਕੇ’ ਹੀ ਦਿੱਤਾ।

“ਮੈਨੂੰ ਬੜੇ ਲੋਕਾਂ ਦੀਆਂ ਫ਼ਰਮਾਇਸ਼ਾਂ ਆਈਆਂ ਨੇ ਕਿ ਮੈਂ ਤੁਹਾਨੂੰ ‘ਗੰਦੇ-ਗੰਦੇ’ ਸੁਆਲ ਪੁੱਛਾਂ। ਤੁਹਾਡੀ ਸ਼ਖ਼ਸੀਅਤ ਵਿਚੋਂ ਜਾਂ ਤਾਂ ਬਹੁਤ ਸਾਰੀ ਜਗਿਆਸਾ ਝਲਕਦੀ ਹੈ ਜਾਂ ਫਿਰ ਨਫ਼ਰਤ ਦੇ ਫੁਆਰੇ ਛੁੱਟਦੇ ਨੇ। ਤੁਸੀਂ ਇਸ ਤਰ੍ਹਾਂ ਦੀ ਸ਼ਖ਼ਸੀਅਤ ਨਾ਼ਲ ਕਿਵੇਂ ਸਿੱਝਦੇ ਹੋ ਚੰਨੀ ਹੌਂਡਾ ਜੀ?”

“ਅੱਛਾ! ਪੁੱਛਣ ਲਈ ਸੁਆਲ ਹਾਸਲ ਕਰਨ ਵਾਸਤੇ ਤੁਸੀਂ ਲੋਕਾਂ ਵਿਚ ‘ਗਜਾ ਕਰਨ’ ਜਾਂਦੇ ਹੋ!! ਤੁਹਾਡੇ ਵੱਲੋਂ ਹੁਣ ਤਕ ਪੁੱਛੇ ਗਏ ਸੁਆਲਾਂ ਵਿਚੋਂ ਵੀ ਹੁਣ ਤਕ ਬਹੁਤਾ ਕਰ ਕੇ, ਸਾੜਾ ਤੇ ਨਫ਼ਰਤ ਹੀ ਝਲਕਦੀ ਦਿਸੀ ਏ ਚੌਬੇ ਸਾਹਿਬ। ਜਿਸ ਤਰ੍ਹਾਂ ਪਿਛਲੇ 45 ਕੁ ਮਿੰਟਾਂ ਤੋਂ ਮੈਂ ਤੁਹਾਨੂੰ ਤੇ ਤੁਹਾਡੇ ਸੁਆਲਾਂ ਨੂੰ ‘ਬਰਦਾਸ਼ਤ’ ਕਰਦੀ ਆ ਰਹੀ ਹਾਂ, ਮੈਂ ਵੀ ਆਪਣੇ-ਆਪ ਨਾ਼ਲ, ਕੁੱਝ ਇਸੇ ਤਰ੍ਹਾਂ ਹੀ ਸਿੱਝ ਲੈਨੀਂ ਹਾਂ।”

“ਤੁਹਾਡੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਕੁੱਝ ਵੀ ਗੁੱਝਾ ਨਹੀਂ ਏ, ਪੋਰਨੋਗ੍ਰਾਫ਼ੀ ਦੀ ਵਜ੍ਹਾ ਨਾ਼ਲ ਸਭ ਕੁੱਝ ਹੀ ‘ਬੇਪਰਦ’ ਹੈ। ਤੁਹਾਡੇ ਕੰਮ ਤੋਂ ਜਾਣੂ ਲੋਕ ਇਹੋ ਸਮਝਦੇ ਨੇ ਕਿ ਤੁਸੀਂ ਸਿਨੇਮਾ ਦੇ ‘ਫਾਈਨ ਆਰਟ’ ਦਾ ਮਿਆਰ ਨੀਵਾਂ ਹੀ ਕੀਤਾ ਏ। ਇਸ ਵਿਚ ਕੁੱਝ ਸੱਚਾਈ ਵੀ ਹੈ ਜਾਂ ਇਹ ਐਵੇਂ ਗੱਲਾਂ ਹੀ ਨੇ?”


“ਚੌਬੇ ਸਾਹਿਬ, ਇਸ ਤਰ੍ਹਾਂ ਦੇ ਸੁਆਲ ਇਸ ਗੱਲ ਦੀ ਚੁਗਲੀ ਕਰ ਜਾਂਦੇ ਹਨ ਕਿ ‘ਸਿਨੇਸਾਜ਼ੀ’, ਜਿਸ ਨੂੰ ਤੁਸੀਂ ‘ਫ਼ਿਲਮਸਾਜ਼ੀ’ ਵੀ ਕਹਿ ਸਕਦੇ ਹੋ, ਦੇ ਸਬੰਧ ਵਿਚ ਤੁਹਾਡੀ ਜਾਣਕਾਰੀ ‘ਨੀਮ ਹਕੀਮਾਂ’ ਵਾ਼ਲੀ ਹੀ ਹੈ। ਫਿਰ ਤੁਸੀਂ ਇਹ ਗੱਲ ਤਾਂ ਵੀਹ ਵਾਰ ਸੁਣੀ ਹੋਏਗੀ ਕਿ ‘ਨੀਮ ਹਕੀਮ ਖ਼ਤਰਾ-ਇ-ਜਾਨ’! ਮੇਰੇ ਪਿਆਰੇ ਚੌਬੇ ਸਾਹਿਬ! ਤਾਂ ਹੀ ਮੈਂ ਕਹਿਨੀਂ ਆਂ ਕਿ ਇਹ ਇੰਟਰਵਿਊ ਕਰਨ ਖ਼ਾਤਰ ਆਉਣ ਤੋਂ ਪਹਿਲਾਂ ਜਨਾਬ ਨੇ ਆਪਣਾ ਹੋਮ ਵਰਕ ਚੰਗੀ ਤਰ੍ਹਾਂ ਨਹੀਂ ਕੀਤਾ। ਕੋਈ ਨਾ, ਹੁਣ ਧਿਆਨ ਨਾ਼ਲ ਸੁਣਿਓ!” ਦਾਨਿਸ਼ ਨੇ ਦੇਖਿਆ ਕਿ ਚੌਬੇ ਦੇ ਚਿਹਰੇ ਉੱਤੇ ਇਕ ਰੰਗ ਆਉਂਦਾ ਸੀ, ਇਕ ਜਾਂਦਾ ਸੀ ਤੇ ਉਹ ਇੰਨਾ ਹੀ ਕਹਿ ਸਕਿਆ, “ਯੂ ਕੈਰੀ ਔਨ ਪਲੀਜ਼!”

“ਜਿਨ੍ਹਾਂ ਨੂੰ ਤੁਸੀਂ ‘ਤੁਹਾਡੇ ਕੰਮ ਤੋਂ ਜਾਣੂ ਲੋਕ’ ਕਹਿ ਕੇ ਢਾ਼ਲ ਵਜੋਂ ਵਰਤਣ ਦਾ ਯਤਨ ਕੀਤੈ, ਉਨ੍ਹਾਂ ਨੂੰ ਤੇ ਬਾਕੀ ਜਿਨ੍ਹਾਂ ਨੂੰ ਵੀ ਤੁਸੀਂ ਦੱਸਣਾ ਚਾਹੋ, ਇਹ ਜ਼ਰੂਰ ਦੱਸ ਦੇਣਾ ਕਿ ਕਿਸੇ ਵੀ ਫ਼ਿਲਮ ਵਿਚ ‘ਮੇਨ ਰੋਲ’ ਨਿਭਾਉਣ ਵਾ਼ਲੀ ਕੋਈ ਐਕਟਰੈੱਸ ਹੀ ਸਭ ਕੁੱਝ ਨਹੀਂ ਹੁੰਦੀ। ਯਾਨੀ

***⇒ ਬਾਕੀ ਅਗਲੇ ਸਫੇ ਉਤੇ ਪੜ੍ਹੋ***

ਪਿੰਡ ਵਸਿਆ (20)

**ਵਿਜੈ ਬੰਬੇਲੀ**
**ਫੋਨ: +91-9463439075**



# ਫਿਰੋਜ਼ਪੁਰੀ ਪਿੰਡਾਂ ਦੇ ਬਹਾਨੇ, ਪੰਜਾਬ ਦੇ ਪਿੰਡ

***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਫਿਰੋਜ਼ਪੁਰੀ ਪਿੰਡਾਂ ਦੇ ਬੰਨ੍ਹਣ ਦਾ ਸੰਖੇਪ ਜ਼ਿਕਰ...***

ਅਣਵੰਡੇ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦਾ ਮੁੱਢ-ਕਦੀਮ ਗਜ਼ਟੀਅਰ ਸੰਨ 1888-89 ਵਿੱਚ ਸਮੇਂ ਦੀ ਬ੍ਰਿਟਿਸ਼ ਸਰਕਾਰ ਵਲੋਂ ਲਿਖਿਆ-ਛਾਪਿਆ ਗਿਆ ਸੀ। ਦਰਜ ਕੀਤਾ ਗਿਆ, "ਫਿਰੋਜ਼ਪੁਰ ਸ਼ਹਿਰ, 1881 ਤੋਂ ਵੱਡੀ ਫੌਜੀ ਛਾਉਣੀ ਵੀ ਹੈ। ਉਦੋਂ ਸ਼ਹਿਰ ਦੀ ਵਸੋਂ ਤਾਂ ਕਰੀਬ ਦਸ ਹਜ਼ਾਰ ਸੀ, ਪਰ ਛਾਉਣੀ 'ਚ ਜੁਆਨਾਂ ਦੀ ਗਿਣਤੀ 39,570 ਹੈ। ਬਾਕੀ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਹੋਰ ਕੋਈ ਵੀ ਸ਼ਹਿਰ ਨਹੀਂ ਹੈ, ਪੰਜ ਕਸਬੇ ਕਹੇ ਜਾ ਸਕਦੇ ਹਨ। ਇਨ੍ਹਾਂ ਪੰਜ, ਹਿੰਦੂ-ਸਿੱਖ, ਪਰਗਨਿਆਂ (ਤਹਿਸੀਲਾਂ)- ਮੁਕਤਸਰ, ਫਾਜ਼ਿਲਕਾ, ਫਰੀਦਕੋਟ, ਜੀਰਾ ਅਤੇ ਮੋਗਾ ਵਿੱਚੋਂ ਮੁਕਤਸਰ ਤਹਿਸੀਲ ਦਾ ਜ਼ਿਆਦਾ ਇਲਾਕਾ ਨਵਾਬ ਮਮਦੋਟ ਦੀ ਜਗੀਰ ਸੀ, ਜਿਸ ਦੇ ਵਡੇਰੇ 1856 ਤੱਕ ਇਸ ਖਿੱਤੇ 'ਤੇ ਰਾਜ ਕਰਦੇ ਰਹੇ ਸਨ।" ਲਿਖਿਆ ਗਿਆ, "ਮੋਗਾ, (ਜਿਹੜਾ ਹੁਣ ਜ਼ਿਲ੍ਹਾ ਸਦਰ-ਮੁਕਾਮ ਹੈ), 1888 ਵਿੱਚ ਇੱਕ ਛੋਟੇ ਪਿੰਡ ਦੀ ਨਿਆਂਈ ਸੀ। ਇੱਥੇ ਕੋਈ ਵੀ ਘਰ ਜਾਂ ਦੁਕਾਨ ਪੱਕੀ ਨਹੀਂ ਸੀ। ਕੇਂਦਰੀ ਪਿੰਡ ਹੋਣ ਦੇ ਬਾਵਜੂਦ ਅਨਾਜ ਮੰਡੀ ਵੀ ਨਹੀਂ ਸੀ। ਮਗਰੋਂ ਮੋਗੇ ਪੁਲਿਸ ਅਤੇ ਆਹਲਾ ਅਧਿਕਾਰੀਆਂ ਲਈ ਇੱਕ ਪੱਕਾ ਅਰਾਮਘਰ ਜ਼ਰੂਰ ਬਣਾਇਆ ਗਿਆ। ਜੰਗੀ ਅਹਿਮੀਅਤ ਦੇ ਬਾਵਜੂਦ ਇੱਥੇ ਕੋਈ ਫੌਜੀ ਕੈਂਪਿੰਗ ਮੈਦਾਨ ਨਹੀਂ ਸੀ। ਹਾਂ, ਫੌਜ ਦੇ ਉਤਾਰੇ ਲਈ ਡਗਰੂ (ਪਿੰਡ) ਅਤੇ ਮਹਿਣੇ (ਪਿੰਡ) ਦੇ ਖੇਤਾਂ-ਮੈਦਾਨਾਂ ਨੂੰ ਵਰਤਿਆ ਜਾਂਦਾ ਸੀ।"

1855 ਵਿੱਚ ਇੱਕ ਅੰਗਰੇਜ਼ ਦਾਨਿਸ਼ਵਰ ਮਿਸਟਰ ਬ੍ਰੈਂਡਰਥ ਫਿਰੋਜ਼ਪੁਰ ਦੇ ਪਿੰਡ ਬੱਝਣ ਬਾਰੇ ਲਿਖਦਾ ਹੈ, "ਫਿਰੋਜ਼ਪੁਰ ਅਤੇ 'ਕਰੀਬ ਪੰਜਾਬ' ਦੇ ਕਈ ਪਿੰਡ ਲਗਭਗ ਉਨ੍ਹਾਂ ਦਿਨਾਂ ਵਿੱਚ ਹੀ ਬੱਝੇ ਸਨ।" ਉਸ ਅਨੁਸਾਰ, "ਜ਼ਿਲ੍ਹੇ ਦੇ ਬਹੁਤੇ ਪਿੰਡ 50-60 ਸਾਲ ਤੋਂ ਵੱਧ ਪੁਰਾਣੇ ਨਹੀਂ ਹਨ।" ਇਸ ਦਾ ਅਰਥ ਇਹ ਹੈ ਕਿ ਜ਼ਿਲ੍ਹੇ ਦੇ ਬਹੁਤੇ ਪਿੰਡ ਮਹਿਜ਼ ਦੋ-ਸਵਾ ਦੋ ਸੌ ਸਾਲ ਹੀ ਪੁਰਾਣੇ ਹਨ, ਜਿਹੜੇ ਕਿ ਸੰਨ 1800 ਤੋਂ ਬਾਅਦ ਹੀ ਬੱਝੇ-ਵਸੇ ਹੋਣਗੇ। ਉਸ ਮੁਤਾਬਿਕ, "ਫਿਰੋਜ਼ਪੁਰ ਜ਼ਿਲ੍ਹੇ ਵਿੱਚ ਧੜਵੈਲ ਰਾਜਪੂਤ ਅਤੇ ਡੋਗਰ ਜ਼ਬਰਦਸਤੀ ਜ਼ਮੀਨ ਉਤੇ ਕਬਜ਼ਾ ਕਰਕੇ ਪਹਿਲਕਿਆਂ ਨੂੰ ਭਜਾ-ਉਜਾੜ ਦਿੰਦੇ ਸਨ।" ਪਰ ਜੱਟ ਤੈਅ-ਸ਼ੁਦਾ ਤਰੀਕੇ ਨਾਲ ਪਿੰਡ ਬੰਨਦੇ ਸਨ। ਜਦੋਂ ਕਿਸੇ ਕਾਰਨ ਜ਼ਮੀਨ ਦੀ ਹੋਰ ਲੋੜ ਭਾਸਦੀ ਤਾਂ ਉਹ ਕਿਸੇ ਹੋਰ ਢੁੱਕਵੇਂ ਪਾਸੇ ਖਾਲੀ ਭੋਇੰ ਲੱਭ ਕੇ ਉਥੇ ਪਿੰਡ ਦੀ ਮੋੜ੍ਹੀ ਗੱਡਣ ਦਾ ਤਰੱਦਦ ਕਰਦੇ। ਅਕਸਰ ਉਹ ਰਾਜਨੀਤਿਕ ਪ੍ਰਬੰਧਕਾਂ ਨੂੰ ਵੀ ਇਤਲਾਹ ਦਿੰਦੇ ਕਿ ਉਨ੍ਹਾਂ ਦਾ ਇਰਾਦਾ ਇੱਥੇ ਪਿੰਡ ਬੰਨਣ ਦਾ ਹੈ।

ਉਨ੍ਹਾਂ ਦਿਨਾਂ ਵਿੱਚ ਇੱਕ 'ਕਾਰਦਾਰ' ਨਾਮੀ ਸਰਕਾਰੀ ਅਹੁਦਾ ਹੁੰਦਾ ਸੀ। 'ਕਾਰਦਾਰ' ਇਲਾਕੇ ਦਾ ਦੌਰਾ ਕਰਦਾ, ਮਿਸਲ ਤਿਆਰ ਕਰਦਾ ਅਤੇ ਸਰਕਾਰ ਮਾਲਕ ਨੂੰ ਇਤਲਾਹ ਦਿੰਦਾ, ਜਿਹੜਾ ਸੰਭਵ ਨਜ਼ਰਾਨਾ ਜਾਂ ਹਕੂਮਤ ਪ੍ਰਤੀ ਭਰੋਸੇਯੋਗਤਾ ਲੈ ਕੇ ਕੁੱਝ ਨਿਯਮਾਂ-ਸ਼ਰਤਾਂ ਤਹਿਤ ਪਿੰਡ ਬੰਨ੍ਹਣ ਦੀ ਇਜਾਜ਼ਤ ਦਿੰਦੀ। ਕਈ ਵਾਰ ਹਕੂਮਤ ਕਿਸੇ ਨੂੰ, ਖਾਸ ਕਰ ਖੇਤੀਹਾਰਾਂ ਨੂੰ (ਬਹੁਤੇ ਜੱਟ) ਕੋਈ ਵੱਡਾ ਭੋਇੰ-ਟੁਕੜਾ 'ਇਨਾਮ-ਸਤਿਕਾਰ' ਵਜੋਂ ਵੀ ਦੇ ਦਿੰਦੀ, ਜਿੱਥੇ ਪਿੰਡ ਉੱਗ ਆਉਂਦਾ, ਪਰ ਅੰਗਰੇਜ਼ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਵੀ ਪਹਿਲਾਂ ਪਿੰਡ ਅਕਸਰ ਸੀਨੇ ਦੇ ਜ਼ੋਰ ਨਾਲ ਬੰਨ੍ਹੇ ਜਾਂਦੇ ਸਨ। ਹਾਂ, ਪਿੰਡਾਂ ਦੇ ਪੈਰ ਮੂਮਨ ਖਾਲਸਾ ਰਾਜ ਵੇਲੇ ਹੀ ਲੱਗਣੇ ਸ਼ੁਰੂ ਹੋਏ, ਜਦ ਸਿਆਸੀ ਹਫੜਾ-ਦਫੜੀ ਦਾ ਦੌਰ ਖ਼ਤਮ ਹੋਇਆ, ਉਸ ਤੋਂ ਪਹਿਲਾਂ ਦਾ ਸਮਾਂ ਤਾਂ ਮਹਿਜ਼ ਖੋਹ-ਖਿੰਝ ਦਾ ਹੀ ਸੀ।

ਪਿੰਡ ਬੰਨ੍ਹਣ ਦੀ ਇੱਕ ਵਿਸ਼ੇਸ ਰਸਮ ਹੁੰਦੀ। ਸੰਭਵ ਹੱਦ ਤੀਕ ਨੇੜੇ-ਤੇੜੇ ਦੇ ਮੋਹਤਬਰਾਨ ਨੂੰ ਸੱਦਿਆ ਜਾਂਦਾ। ਪਿੰਡ, ਜਿਹੜਾ ਕਿ ਅਕਸਰ ਉੱਚੇ ਥਾਵੇਂ ਬੰਨ੍ਹਿਆ ਜਾਂਦਾ, ਦੇ ਚੜ੍ਹਦੇ ਪਾਸੇ ਕਰੀਬ ਕੇਂਦਰ 'ਚ, ਕਿਸੇ ਚੀੜ੍ਹੇ ਦਰੱਖਤ ਦੀ ਨਰੋਈ ਪਰ ਜਿਉਂਦੀ ਮੋੜ੍ਹੀ ਗੱਡੀ ਜਾਂਦੀ, ਜਿਹੜੀ ਅਕਸਰ ਹਰੀ ਹੋ ਜਾਂਦੀ। ਇਹ ਮੋੜ੍ਹੀ ਕੋਈ 5-7 ਹੱਥ ਲੰਬੀ ਹੁੰਦੀ, ਜਿਸਨੂੰ ਅਧਿਆਤਮਿਕ ਰਸਮਾਂ ਨਾਲ ਦੋ-ਚਾਰ ਹੱਥ, ਸਮੱਗਰੀਆਂ ਨਾਲ ਲਬਰੇਜ਼, ਟੋਏ ਵਿੱਚ ਸਿੱਧਾ ਗੱਡ ਦਿੱਤਾ ਜਾਂਦਾ ਸੀ। ਇਸ ਦੇ ਜੜ੍ਹ ਫੜ੍ਹ ਜਾਣ ਨੂੰ ਬੇਹੱਦ ਸ਼ੁੱਭ ਸਮਝਿਆ ਜਾਂਦਾ; ਅਕਸਰ ਬਨਸਪਤ ਵਿਗਿਆਨ ਅਨੁਸਾਰ ਅਜਿਹਾ ਵਾਪਰਦਾ।

ਪਿੰਡ ਬੱਝਣ ਬਾਅਦ ਕਬਜ਼ਈ-ਜ਼ਮੀਂ ਨੂੰ ਸਮੱਰਥਾ ਜਾਂ ਕੁਨਬੇ/ਧੜੇ ਅਨੁਸਾਰ ਵੰਡ-ਵਿਹਾਜ਼ ਲਿਆ ਜਾਂਦਾ। ਫਿਰ ਅੱਡ-ਅੱਡ ਲੋੜਾਂ ਤਹਿਤ ਹੋਰ ਜਾਤੀ-ਧਰਮੀਂ ਅਤੇ ਕਿਸਬੀ ਲਿਆਏ-ਵਸਾਏ ਜਾਂਦੇ। ਕਈ ਸ਼ਿਲਪੀ-ਕਿਰਤੀ-ਸ਼ਾਹ ਜਾਂ ਪ੍ਰੋਹਿਤ, ਆਪਣੀ ਰੋਜ਼ੀ-ਰੋਟੀ ਜਾਂ ਮਹੱਤਤਾ ਹਿੱਤ ਖੁਦ ਆ ਵੱਸਦੇ। ਜ਼ਮੀਨੀ ਵੰਡ ਨੂੰ 'ਤਰਫ਼ੈਨ' ਕਿਹਾ ਜਾਂਦਾ ਸੀ, ਜਿਹੜਾ ਕਿ ਫਾਰਸੀ ਦਾ ਸ਼ਬਦ ਹੈ, ਜਿਸਦਾ ਅਰਥ ਹੈ- 'ਤਰਫ।' ਬਲਦਾਂ ਦੀ ਇੱਕ ਜੋਗ ਮਗਰ ਵੱਧ ਤੋਂ ਵੱਧ 15 ਕਿੱਲੇ ਭੋਇੰ ਮਿਲਦੀ। ਹੋਰ ਕੰਮ-ਕਾਜ਼ੀਆਂ ਨੂੰ ਕਿੰਨਾ ਥਾਂ ਦੇਣਾ ਹੈ, ਇਹ ਵੀ ਤੈਅ ਹੁੰਦਾ। ਇਸ 'ਤਰਫ਼ੈਨ' ਨੂੰ ਫਿਰ ਅਗਾਂਹ ਕੁਨਬਾ-ਮੁਖੀਆਂ ਦਾ ਨਾਂ ਦਿੱਤਾ ਜਾਂਦਾ, ਜਿਸਨੂੰ 'ਪੱਤੀਆਂ' ਆਖਿਆ ਜਾਂਦਾ।

ਮਗਰੋਂ, ਮਾਲ-ਪ੍ਰਬੰਧ ਵਜੋਂ ਹਰ ਪੱਤੀ ਜਾਂ ਜਾਤ-ਸਮੂਹ ਦੇ ਅੱਡ-ਅੱਡ 'ਨੰਬਰਦਾਰ' ਨਿਯੁਕਤ ਹੋਏ, ਜਿਹੜੇ ਹੁਣ ਵੀ ਹਨ। 'ਖੇਤੀ' ਕਿਸੇ ਵੀ ਪਿੰਡ ਦਾ ਆਹਲਾ ਧੁਰਾ ਸੀ ਅਤੇ ਖੇਤੀ ਦਾ ਮੁੱਖ ਸਰੋਤ ਜ਼ਮੀਨ ਸੀ। ਰਕਬੇ ਦੇ ਸੌਖੇ ਪ੍ਰਬੰਧ ਵਜੋਂ ਬ੍ਰਿਟਿਸ਼ ਸਾਮਰਾਜ ਵੇਲੇ ਜ਼ਮੀਨੀ ਬੰਦੋਬਸਤ ਹੋਏ। ਇਤਿਹਾਸਕ ਕਾਲਾਂ ਵਜੋਂ ਇਹ ਪੰਜ ਸਨ, ਜਿਹੜੇ ਵੱਖ-ਵੱਖ ਇਲਾਕਿਆਂ ਵਿੱਚ ਸਿਰੇ ਚੜ੍ਹੇ: ਪਹਿਲਾ- 1846 ਤੋਂ 1863 ਤੱਕ ਦਾ ਬੰਦੋਬਸਤ; ਦੂਜਾ- 1863-1871 (ਇਨ੍ਹਾਂ ਦੋਹਾਂ ਦਾ ਮੁੱਖ ਕਮਿਸ਼ਨਰ ਮਿਸਟਰ ਐਡਵਰਡ ਪ੍ਰਿੰਸ ਸੀ); ਤੀਜਾ- ਮਿਸਟਰ ਜੇਮਜ਼ ਲਾਇਲ ਅਧੀਨ 1871/1879-1889; ਚੌਥਾ- ਕਰਨਲ ਵੇਸ ਤਹਿਤ 1879 ਤੋਂ 1889 ਵਿੱਚ ਸੰਪਨ ਹੋਇਆ। ਆਖਰੀ ਦਾ ਸਮਾਂ 1889 ਉਪਰੰਤ ਹੈ। ਮੇਰੇ ਪਿੰਡ ਬੰਬੇਲੀ (ਹੁਸ਼ਿਆਰਪੁਰ) 'ਚ ਜ਼ਮੀਨੀ ਬੰਦੋਬਸਤ ਵੰਡ 1884 ਵਿੱਚ ਹੋਈ ਸੀ। ਸ਼ਾਇਦ ਤਾਹੀਓਂ ਬਾਬਾ ਕਹਿੰਦਾ ਹੁੰਦਾ ਸੀ, "ਸਹੀ ਮਾਇਨਿਆ ਵਿੱਚ ਤਾਂ ਸਾਡਾ ਪਿੰਡ 1884 'ਚ ਹੀ ਵਸਿਆ। ਪਹਿਲਾਂ ਤਾਂ ਐਂਵੇ...!"



ਫਿਰੋਜ਼ਪੁਰ ਛਾਉਣੀ (ਹੁਸੈਨੀਵਾਲਾ) ਦਾ 'ਸ਼ਾਨ-ਏ-ਹਿੰਦ' ਗੇਟ

## ਅਖੌਤੀ ਨੈਤਿਕਤਾ

ਕੋਈ ਫ਼ਿਲਮ ਬਣਾਉਣ ਵਿਚ ਡਾਇਰੈਕਟਰ ਸਮੇਤ ਬਹੁਤ ਸਾਰੇ ਟੈਕਨੀਸ਼ੀਅਨਾਂ ਦੀ ਇਕ ਵੱਡੀ ਟੀਮ ਦੇ ਦਿਮਾਗ਼ ਲੱਗੇ ਹੁੰਦੇ ਨੇ। ਉਸ ਐਕਟਰੈੱਸ ਵਿਚਾਰੀ ਦਾ ਕੰਟਰੀਬਿਊਸ਼ਨ ਤਾਂ ਮਸਾਂ ਕੁੱਝ ਪਰਸੈਂਟ ਹੀ ਹੁੰਦਾ ਏ। ਇਸ ਲਈ, ਉਸ ਇਕੱਲੀ ਨੇ ਸਿਨੇਮਾ ਦੇ 'ਫਾਈਨ ਆਰਟ ਦੇ ਮਿਆਰ' ਦਾ ਕੀ ਵਿਗਾੜ-ਸੁਆਰ ਲੈਣਾ ਹੋਇਆ! ਹੁਣ ਤਾਂ ਸਮਝ ਹੀ ਗਏ ਹੋਵੋਗੇ?"

"ਜੀ ਬਿਲਕੁਲ ਚੰਨੀ ਹੌਂਡਾ ਜੀ। ਤੇ ਫਿਰ ਕਿਸੇ ਫ਼ਿਲਮ ਦੇ ਬੱਜਟ ਦਾ ਇਕ ਬਹੁਤ ਵੱਡਾ ਹਿੱਸਾ, ਉਸ 'ਵਿਚਾਰੀ ਐਕਟਰੈੱਸ' ਦੇ ਪਰਸ ਵਿਚ ਕਿਉਂ ਚਲਿਆ ਜਾਂਦੈ?"

"ਚੰਗਾ ਹੁੰਦਾ, ਤੁਸੀਂ ਇਹ ਸੁਆਲ, ਕਿਸੇ ਫ਼ਿਲਮ ਪ੍ਰੋਡਿਊਸਰ ਨੂੰ ਕੀਤਾ ਹੁੰਦਾ।"

"ਤੁਸੀਂ ਆਪਣੇ-ਆਪ ਨੂੰ 'ਆਈਟਮ ਗਰਲ' ਸਮਝਦੇ ਹੋ ਜਾਂ 'ਆਰਟਿਸਟ'?"

"ਇਨ੍ਹਾਂ ਦੋਹਾਂ ਵਿਚ ਕੀ ਫ਼ਰਕ ਏ ਚੌਬੇ ਜੀ?"

"ਤੁਸੀਂ 'ਐਕਟਿੰਗ' ਨੂੰ ਇਕ 'ਸੀਰੀਅਸ ਪ੍ਰੋਫੈਸ਼ਨ' ਮੰਨਦੇ ਹੋ?"

"ਹਾਂ, ਥੋੜ੍ਹਾ-ਬਹੁਤ, ਪਰ ਕਿਸੇ ਦਾ ਇੰਟਰਵਿਊ ਲੈਣ ਜਿੰਨਾ 'ਸੀਰੀਅਸ' ਨਹੀਂ।"

"ਤੁਸੀਂ ਕੀ ਸਮਝਦੇ ਹੋ ਕਿ ਤੁਹਾਡਾ 'ਜਿਸਮ' ਤੁਹਾਨੂੰ ਕਿਤੇ ਵੀ ਲੈ ਜਾਏਗਾ।"

"ਹੈਂ ਜੀ? ਮੈਂ ਤਾਂ ਇਹ ਸਮਝਦੀ ਰਹੀ ਕਿ ਮਨੁੱਖ ਆਪਣਾ ਜਿਸਮ, ਆਪ ਹੀ ਲਿਜਾਂਦਾ-ਲਿਆਉਂਦਾ ਏ।"

"ਕਹਿੰਦੇ ਨੇ ਕਿ ਤੁਹਾਡੀ ਵਜ੍ਹਾ ਨਾ਼ਲ ਹੀ ਭਾਰਤ ਵਿਚ 'ਪੋਰਨ' ਯਾਨੀ 'ਨੰਗੇਜ' ਦੇਖਣ ਵਾ਼ਲਿਆਂ ਦੀ ਗਿਣਤੀ ਬਹੁਤ ਵਧ ਗਈ ਏ। ਤੁਸੀਂ ਇਸ ਬਾਰੇ ਕੁੱਝ ਕਹੋਗੇ?"

"ਅੱਛਾ ਜੀ, ਪਹਿਲਾਂ ਇੱਥੇ ਲੋਕ ਕੱਪੜਿਆਂ ਸਣੇ ਹੀ ਨ੍ਹਾਉਂਦੇ-ਧੋਂਦੇ ਸੀ?"

"ਤੁਹਾਡਾ ਇੰਟਰਵਿਊ ਲੈਂਦਿਆਂ, ਮੇਰੀ ਨੈਤਿਕਤਾ ਤਾਂ ਭਿੱਟੀ ਨਹੀਂ ਜਾ ਰਹੀ?"

"ਪਹਿਲਾਂ ਤਾਂ ਇਹ ਦੇਖਣਾ ਪਊ ਕਿ ਇੰਟਰਵਿਊ ਲੈਣ ਵਾ਼ਲੇ ਅੰਦਰ 'ਨੈਤਿਕਤਾ' ਨਾਂ ਦੀ ਕੋਈ ਸ਼ੈਅ ਹੈ ਵੀ!"

⇒ **ਬਾਕੀ ਅਗਲੇ ਅੰਕ ਵਿੱਚ**

# ਅੱਵਲ ਨੰਬਰ ਦੀ ਨਿਸ਼ਾਨੇਬਾਜ਼ ਅਵਨੀਤ ਕੌਰ ਸਿੱਧੂ

ਲਿਆ। ਉਨ੍ਹਾਂ ਅਗਲੇ ਹੀ ਸਾਲ 2001 ਅਵਨੀਤ ਦੇ ਜਨਮ ਦਿਨ 'ਤੇ ਜਰਮਨੀ ਤੋਂ ਸਭ ਤੋਂ ਮਹਿੰਗੇ ਭਾਅ ਦੀ ਰਾਈਫਲ ਮੰਗਵਾ ਕੇ ਤੋਹਫਾ ਦਿੱਤਾ। 2002 ਵਿੱਚ ਅਵਨੀਤ ਨੇ ਪਹਿਲਾਂ ਸਟੇਟ ਜਿੱਤੀ ਅਤੇ ਫੇਰ ਕਾਲਜ ਵੱਲੋਂ ਖੇਡਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਚੈਂਪੀਅਨ ਬਣੀ। ਅਵਨੀਤ ਦੋ ਸਾਲ ਪੰਜਾਬ ਯੂਨੀਵਰਸਿਟੀ ਵੱਲੋਂ ਖੇਡਦਿਆਂ ਆਲ ਇੰਡੀਆ ਇੰਟਰ 'ਵਰਸਿਟੀ ਚੈਂਪੀਅਨ ਬਣੀ। ਅਵਨੀਤ ਬੀ.ਸੀ.ਏ. ਵਿੱਚ ਟਾਪਰ ਰਹੀ। ਫੇਰ ਉਸ ਨੇ ਮੁਕਤਸਰ ਵਿਖੇ ਪੰਜਾਬ ਯੂਨੀਵਰਸਿਟੀ ਦੇ ਰਿਜ਼ਨਲ ਕੈਂਪਸ ਵਿਖੇ ਅੰਗਰੇਜ਼ੀ ਦੀ ਐਮ.ਏ. ਵਿੱਚ ਦਾਖਲਾ ਲੈ ਲਿਆ।

ਸਾਲ 2006 ਵਿੱਚ ਮੈਲਬਰਨ ਵਿਖੇ ਰਾਸ਼ਟਰਮੰਡਲ ਖੇਡਾਂ ਹੋਣੀਆਂ ਸਨ ਅਤੇ ਹੈਦਰਾਬਾਦ ਵਿਖੇ ਭਾਰਤੀ ਟੀਮ ਦੇ ਟਰਾਇਲ ਚੱਲ ਰਹੇ ਸਨ। ਅਵਨੀਤ ਨੇ ਟਰਾਇਲਾਂ ਵਿੱਚ ਕ੍ਰਿਸ਼ਮਾ ਕਰਦਿਆਂ 400 ਵਿੱਚੋਂ 400 ਸਕੋਰ ਲੈ ਕੇ ਵਿਸ਼ਵ ਰਿਕਾਰਡ ਦੀ ਬਰਾਬਰੀ ਕੀਤੀ। ਮੈਲਬਰਨ ਰਾਸ਼ਟਰਮੰਡਲ ਖੇਡਾਂ ਵਿੱਚ ਅਵਨੀਤ ਨੇ 10 ਮੀਟਰ ਏਅਰ ਰਾਈਫਲ ਈਵੈਂਟ ਦੇ ਪੇਅਰ ਮੁਕਾਬਲੇ ਵਿੱਚ ਤੇਜੱਸਵਨੀ ਨਾਲ ਮਿਲ ਕੇ ਕੁੱਲ 791 ਸਕੋਰ ਨਾਲ ਸੋਨੇ ਦਾ ਤਮਗਾ ਫੁੰਡ ਲਿਆ। ਵਿਅਕਤੀਗਤ ਵਰਗ ਵਿੱਚ ਅਵਨੀਤ ਨੇ ਚਾਂਦੀ ਦਾ ਤਮਗਾ ਜਿੱਤਿਆ। ਜ਼ਗਰੇਬ ਵਿਖੇ ਹੋਈ 49ਵੀਂ ਵਿਸ਼ਵ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿੱਚ ਅਵਨੀਤ ਨੇ 400 ਵਿੱਚੋਂ 397 ਸਕੋਰ ਦੇ ਨਾਲ ਛੇਵਾਂ ਸਥਾਨ ਹਾਸਲ ਕਰਕੇ ਓਲੰਪਿਕ ਕੋਟਾ ਹਾਸਲ ਕਰ ਲਿਆ। ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋਣ ਵਾਲੀ ਉਹ ਪੰਜਾਬ ਦੇ ਖੇਡ ਇਤਿਹਾਸ ਦੀ ਪਹਿਲੀ ਮਹਿਲਾ ਨਿਸਾਨੇਬਾਜ਼ ਸੀ। ਸਾਲ ਦੇ ਅਖੀਰ ਵਿੱਚ ਦੋਹਾ ਵਿਖੇ ਏਸ਼ਿਆਈ ਖੇਡਾਂ ਵਿੱਚ ਅਵਨੀਤ ਨੇ 10 ਮੀਟਰ ਏਅਰ ਰਾਈਫਲ ਈਵੈਂਟ ਵਿੱਚ ਸਾਥੀ ਨਿਸ਼ਾਨੇਬਾਜ਼ ਤੇਜੱਸਵਨੀ ਤੇ ਸ਼ੁਮਾ ਸਿਰੂਰ ਨਾਲ ਮਿਲ ਕੇ 1181 ਸਕੋਰ ਨਾਲ ਕਾਂਸੀ ਦਾ ਤਮਗਾ ਜਿੱਤਿਆ। ਇਸ ਸਕੋਰ ਵਿੱਚ ਸਭ ਤੋਂ ਵੱਧ ਯੋਗਦਾਨ ਅਵਨੀਤ ਦਾ 396 ਸੀ।

ਸਾਲ 2007 ਵਿੱਚ ਅਵਨੀਤ ਨੇ ਗੁਹਾਟੀ ਵਿਖੇ ਕੌਮੀ ਖੇਡਾਂ ਵਿੱਚ ਪੰਜਾਬ ਲਈ ਦੋ ਚਾਂਦੀ ਦੇ ਤਮਗੇ ਜਿੱਤੇ। ਅਹਿਮਦਾਬਾਦ ਵਿਖੇ 51ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਅਵਨੀਤ ਨੇ ਅੰਜਲੀ ਨੂੰ ਹਰਾ ਕੇ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। ਸਾਲ 2008 ਵਿੱਚ ਅਵਨੀਤ ਨੇ ਸਿਡਨੀ ਵਿਖੇ ਹੋਏ ਏ.ਆਈ.ਐਸ.ਐਲ. ਆਸਟਰੇਲੀਆ ਕੱਪ ਵਿੱਚ ਸੋਨ ਤਮਗਾ ਫੁੰਡਿਆ। ਅਗਸਤ ਮਹੀਨੇ ਬੀਜਿੰਗ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਅਵਨੀਤ ਨੇ ਬੀਜਿੰਗ ਵਿਖੇ 10 ਮੀਟਰ ਏਅਰ ਰਾਈਫਲ ਅਤੇ 50 ਮੀਟਰ ਰਾਈਫਲ ਥ੍ਰੀ ਪੁਜੀਸ਼ਨ ਦੋ ਈਵੈਂਟਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਉਹ ਪੰਜਾਬ ਦੀ ਪਹਿਲੀ ਮਹਿਲਾ ਨਿਸ਼ਾਨੇਬਾਜ਼ ਓਲੰਪੀਅਨ ਬਣੀ।

ਅਵਨੀਤ ਨੇ ਲਗਾਤਾਰ ਚਾਰ ਵਾਰ ਹੋਈਆਂ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਚੈਂਪੀਅਨ ਬਣਦਿਆਂ ਕੁੱਲ 14 ਤਮਗੇ ਜਿੱਤੇ, ਜਿਸ ਵਿੱਚ ਅੱਠ ਸੋਨੇ, ਪੰਜ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ ਸ਼ਾਮਲ ਸੀ। 2017 ਵਿੱਚ ਲਾਸ ਏਂਜਲਸ ਵਿਖੇ ਵਿਸ਼ਵ ਪੁਲਿਸ ਖੇਡਾਂ ਵਿੱਚ ਅਵਨੀਤ ਨੇ ਇੱਕ ਸੋਨੇ, ਦੋ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ। ਅਵਨੀਤ ਨੇ ਆਪਣੇ ਡੇਢ ਦਹਾਕਾ ਖੇਡ ਕਰੀਅਰ ਦੌਰਾਨ 100 ਤੋਂ ਵੱਧ ਕੌਮੀ ਤੇ ਕੌਮਾਂਤਰੀ ਤਮਗੇ ਜਿੱਤੇ ਹਨ। ਅਵਨੀਤ ਨੂੰ ਸਾਲ 2007 ਵਿੱਚ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਅਤੇ ਸਾਲ 2008 ਵਿੱਚ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਨਾਲ ਸਨਮਾਨਤ ਕੀਤਾ। ਫਿਲੌਰ ਵਿਖੇ ਪੁਲਿਸ ਟਰੇਨਿੰਗ ਦੇ ਐਵਾਰਡ ਸਮਾਰੋਹ ਦੌਰਾਨ ਅਵਨੀਤ ਨੂੰ 'ਆਲ ਰਾਊਂਡ ਫਸਟ ਇਨ ਟਰੇਨਿੰਗ' ਚੁਣਿਆ ਗਿਆ ਅਤੇ ਸਨਮਾਨ ਵਿੱਚ ਉਸ ਨੂੰ 'ਸਵੌਰਡ ਆਫ ਆਨਰ' ਭਾਵ ਕਿਰਪਾਨ ਮਿਲੀ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੁਰਬ ਮੌਕੇ ਸਨਮਾਨਤ ਕੀਤੇ 550 ਪੰਜਾਬੀਆਂ ਵਿੱਚ ਅਵਨੀਤ ਵੀ ਸ਼ਾਮਲ ਸੀ। ਹੁਣ ਉਸ ਨੂੰ ਮੁੱਖ ਮੰਤਰੀ ਮੈਡਲ ਮਿਲਿਆ ਹੈ।



**ਅਵਨੀਤ ਦੇ ਪਿਤਾ ਨੇ ਸਾਲ 2001 ਵਿੱਚ ਉਸ ਦੇ ਜਨਮ ਦਿਨ 'ਤੇ ਜਰਮਨੀ ਤੋਂ ਸਭ ਤੋਂ ਮਹਿੰਗੇ ਭਾਅ ਦੀ ਰਾਈਫਲ ਮੰਗਵਾ ਕੇ ਤੋਹਫਾ ਦਿੱਤਾ। 2002 ਵਿੱਚ ਅਵਨੀਤ ਨੇ ਪਹਿਲਾਂ ਸਟੇਟ ਜਿੱਤੀ ਅਤੇ ਫੇਰ ਕਾਲਜ ਵੱਲੋਂ ਖੇਡਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਚੈਂਪੀਅਨ ਬਣੀ। ਅਵਨੀਤ ਦੋ ਸਾਲ ਪੰਜਾਬ ਯੂਨੀਵਰਸਿਟੀ ਵੱਲੋਂ ਖੇਡਦਿਆਂ ਆਲ ਇੰਡੀਆ ਇੰਟਰ 'ਵਰਸਿਟੀ ਚੈਂਪੀਅਨ ਬਣੀ।**

# ਦੋ ਦਿਲ, ਇੱਕ ਧੜਕਣ

ਵਿਗਿਆਨ ਗਲਪ ਕਹਾਣੀ

ਡਾ. ਡੀ.ਪੀ. ਸਿੰਘ, ਕੈਨੇਡਾ
drdpsn@hotmail.com





ਸਰਦੀ ਦੀ ਰੁੱਤ ਸੀ। ਦਸੰਬਰ ਦੀ ਇੱਕ ਸਰਦ ਸਵੇਰ। ਉਸ ਦਿਨ ਡਾ. ਸਾਮੰਥਾ ਕਾਰਟਰ ਨੇ ਨਾਰਥਵੈਸਟਰਨ ਮੈਮੋਰੀਅਲ ਹਸਪਤਾਲ, ਸ਼ਿਕਾਗੋ ਵਿਖੇ ਆਪਣੇ ਡਾਕਟਰੀ ਜੀਵਨ ਦਾ ਸਭ ਤੋਂ ਅਹਿਮ ਅਪ੍ਰੇਸ਼ਨ ਕੀਤਾ। ਤੀਹ ਸਾਲਾ ਗੋਰਾ ਡੈਨੀਅਲ ਹਾਰਪਰ ਇੱਕ ਨਿਵੇਸ਼ ਬੈਂਕਰ ਸੀ। ਜੋ ਅਕਸਰ ਸੂਟਿਡ-ਬੂਟਿਡ ਰਹਿੰਦਾ ਸੀ, ਪਰ ਜ਼ਬਾਨ ਦਾ ਕਾਫ਼ੀ ਤਲਖ਼ ਸੀ। ਉਸ ਦਿਨ ਉਹ ਹਸਪਤਾਲ ਵਿਖੇ ਓਪਰੇਟਿੰਗ ਟੇਬਲ ਉੱਤੇ ਬੇਹੋਸ਼ ਪਿਆ ਸੀ। ਗੰਭੀਰ ਹਰਟ-ਅਟੈਕ ਦੀ ਹਾਲਾਤ ਵਿਚ ਉਸ ਨੂੰ ਇੱਥੇ ਲਿਆਂਦਾ ਗਿਆ ਸੀ। ਲੋੜ ਸੀ ਉਸ ਦੇ ਨਾਕਾਮ ਹੋ ਚੁੱਕੇ ਦਿਲ ਨੂੰ ਬਦਲਣ ਦੀ।

ਡੈਨੀਅਲ ਦੀ ਚੰਗੀ ਕਿਸਮਤ ਨੂੰ ਉਸੇ ਦਿਨ ਹਸਪਤਾਲ ਵਿਚ ਏਲੀਯਾਹ ਬਰੂਕਸ ਦੀ ਲਾਸ਼ ਪਹੁੰਚੀ ਸੀ, ਜਿਸ ਦੀ ਕੁਝ ਦੇਰ ਪਹਿਲਾਂ ਹੀ ਇੱਕ ਮੋਟਰਸਾਈਕਲ ਦੁਰਘਟਨਾ ਵਿੱਚ ਦੁਖਦਾਈ ਮੌਤ ਹੋ ਗਈ ਸੀ। ਏਲੀਯਾਹ ਬਰੂਕਸ, ਕਾਲੀ ਨਸਲ ਦਾ ਇੱਕ 19 ਸਾਲਾ ਕਲਾਕਾਰ ਸੀ। ਹਸਪਤਾਲ ਦੀ ਮੈਡੀਕਲ ਨੈਤਿਕਤਾ ਕਮੇਟੀ ਨੇ ਇਸੇ ਨੌਜੁਆਨ ਦਾ ਦਿਲ ਡੈਨੀਅਲ ਹਾਰਪਰ ਨੂੰ ਲਗਾਉਣ ਦਾ ਫੈਸਲਾ ਕੀਤਾ ਸੀ।

ਏਲੀਯਾਹ ਬਰੂਕਸ ਦਾ ਨਰੋਆ ਦਿਲ ਡੈਨੀਅਲ ਹਾਰਪਰ ਨੂੰ ਨਵੀਂ ਜ਼ਿੰਦਗੀ ਦੇਣ ਜਾ ਰਿਹਾ ਸੀ।

---

ਜਿਵੇਂ ਹੀ ਉਹ ਏਲੀਯਾਹ ਦੇ ਦਿਲ ਨੂੰ ਨਵੇਂ ਸਰੀਰ ਵਿਚ ਲਗਾਉਣ ਲਈ ਤਿਆਰ ਕਰ ਰਹੀ ਸੀ ਤਾਂ ਡਾ. ਸਾਮੰਥਾ ਦੇ ਸਰਜੀਕਲ ਸਹਾਇਕ ਡਾਕਟਰ ਪਟੇਲ ਨੇ ਫੁਸਫੁਸਾਹਟ ਭਰੀ ਆਵਾਜ਼ ਵਿਚ ਉਸ ਨੂੰ ਪੁੱਛਿਆ, “ਸੈਮ! ਕੀ ਤੁਹਾਨੂੰ ਯਕੀਨ ਹੈ ਕਿ ਡੈਨੀਅਲ ਹਾਰਪਰ ਲਈ ਇਹ ਦਿਲ ਸਹੀ ਰਹੇਗਾ? ਅਜਿਹਾ ਓਪਰੇਸ਼ਨ ਬਹੁਤ ਹੀ ਮੁਸ਼ਕਲ ਹੋਣ ਦਾ ਅੰਦਾਜ਼ਾ ਹੈ।”

“ਹੁਣ ਹੋਰ ਸੋਚਣ ਦਾ ਸਮਾਂ ਨਹੀਂ ਹੈ,” ਸਮੰਥਾ ਦਾ ਦ੍ਰਿੜਤਾ ਭਰਪੂਰ ਜਵਾਬ ਸੀ। “ਸਾਡਾ ਕੰਮ ਇਹ ਨਹੀਂ ਕਿ ਕਿਸ ਦਾ ਦਿਲ ਕਿਸ ਨੂੰ ਦੇਣਾ ਹੈ; ਸਾਡਾ ਕੰਮ ਤਾਂ ਬੱਸ ਜਾਨ ਬਚਾਉਣਾ ਹੈ।”

ਸਫਲ ਸਰਜਰੀ ਦੀ ਬਦੌਲਤ ਡੈਨੀਅਲ ਬਚ ਗਿਆ। ਪਰ ਉਸ ਲਈ ਜ਼ਿੰਦਗੀ ਦਾ ਇਹ ਦੂਜਾ ਮੌਕਾ ਇੰਝ ਜ਼ਾਹਿਰ ਹੋਵੇਗਾ ਇਸ ਬਾਰੇ ਕਿਸੇ ਨੇ ਵੀ ਨਹੀਂ ਸੋਚਿਆ ਸੀ।

---

ਪਹਿਲੀ ਤਬਦੀਲੀ ਓਪਰੇਸ਼ਨ ਤੋਂ ਛੇ ਹਫ਼ਤਿਆਂ ਬਾਅਦ ਨਜ਼ਰ ਆਈ। ਡੈਨੀਅਲ, ਜੋ ਆਪਣੇ ਨਿਵੇਸ਼ ਕਰੀਅਰ ਤੋਂ ਬਾਹਰ ਕਿਸੇ ਵੀ ਚੀਜ਼ ਵਿਚ ਕੋਈ ਰੁਚੀ ਨਹੀਂ ਸੀ ਰੱਖਦਾ, ਨੇ ਸਕੈਚਿੰਗ ਸ਼ੁਰੂ ਕਰ ਲਈ। ਸਿਹਤਯਾਬੀ ਦੇ ਅਰਸੇ ਦੌਰਾਨ ਪਹਿਲਾਂ ਪਹਿਲ ਤਾਂ ਇਹ ਬੇਢੰਗੀ ਜਿਹੀ ਚਿੱਤਰਕਾਰੀ ਹੀ ਸੀ, ਪਰ ਜਲਦੀ ਹੀ ਉਸ ਦੀ ਕਲਾ ਵਧੇਰੇ ਸੁਚੱਜੀ ਅਤੇ ਭਾਵਨਾਵਾਂ ਦਾ ਵਿਸਥਾਰਪੂਰਣ ਚਿੱਤਰਣ ਕਰਨ ਵਾਲੀ ਹੋ ਗਈ।

ਇੱਕ ਦਿਨ, ਜਦੋਂ ਉਸ ਨੇ ਚਾਰਕੋਲ ਨਾਲ ਇੱਕ ਕਾਲੀ ਔਰਤ, ਜਿਸ ਨੂੰ ਉਹ ਜਾਣਦਾ ਵੀ ਨਹੀਂ ਸੀ, ਦਾ ਖ਼ੂਬਸੂਰਤ ਚਿੱਤਰ ਮੁਕੰਮਲ ਹੀ ਕੀਤਾ ਸੀ ਕਿ ਉਸ ਦੀ ਮੰਗੇਤਰ ਕਲੇਰ ਉਸ ਨੂੰ ਮਿਲਣ ਆ ਗਈ।

“ਡੈਨੀਅਲ...! ਤੂੰ ਕਦੋਂ ਤੋਂ ਇਸ ਤਰ੍ਹਾਂ ਦੀ ਖ਼ੂਬਸੂਰਤ ਚਿੱਤਰਕਾਰੀ ਕਰ ਰਿਹਾ ਹੈਂ?” ਉਸ ਨੇ ਹੈਰਾਨ ਹੋ ਕੇ ਪੁੱਛਿਆ।

“ਮੈਨੂੰ ਨਹੀਂ ਪਤਾ। ਇਹ ਬੱਸ... ਇਹ ਆਪਣੇ ਆਪ ਹੀ ਜਨਮ ਲੈ ਲੈਂਦੀ ਹੈ,” ਉਹ ਸਕੈਚ ਵੱਲ ਵੇਖਦਿਆਂ ਬੁੜਬੁੜਾਇਆ।

ਇਸ ਦੌਰਾਨ ਉਸ ਨੂੰ ਅਜਬ ਸੁਪਨੇ ਵੀ ਦਿਸਣੇ ਸ਼ੁਰੂ ਹੋ ਗਏ ਸਨ– ਬਿਲਕੁਲ ਸਾਫ਼ ਸਾਫ਼ ਪਰ ਮਨ ਹਿਲਾ ਦੇਣ ਵਾਲੇ। ਇਨ੍ਹਾਂ ਸੁਪਨਿਆਂ ਵਿੱਚ ਉਸ ਨੂੰ ਏਲੀਯਾਹ ਦੇ ਬਚਪਨ ਦੇ ਅੰਸ਼ ਨਜ਼ਰ ਆਉਂਦੇ ਸਨ: ਕਦੇ ਇੱਕ ਛੋਟਾ ਜਿਹਾ ਘਰ, ਕਦੇ ਕਿਸੇ ਬਗੀਚੇ ਵਿੱਚ ਹੋਰ ਬੱਚਿਆਂ ਸੰਗ ਹੱਸਦੇ ਹੋਏ, ਕਦੇ ਸਕੂਲ ਵਿੱਚ ਨਸਲਵਾਦ ਬਾਰੇ ਬਹਿਸ ਵਿਚ ਹਿੱਸਾ ਲੈਂਦੇ ਹੋਏ। ਡੈਨੀਅਲ ਨੂੰ ਅਜਿਹੀਆਂ ਭਾਵਨਾਵਾਂ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ, ਜੋ ਉਸ ਨੇ ਪਹਿਲਾਂ ਕਦੇ ਵੀ ਅਨੁਭਵ ਨਹੀਂ ਸਨ ਕੀਤੀਆਂ, ਜਿਵੇਂ ਕਿ ਨਸਲੀ ਵਿਤਕਰੇ ਉੱਤੇ ਗੁੱਸਾ। ਖਾਸਕਰ ਰੰਗਭੇਦ ਆਧਾਰਿਤ ਬੇਇਨਸਾਫ਼ੀ ਦਾ ਵਰਤਾਰਾ ਤਾਂ ਉਸ ਨੇ ਪਹਿਲਾਂ ਕਦੇ ਵੀ ਅਨੁਭਵ ਨਹੀਂ ਸੀ ਕੀਤਾ।

---

ਇੱਕ ਦਿਨ, ਇੱਕ ਡਿਨਰ ਪਾਰਟੀ ਦੌਰਾਨ ਉਸ ਦੇ ਸਾਥੀਆਂ ਵਿੱਚ ਅਚਾਨਕ ਨਸਲਵਾਦ ਦੇ ਵਿਸ਼ੇ ਬਾਰੇ ਚਰਚਾ ਛਿੜ ਪਈ। ਡੈਨੀਅਲ, ਆਮ ਕਰ ਕੇ ਅਜਿਹੀਆਂ ਚਰਚਾਵਾਂ ਤੋਂ ਪਰਹੇਜ਼ ਹੀ ਕਰਦਾ ਸੀ, ਪਰ ਇਸ ਵਾਰ ਉਹ ਚੁੱਪ ਨਾ ਰਹਿ ਸਕਿਆ।

“ਮੈਨੂੰ ਖਿਆਲ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਪਤਾ ਹੀ ਨਹੀਂ ਕਿ ਚਮੜੀ ਦੇ ਰੰਗ ਵਰਗੀ ਸਾਧਾਰਣ ਜਿਹੀ ਚੀਜ਼ ਕਾਰਨ ਲਗਾਤਾਰ ਵਿਤਕਰੇ ਦਾ ਸਾਹਮਣਾ ਕਰਨਾ ਕਿੰਨਾ ਬੁਰਾ ਲੱਗਦਾ ਹੈ,” ਉਸ ਨੇ ਗੁੱਸੇ ਭਰੇ ਅੰਦਾਜ਼ ਵਿੱਚ ਕਿਹਾ।

ਸਭ ਪਾਸੇ ਚੁੱਪ ਛਾ ਗਈ।

“ਕਦੋਂ ਤੋਂ ਤੂੰ ਅਜਿਹੀ ਸੋਚ ਦਾ ਧਾਰਨੀ ਹੋ ਗਿਆ ਹੈਂ?” ਉਸ ਦੇ ਸਾਥੀ ਗ੍ਰੇਗ ਦੇ ਬੋਲ ਸਨ।

“ਮੇਰਾ ਭਾਵ ਤਾਂ ਇਹ ਹੈ ਕਿ ਸ਼ਾਇਦ ਹੁਣ ਉਹ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਆਵਾਜ਼ਾਂ ਨੂੰ ਸੁਣੀਏ, ਜਿਨ੍ਹਾਂ ਨੂੰ ਅਸੀਂ ਲੰਮੇ ਅਰਸੇ ਤੋਂ ਨਜ਼ਰਅੰਦਾਜ਼ ਕਰਦੇ ਰਹੇ ਹਾਂ।”

ਡੈਨੀਅਲ ਨੇ ਮਹਿਸੂਸ ਕੀਤਾ ਕਿ ਏਲੀਯਾਹ ਦੀ ਆਵਾਜ਼ ਉਸ ਦੇ ਦਿਲ ਵਿੱਚੋਂ ਆਪਣੇ ਆਪ ਬਾਹਰ ਆ ਰਹੀ ਸੀ। ਉਸ ਦੇ ਇਨ੍ਹਾਂ ਵਿਚਾਰਾਂ ਕਾਰਨ ਉਸ ਨੂੰ ਨਾ ਸਿਰਫ਼ ਸਮਾਜਿਕ ਵਿਰੋਧ ਦਾ ਸਾਹਮਣਾ ਹੀ ਕਰਨਾ ਪਿਆ, ਸਗੋਂ ਉਸ ਦੇ ਅੰਦਰ ਵੀ ਇੱਕ ਕਸ਼ਮਕਸ਼ ਚਲਣੀ ਸ਼ੁਰੂ ਹੋ ਗਈ ਸੀ। ਉਸ ਨੇ ਮਨ ਵਿੱਚ ਵਿਚਾਰਾਂ ਦੀ ਉਥਲ-ਪੁਥਲ ਵਾਪਰਨ ਲੱਗ ਪਈ ਸੀ। ਏਲੀਯਾਹ ਦੀ ਸੋਚ ਉਸ ਦੇ ਵਿਚਾਰਾਂ ਉੱਤੇ ਸਵਾਲ ਉਠਾਉਣ ਲੱਗ ਪਈ ਸੀ।

---

ਇੱਕ ਸ਼ਾਮ ਜਦੋਂ ਉਹ ਇੱਕ ਕਲਾ ਪ੍ਰਦਰਸ਼ਨੀ ਦੇਖਣ ਗਿਆ ਤਾਂ ਇਸ ਪ੍ਰਦਰਸ਼ਨੀ ਵਿਚ ਡੈਨੀਅਲ ਏਲੀਯਾਹ ਦੇ ਅਧੂਰੇ ਕੰਮਾਂ ਦੀ ਨੁਮਾਇਸ਼ ਦੇਖ ਉਹ ਬਹੁਤ ਉਦਾਸ ਹੋ ਗਿਆ। ਏਲੀਯਾਹ ਦੀ ਸਜੀਵ ਤੇ ਆਸ਼ਾਵਾਦੀ ਕਲਾ ਨੂੰ ਦੇਖ ਕੇ ਡੈਨੀਅਲ ਖੁਦ ਨੂੰ ਜ਼ਿੰਦਾ ਪਰ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਸੀ।

ਉਸ ਸਮੇਂ ਜਦ ਉਹ ਪ੍ਰਦਰਸ਼ਨੀ ਹਾਲ ਦੀ ਕੰਧ ਉੱਤੇ ਲੱਗੇ ਇੱਕ ਵਿਸ਼ਾਲ ਚਿੱਤਰ ਸਾਹਮਣੇ ਖੜ੍ਹਾ ਸੀ, ਜਿਸ ਵਿੱਚ ਇੱਕ ਕਾਲਾ ਨੌਜਵਾਨ ਤਾਰਿਆਂ ਵੱਲ ਝਾਕ ਰਿਹਾ ਸੀ, ਉਸ ਨੂੰ ਏਲੀਯਾਹ ਦੀ ਆਵਾਜ਼ ਸਾਫ਼-ਸਾਫ਼ ਸੁਣਾਈ ਦਿੱਤੀ: “ਨਸਲੀ ਵਿਤਕਰਾ ਖਤਮ ਕਰੋ।”



“ਇਹ ਕੌਣ ਬੋਲ ਰਿਹਾ ਹੈ?” ਬੋਲਦਿਆਂ ਡੈਨੀਅਲ ਆਲੇ-ਦੁਆਲੇ ਝਾਕਿਆ।

“ਤੁਹਾਡੇ ਕੋਲ ਮੇਰਾ ਦਿਲ ਹੈ, ਪਰ ਤੁਸੀਂ ਇਸ ਦੀ ਵਰਤੋਂ ਨਹੀਂ ਕਰ ਰਹੇ। ਜ਼ਰਾ ਇਸ ਦੇ ਜਜ਼ਬਾਤ ਨੂੰ ਵੀ ਸਮਝੋ।”

ਹੈਰਾਨ-ਪ੍ਰੇਸ਼ਾਨ ਡੈਨੀਅਲ ਮਾਰੇ ਡਰ ਦੇ ਚੀਖ ਉੱਠਿਆ। ਓਲੇ-ਦੁਆਲੇ ਖੜ੍ਹੇ ਦਰਸ਼ਕ ਉਸ ਵੱਲ ਚਿੰਤਾ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ। ਉਸ ਦੀ ਦੋਸਤ, ਕਲੇਰ ਨੇ ਉਸ ਨੂੰ ਸਹਾਰਾ ਦੇ ਪ੍ਰਦਰਸ਼ਨੀ ਹਾਲ ਵਿਚੋਂ ਬਾਹਰ ਲੈ ਆਂਦਾ।

“ਡੈਨੀਅਲ, ਕੀ ਹੋਇਆ?” ਉਸ ਨੇ ਪੁੱਛਿਆ।

“ਮੈਂ... ਮੈਨੂੰ ਲੱਗ ਰਿਹਾ ਹੈ ਕਿ ਇਹ ਏਲੀਯਾਹ ਹੈ। ਉਸ ਦਾ ਦਿਲ– ਇੰਝ ਲੱਗ ਰਿਹਾ ਹੈ ਕਿ ਜਿਵੇਂ ਉਹ ਅਜੇ ਵੀ ਇੱਥੇ ਹੈ, ਉਹ ਮੈਨੂੰ ਉਸ ਵਰਗਾ ਬਣਨ ਲਈ ਜ਼ੋਰ ਪਾ ਰਿਹਾ ਹੈ,” ਡੈਨੀਅਲ ਦੇ ਘਬਰਾਹਟ ਭਰੇ ਬੋਲ ਸਨ।

“ਤੈਨੂੰ ਡਾਕਟਰੀ ਮਦਦ ਦੀ ਲੋੜ ਹੈ,” ਬੋਲਦਿਆਂ ਕਲੇਅਰ ਦੀ ਆਵਾਜ਼ ਕੰਬ ਰਹੀ ਸੀ।

---

ਮਾਨਸਿਕ ਇਲਾਜ (ਥੈਰੇਪੀ) ਨਾਲ ਕੁਝ ਰਾਹਤ ਤਾਂ ਮਿਲੀ ਪਰ ਇਹ ਕੋਈ ਪੱਕਾ ਹੱਲ ਨਹੀਂ ਸੀ। ਡਾ. ਸਿਮੰਸ, ਜੋ ਇੱਕ ਮਨੋਵਿਗਿਆਨੀ ਸੀ, ਨੇ ਇਸ ਨੂੰ ‘ਟਰਾਂਸਪਲਾਂਟਡ ਮੈਮੋਰੀ’ ਵਜੋਂ ਦੱਸਿਆ। ਇਹ ਇੱਕ ਅਜਿਹਾ ਮਨੋਵਿਗਿਆਨਕ ਵਰਤਾਰਾ ਸੀ, ਜਿਸ ਅਨੁਸਾਰ ਅੰਗ ਪ੍ਰਾਪਤ ਕਰਨ ਵਾਲੇ ਵਿਚ, ਅੰਗ-ਦਾਨੀ ਦੇ ਗੁਣ ਪੈਦਾ ਹੋ ਜਾਂਦੇ ਹਨ।

“ਮੈਨੂੰ ਨਹੀਂ ਜਾਪਦਾ ਕਿ ਇਹ ਸਿਰਫ ਮਨੋਵਿਗਿਆਨਕ ਗੱਲ ਹੈ,” ਡੈਨੀਅਲ ਨੇ ਇੱਕ ਥੈਰੇਪੀ ਸੈਸ਼ਨ ਵਿੱਚ ਕਿਹਾ। “ਇੰਝ ਮਹਿਸੂਸ ਹੁੰਦਾ ਹੈ, ਜਿਵੇਂ... ਉਹ ਮੇਰੇ ਨਾਲ ਇਹ ਸਰੀਰ ਸਾਂਝਾ ਕਰ ਰਿਹਾ ਹੈ।”

“ਪਰ ਤੁਸੀਂ ਇਸ ਬਾਰੇ ਕੀ ਕਰ ਸਕਦੇ ਹੋ?” ਡਾ. ਸਿਮੰਸ ਨੇ ਪੁੱਛਿਆ।

ਡੈਨੀਅਲ ਸੋਚਾਂ ਵਿੱਚ ਡੁੱਬ ਗਿਆ।

---

ਤਦ ਹੀ ਡੈਨੀਅਲ ਨੇ ਏਲੀਯਾਹ ਦੀ ਦੁਨੀਆਂ ਨੂੰ ਜਾਨਣ ਲਈ ਯਤਨ ਸ਼ੁਰੂ ਕਰ ਲਏ। ਉਸ ਦੇ ਪਰਿਵਾਰ ਨੂੰ ਮਿਲਣਾ ਸ਼ੁਰੂ ਕੀਤਾ। ਉਨ੍ਹਾਂ ਥਾਵਾਂ ਦਾ ਦੌਰਾ ਕੀਤਾ, ਜਿਨ੍ਹਾਂ ਨੂੰ ਏਲੀਯਾਹ ਨੇ ਪੇਂਟ ਕੀਤਾ ਸੀ। ਉਸ ਨੇ ਆਪਣੇ (ਗੋਰੇ ਰੰਗ ਦੀ ਬਦੌਲਤ ਪ੍ਰਾਪਤ) ਵਿਸ਼ੇਸ਼ ਅਧਿਕਾਰਾਂ ਦੀ ਤਲਖ ਹਕੀਕਤ ਜਾਨਣ ਲਈ ਏਲੀਯਾਹ ਦੇ ਦਿਲ ਦੀ ਵਰਤੋਂ ਕੀਤੀ। ਉਸ ਨੇ ਅਜਿਹੇ ਚਿੱਤਰ ਤਿਆਰ ਕੀਤੇ, ਜੋ ਏਲੀਯਾਹ ਦੀ ਕਹਾਣੀ ਨੂੰ ਬਿਆਨ ਕਰਦੇ ਸਨ। ਆਪਣੇ ਚਿੱਤਰਾਂ ਵਿਚ ਉਸ ਨੇ ਨਸਲਵਾਦ ਅਤੇ ਅਸਮਾਨਤਾ ਦੇ ਮੁੱਦਿਆਂ ਨੂੰ ਬਿਆਨ ਕੀਤਾ।

ਹੁਣ ਡੈਨੀਅਲ ਨੇ ਸਵੈ-ਪਛਾਣ ਦੇ ਦਵੈਤ ਨੂੰ ਅਪਣਾ, ਦੁਵਿਧਾ ਉੱਤੇ ਕਾਬੂ ਪਾ ਲਿਆ ਸੀ। ਇੱਕ ਰਾਤ ਏਲੀਯਾਹ ਦੇ ਤਾਰਿਆਂ ਵੱਲ ਝਾਕਣ ਵਾਲੇ ਚਿੱਤਰ ਨੂੰ ਪੂਰਾ ਕਰਦੇ ਹੋਏ, ਉਹ ਫੁਸਫੁਸਾਇਆ, “ਮੈਂ ਹੁਣ ਜਾਣ ਗਿਆ ਹਾਂ ਕਿ ਇਹ ਦੂਜਾ ਮੌਕਾ ਸਿਰਫ਼ ਮੇਰਾ ਹੀ ਨਹੀਂ ਹੈ। ਇਹ ਸਾਡੇ ਦੋਨਾਂ ਦਾ ਹੀ ਦੂਸਰਾ ਮੌਕਾ ਹੈ।”

ਹਰ ਰੋਜ਼ ਵਾਪਰਣ ਵਾਲੀ ਫੁਸਫੁਸਾਹਟ ਹੁਣ ਬੰਦ ਹੋ ਗਈ ਸੀ। ਇਸ ਲਈ ਨਹੀਂ ਕਿ ਏਲੀਯਾਹ ਚਲਾ ਗਿਆ ਸੀ, ਪਰ ਇਸ ਲਈ ਕਿਉਂਕਿ ਡੈਨੀਅਲ ਨੇ ਹੁਣ ਇਸ ਤੋਂ ਪ੍ਰੇਸ਼ਾਨ ਹੋਣਾ ਛੱਡ ਦਿੱਤਾ ਸੀ। ਹੁਣ ਉਹ ਦੋਨੋਂ ਇੱਕ ਹੋ ਚੁੱਕੇ ਸਨ।

---

ਕੁਝ ਮਹੀਨਿਆਂ ਬਾਅਦ ਡੈਨੀਅਲ ਨੇ “ਦੋ ਦਿਲ, ਇੱਕ ਧੜਕਣ” (Two Hearts, One beat) ਨਾਮੀ ਇੱਕ ਚਿੱਤਰ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਇਸ ਵਿਚ ਏਲੀਯਾਹ ਦੇ ਅਧੂਰੇ ਚਿੱਤਰਾਂ ਅਤੇ ਡੈਨੀਅਲ ਦੀਆਂ ਨਵੀਆਂ ਕਲਾ-ਕ੍ਰਿਤਾਂ ਸ਼ਾਮਿਲ ਸਨ। ਪ੍ਰਦਰਸ਼ਨੀ ਦੇ ਪਹਿਲੇ ਹੀ ਦਿਨ ਬਹੁਤ ਸਾਰੇ ਲੋਕ ਇਸ ਨੂੰ ਦੇਖਣ ਆਏ, ਜਿਸ ਨਾਲ ਕਲਾ, ਪਛਾਣ ਅਤੇ ਨਸਲਵਾਦ ਵਰਗੇ ਮੁੱਦੇ ਆਮ ਚਰਚਾ ਦਾ ਵਿਸ਼ਾ ਬਣ ਗਏ।

ਜਿਵੇਂ ਹੀ ਡੈਨੀਅਲ ਇੱਕ ਚਿੱਤਰ ਨੇੜੇ ਖੜ੍ਹਾ ਸੀ, ਇੱਕ ਕਾਲਾ ਨੌਜਵਾਨ ਉਸ ਕੋਲ ਆਇਆ। “ਡੈਨੀਅਲ, ਕੀ ਇਹ ਤੇਰੀ ਪੇਂਟਿੰਗ ਹੈ?”

“ਇਹ ਸਾਡੀ ਪੇਂਟਿੰਗ ਹੈ,” ਡੈਨੀਅਲ ਨੇ ਮੁਸਕਰਾ ਕੇ ਕਿਹਾ।

ਨੌਜਵਾਨ ਮੁਸਕਰਾ ਪਿਆ ਅਤੇ ਉਸ ਪੁੱਛਿਆ, “ਕੀ ਤੁਸੀਂ ਮੈਨੂੰ ਕਦੇ ਇਸ ਤਰ੍ਹਾਂ ਦਾ ਪੇਂਟ ਕਰਨਾ ਸਿਖਾ ਸਕਦੇ ਹੋ?”

“ਬਿਲਕੁਲ,” ਜਵਾਬ ਦਿੰਦਿਆਂ ਡੈਨੀਅਲ ਦਾ ਦਿਲ, ਸੱਚ ਉਸ ਦਾ ਅਤੇ ਏਲੀਯਾਹ ਦਾ ਦਿਲ, ਖ਼ੁਸ਼ੀ ਭਰਪੂਰ ਧੜਕ ਰਿਹਾ ਸੀ।

---

ਸ਼ਾਮ ਤਕ ਪ੍ਰਦਰਸ਼ਨੀ ਵਿਚ ਗਹਿਮਾ ਗਹਿਮੀ ਹੋ ਗਈ ਸੀ। ਏਲੀਯਾਹ ਦਾ ਪਰਿਵਾਰ, ਪ੍ਰਦਰਸ਼ਨੀ ਦੇ ਠੀਕ ਵਿਚਕਾਰ ਰੱਖੇ ਵੱਡੇ ਸਾਰੇ ਚਿੱਤਰ ਕੋਲ ਖੜ੍ਹਾ ਸੀ। ਉਹ ਸਾਰੇ ਹੀ ਏਲੀਯਾਹ ਦੀਆਂ ਕਲਾਕ੍ਰਿਤੀਆਂ ਬਾਰੇ ਲੋਕਾਂ ਦਾ ਉਤਸ਼ਾਹ ਦੇਖ ਸਪਸ਼ਟ ਰੂਪ ਵਿਚ ਪ੍ਰਭਾਵਿਤ ਨਜ਼ਰ ਆ ਰਹੇ ਸਨ। ਪੇਂਟਿੰਗ ਨੂੰ ਨਿਹਾਰਦਿਆਂ, ਏਲੀਯਾਹ ਦੀ ਮਾਂ ਲੀਨਾ ਦੀਆਂ ਅੱਖਾਂ ਭਰ ਆਈਆਂ।

“ਇੰਝ ਲੱਗ ਰਿਹਾ ਹੈ ਜਿਵੇਂ ਉਹ ਅੱਜ ਵੀ ਇੱਥੇ ਹੀ ਹੈ,” ਡੈਨੀਅਲ ਦੇ ਉਸ ਦੇ ਕੋਲ ਆਉਣ ਉੱਤੇ ਲੀਨਾ ਨੇ ਕਿਹਾ।

“ਉਹ ਇੱਥੇ ਹੀ ਹੈ,” ਬੋਲਦਿਆਂ ਡੈਨੀਅਲ ਦੀ ਆਵਾਜ਼ ਅਡੋਲ ਪਰ ਭਾਵੁਕ ਸੀ। “ਪੇਂਟਿੰਗ ਬੁਰਸ਼ ਦੀ ਹਰ ਛੋਹ, ਹਰ ਖਿਆਲ, ਇਹ ਸਭ ਉਸ ਦਾ ਹੀ ਪ੍ਰਗਟਾ ਹੈ, ਜਿਸ ਨੂੰ ਮੈਂ... ਸਾਕਾਰ ਰੂਪ ਦੇ ਰਿਹਾ ਹਾਂ।”

ਲੀਨਾ ਨੇ ਉਸ ਦਾ ਹੱਥ ਘੁੱਟ ਕੇ ਫੜ ਲਿਆ। “ਉਸ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ ਤੇਰਾ ਧੰਨਵਾਦ,” ਲੀਨਾ ਦੇ ਭਾਵੁਕ ਬੋਲ ਸਨ।

---

ਜਿਵੇਂ-ਜਿਵੇਂ ਸ਼ਾਮ ਢਲਦੀ ਗਈ, ਡੈਨੀਅਲ ਅਣਗਿਣਤ ਲੋਕਾਂ ਦੀਆਂ ਗੱਲਾਂਬਾਤਾਂ ਦਾ ਕੇਂਦਰ ਬਣ ਚੁੱਕਾ ਸੀ। ਪ੍ਰਦਰਸ਼ਨੀ ਵਿਖੇ ਜੀਵਨ ਦੇ ਲਗਭਗ ਹਰ ਖੇਤਰ ਦੇ ਲੋਕ, ਜਿਨ੍ਹਾਂ ਵਿਚ ਕਲਾਕਾਰ, ਕਾਰਿੰਦੇ ਤੇ ਕਾਰਪੋਰੇਟ ਪੇਸ਼ੇਵਰ ਵੀ ਸ਼ਾਮਿਲ ਸਨ, ਨੁਮਾਇਸ਼ੀ ਚਿੱਤਰਕਲਾ ਅਤੇ ਇਸ ਰਾਹੀਂ ਪ੍ਰਗਟਾਈਆਂ ਸੰਵੇਦਨਾਵਾਂ ਬਾਰੇ ਆਪਸੀ ਚਰਚਾ ਕਰ ਰਹੇ ਸਨ। ਕੁਝ ਲੋਕਾਂ ਨੇ ਡੈਨੀਅਲ ਦੇ ਕੰਮ ਦੀ ਕ੍ਰਾਂਤੀਕਾਰੀ ਪ੍ਰਗਟਾਵੇ ਵਜੋਂ ਪ੍ਰਸ਼ੰਸਾ ਕੀਤੀ; ਪਰ ਕਈ ਹੋਰਾਂ ਦਾ ਸਵਾਲ ਸੀ ਕਿ ਕੀ ਉਹ (ਗੋਰਾ ਵਿਅਕਤੀ), ਸੱਚਮੁੱਚ ਏਲੀਯਾਹ (ਕਾਲੇ ਨੌਜੁਆਨ) ਦੀ ਸੋਚ ਬਿਆਨ ਕਰ ਸਕਦਾ ਹੈ।

“ਕੀ ਤੂੰ ਇਹ ਮਹਿਸੂਸ ਨਹੀਂ ਕਰਦਾ ਕਿ ਤੂੰ ਉਸ ਦੀ ਆਵਾਜ਼ ਉੱਤੇ ਕਾਬਜ਼ ਹੋ ਰਿਹਾ ਹੈ। ਕੀ ਤੈਨੂੰ ਅਜਿਹਾ ਕਰਨ ਦਾ ਅਧਿਕਾਰ ਹੈ?” ਇੱਕ ਆਦਮੀ ਦੇ ਤਿੱਖੇ ਸਵਾਲ ਸਨ।

ਡੈਨੀਅਲ ਕੁਝ ਦੇਰ ਸੋਚਦਾ ਰਿਹਾ ਤੇ ਫਿਰ ਬੋਲਿਆ, “ਤੁਹਾਡਾ ਸਵਾਲ ਜਾਇਜ਼ ਹੈ। ਮੈਂ ਉਸ ਦੀ ਸੋਚ ਬਿਆਨ ਕਰਨ ਦਾ ਦਾਅਵਾ ਨਹੀਂ ਕਰ ਰਿਹਾ। ਮੈਂ ਸਿਰਫ਼ ਉਸ ਵਿਚਾਰ ਨੂੰ ਲੋਕਾਂ ਤਕ ਪਹੁੰਚਾਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਜੋ ਮੈਨੂੰ ਲੱਗਦਾ ਹੈ ਕਿ ਉਹ ਕਹਿਣਾ ਚਾਹੁੰਦਾ ਸੀ। ਮੈਂ ਇਸ ਨੂੰ ਅਣਦੇਖਾ ਨਹੀਂ ਸਾਂ ਕਰ ਸਕਦਾ– ਭਾਵੇਂ ਮੈਂ ਅਜਿਹਾ ਚਾਹੁੰਦਾ ਵੀ।”

ਉਸ ਆਦਮੀ ਨੇ ਡੈਨੀਅਲ ਵੱਲ ਪਲ ਕੁ ਲਈ ਇੱਕ ਟਕ ਦੇਖਿਆ, ਤੇ ਫਿਰ ਸਹਿਜਤਾ ਨਾਲ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ।

---

ਉਸ ਰਾਤ, ਜਿਵੇਂ ਹੀ ਲੋਕ ਵਾਪਸ ਜਾਣ ਲੱਗੇ, ਡੈਨੀਅਲ, ਏਲੀਯਾਹ ਦੇ ਚਿੱਤਰ ਦੇ ਸਾਹਮਣੇ ਇਕੱਲਾ ਖੜ੍ਹਾ ਸੀ। ਤਾਰਿਆਂ ਜੜ੍ਹੇ ਅੰਬਰ ਹੇਠਾਂ ਖੜ੍ਹਾ ਮੁੰਡਾ ਹੁਣ ਉਸ ਨੂੰ ਆਪਣਾ ਹੀ ਰੂਪ ਨਜ਼ਰ ਆ ਰਿਹਾ ਸੀ। ਇੱਕ ਛੋਟਾ ਜਿਹਾ ਰੂਪ, ਜੋ ਬਹੁਤ ਹੀ ਉਮੀਦ ਨਾਲ ਅਥਾਹ ਭਵਿੱਖੀ ਸੰਭਾਵਨਾਵਾਂ ਦੇ ਸੁਪਨੇ ਬੁਣ ਰਿਹਾ ਸੀ।

ਕਲੇਰ ਉਸ ਦੇ ਕੋਲ ਆਈ ਤੇ ਉਸ ਦੀ ਬਾਂਹ ਵਿਚ ਬਾਂਹ ਪਾਉਂਦੀ ਹੋਈ ਉਹ ਹੌਲ਼ੇ ਜਿਹੇ ਬੋਲੀ, “ਤੂੰ ਅੱਜ ਬਹੁਤ ਚੰਗਾ ਕੰਮ ਕੀਤਾ ਹੈ।”

“ਮੈਂ ਤੇਰੇ ਬਿਨਾ ਅਜਿਹਾ ਨਹੀਂ ਸਾਂ ਕਰ ਸਕਦਾ,” ਡੈਨੀਅਲ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ।

ਕਲੇਰ ਨੇ ਉਸ ਵੱਲ ਧਿਆਨ ਨਾਲ ਦੇਖਿਆ। “ਹੁਣ ਤੂੰ ਬਦਲ ਗਿਆ ਹੈ, ਪਰ ਮੈਨੂੰ ਲਗਦਾ ਹੈ ਕਿ ਇਹ ਇੱਕ ਵਧੀਆ ਬਦਲਾਵ ਹੈ।”

ਡੈਨੀਅਲ ਹੱਸ ਪਿਆ। “ਹੁਣ ਇਹ ਸਿਰਫ਼ ਮੈਂ ਹੀ ਨਹੀਂ ਰਿਹਾ, ਹੈ ਨਾ?”

“ਨਹੀਂ। ਅਜਿਹਾ ਤਾਂ ਨਹੀਂ,” ਉਹ ਬੋਲੀ, “ਪਰ ਸ਼ਾਇਦ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਸੀ।”

---

ਸਮਾਂ ਗੁਜ਼ਰਦਾ ਗਿਆ। ਮਹੀਨੇ ਸਾਲਾਂ ਵਿੱਚ ਬਦਲ ਗਏ। ਡੈਨੀਅਲ ਦੀ ਜ਼ਿੰਦਗੀ ਨੇ ਇੱਕ ਅਜਿਹਾ ਉਦੇਸ਼ ਅਪਨਾ ਲਿਆ, ਜਿਸ ਦੀ ਉਸ ਨੇ ਟ੍ਰਾਂਸਪਲਾਂਟ ਤੋਂ ਪਹਿਲਾਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ। ਉਹ ਅੰਗ ਦਾਨ, ਨਸਲੀ ਸਮਾਨਤਾ ਅਤੇ ਕਲਾਵਾਂ ਦਾ ਇੱਕ ਪ੍ਰੇਰਨਾਦਾਇਕ ਸਮਰਥਕ ਬਣ ਗਿਆ। ਉਹ ਅਕਸਰ ਹਮਦਰਦੀ, ਸੰਵੇਦਨਾ ਅਤੇ ਸਮਝ ਦੀ ਸਾਂਝੀ ਤਾਕਤ ਬਾਰੇ ਭਾਸ਼ਣ ਦਿੰਦਾ।

ਉਸ ਦੀ ਦੋਹਰੀ ਪਛਾਣ ਉਸ ਲਈ ਕੋਈ ਬੋਝ ਨਾ ਰਹੀ, ਸਗੋਂ ਇਹ ਉਸ ਦੀ ਤਾਕਤ ਬਣ ਗਈ, ਜੋ ਦੋ ਸੰਸਾਰਾਂ, ਜੋ ਕਦੇ ਬਹੁਤ ਦੂਰ ਜਾਪਦੇ ਸਨ, ਵਿਚਕਾਰ ਇੱਕ ਪੁਲ ਦਾ ਕੰਮ ਕਰ ਰਹੀ ਸੀ।

ਖਿੜ੍ਹੀ ਧੁੱਪ ਵਾਲੇ ਇੱਕ ਦਿਨ, ਡੈਨੀਅਲ ਸ਼ਿਕਾਗੋ ਵਿਖੇ ਏਲੀਯਾਹ ਦੀ ਯਾਦ ਨੂੰ ਸਮਰਪਿਤ ਇੱਕ ਪਾਰਕ ਵਿੱਚ ਖੜ੍ਹਾ ਸੀ। ਉਹ ਖੁੱਲ੍ਹੇ ਅਸਮਾਨ ਹੇਠ ਪੇਂਟਿੰਗ ਕਰ ਰਹੇ ਬੱਚਿਆਂ ਨਾਲ ਘਿਰਿਆ ਹੋਇਆ ਸੀ। ਉਹੀ ਨੌਜਵਾਨ ਲੜਕਾ ਜਿਸ ਨੇ ਕੁਝ ਮਹੀਨੇ ਪਹਿਲਾਂ ਉਸ ਤੋਂ ਪੇਂਟਿੰਗ ਸਿੱਖਣ ਲਈ ਕਿਹਾ ਸੀ, ਹੁਣ ਉਸ ਦੇ ਕੋਲ ਬੈਠਾ ਬੜੇ ਮਾਣ ਨਾਲ ਇੱਕ ਕੰਧ-ਚਿੱਤਰ ਬਣਾਉਣ ਦਾ ਕੰਮ ਕਰ ਰਿਹਾ ਸੀ।

“ਤੁਹਾਡਾ ਕੀ ਵਿਚਾਰ ਹੈ, ਮਿਸਟਰ ਹਾਰਪਰ?” ਮੁੰਡੇ ਨੇ ਆਪਣੇ ਕਲਾਕ੍ਰਿਤੀ ਵੱਲ ਡੈਨੀਅਲ ਦਾ ਧਿਆਨ ਖਿੱਚਦੇ ਹੋਏ ਪੁੱਛਿਆ।

ਡੈਨੀਅਲ ਮੁਸਕਰਾਇਆ, “ਮੇਰਾ ਖਿਆਲ ਹੈ ਕਿ ਤੇਰਾ ਕੰਮ ਦੇਖ ਏਲੀਯਾਹ ਨੂੰ ਖ਼ੁਸ਼ੀ ਹੋਵੇਗੀ।”

ਜਿਵੇਂ ਹੀ ਉਸ ਨੇ ਆਪਣੇ ਆਲੇ-ਦੁਆਲੇ ਦੇ ਸੰਸਾਰ ਉੱਤੇ ਝਾਤ ਮਾਰੀ, ਬੱਚਿਆਂ ਦੇ ਹਾਸੇ ਅਤੇ ਜੀਵੰਤ ਰੰਗਾਂ ਨੂੰ ਵੇਖ ਉਸ ਨੇ ਅਜਬ ਸ਼ਾਂਤੀ ਮਹਿਸੂਸ ਕੀਤੀ।

ਏਲੀਯਾਹ ਦੀ ਆਵਾਜ਼ ਹੁਣ ਚੁੱਪ ਸੀ, ਉਹ ਗਾਇਬ ਨਹੀਂ, ਸ਼ਾਂਤ ਸੀ। ਡੈਨੀਅਲ ਲਈ ਇਹ ਅੰਤ ਨਹੀਂ ਸੀ, ਸਗੋਂ ਇੱਕ ਸ਼ੁਰੂਆਤ ਸੀ। ਇੱਕ ਅਜਿਹੀ ਯਾਦ-ਦਹਾਨੀ ਦੀ ਕਿ ਇੱਕ ਦਿਲ ਸੱਚਮੁੱਚ ਸੰਸਾਰ ਨੂੰ ਬਦਲ ਸਕਦਾ ਹੈ।

---

ਪਾਰਕ ਉੱਤੇ ਸੁਨਹਿਰੀ ਕਿਰਨਾਂ ਖਿਲਾਰਦਾ ਜਿਵੇਂ ਹੀ ਸੂਰਜ ਖਿਤਿਜ ਤੋਂ ਹੇਠਾਂ ਹੋਣ ਲੱਗਾ, ਡੈਨੀਅਲ ਬੱਚਿਆਂ ਦੁਆਰਾ ਬਣਾਏ ਚਿੱਤਰਾਂ ਦੀ ਪ੍ਰਸ਼ੰਸਾ ਕਰਨ ਲਈ ਖੜ੍ਹਾ ਹੋ ਗਿਆ। ਜਿਸ ਲੜਕੇ ਨੇ ਪਹਿਲਾਂ ਉਸ ਤੋਂ ਰਾਹਨੁਮਾਈ ਦੀ ਮੰਗ ਕੀਤੀ ਸੀ, ਉਹ ਹੁਣ ਬਹੁਤ ਹੀ ਉਤਸ਼ਾਹ ਨਾਲ ਹੋਰ ਬੱਚਿਆਂ ਨੂੰ ਰੰਗ ਮਿਲਾਉਣ ਦਾ ਢੰਗ ਸਿਖਾ ਰਿਹਾ ਸੀ।

ਕਲੇਰ, ਕੌਫੀ ਦੇ ਦੋ ਕੱਪ ਲੈ ਕੇ ਡੈਨੀਅਲ ਕੋਲ ਪਹੁੰਚੀ। ਉਹ ਇੱਕ ਕੱਪ ਉਸ ਨੂੰ ਫੜ੍ਹਾਉਂਦਿਆਂ ਬੋਲੀ, “ਜ਼ਰਾ ਇਨ੍ਹਾਂ ਖ਼ੁਸ਼ੀ ਭਰਪੂਰ ਬੱਚਿਆਂ ਵੱਲ ਦੇਖੋ, ਸੱਚ ਹੀ ਤੂੰ ਬਹੁਤ ਹੀ ਵਧੀਆ ਉੱਦਮ ਸ਼ੁਰੂ ਕੀਤਾ ਹੈ।”

“ਇਹ ਸਿਰਫ ਮੈਂ ਨਹੀਂ ਹਾਂ,” ਡੈਨੀਅਲ ਨੇ ਕਿਹਾ। “ਇਹ ਏਲੀਯਾਹ ਹੈ। ਇਹ ਉਸ ਦੀ ਕਹਾਣੀ ਹੈ, ਉਸ ਦੀ ਵਿਰਾਸਤ ਹੈ।” ਉਸ ਨੇ ਨਿੱਘੀ ਨਿੱਘੀ ਕੌਫੀ ਦੀ ਚੁਸਕੀ ਦਾ ਆਨੰਦ ਲੈਂਦੇ ਹੋਏ ਕਿਹਾ, “ਸ਼ਾਇਦ ਜੀਣ ਦਾ ਇਹੋ ਹੀ ਅਸਲ ਮਤਲਬ ਹੈ– ਜੋ ਤੁਹਾਨੂੰ ਜੀਵਨ ਵਿਚ ਮਿਲਦਾ ਹੈ, ਉਸ ਤੋਂ ਵੱਧ ਹੋਰਾਂ ਨੂੰ ਵੰਡਣਾ।”

ਡੈਨੀਅਲ ਦੇ ਹੱਥ ਨੂੰ ਮਜਬੂਤੀ ਨਾਲ ਫੜ੍ਹਦਿਆਂ ਕਲੇਰ ਬੋਲੀ, “ਅਤੇ ਆਪਣੇ ਡਰਾਂ ਨਾਲੋਂ ਵੱਧ ਪਿਆਰ ਵੰਡਣਾ।”

ਜਿਵੇਂ ਹੀ ਰਾਤ ਦੇ ਅਸਮਾਨ ਵਿੱਚ ਤਾਰੇ ਬਿੰਦੀਆਂ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

**ਸਮੀਖਿਆ**



ਨਵਦੀਪ ਕੌਰ
ਬਾਬਾ ਫ਼ਰੀਦ ਕਾਲਜ, ਬਠਿੰਡਾ

## ਰਵਿੰਦਰ ਸਿੰਘ ਸੋਢੀ ਦਾ ਕਾਵਿ-ਸੰਗ੍ਰਹਿ

# 'ਰਾਵਣ ਹੀ ਰਾਵਣ'

ਰਵਿੰਦਰ ਸਿੰਘ ਸੋਢੀ ਪੰਜਾਬੀ ਦਾ ਬਹੁ-ਵਿਧਾਈ ਸਾਹਿਤਕਾਰ ਅਤੇ ਆਲੋਚਕ ਹੈ। ਹੁਣ ਤੱਕ ਲੇਖਕ ਦੀਆਂ ਆਲੋਚਨਾ, ਨਾਟਕ, ਕਹਾਣੀਆਂ, ਕਵਿਤਾਵਾਂ, ਅਨੁਵਾਦਿਤ ਸਾਹਿਤ ਅਤੇ ਸੰਪਾਦਨਾਂ ਦੀਆਂ ਲਗਭਗ ਸਵਾ ਦਰਜਨ ਦੇ ਕਰੀਬ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਰਾਵਣ ਹੀ ਰਾਵਣ' ਲੇਖਕ ਦਾ ਕਾਵਿ-ਸੰਗ੍ਰਹਿ ਹੈ, ਜਿਸ ਵਿੱਚ ਗੀਤ, ਗ਼ਜ਼ਲ ਅਤੇ ਖੁੱਲ੍ਹੀ ਕਵਿਤਾ ਦੇ ਰੂਪ ਵਿੱਚ ਕੁੱਲ 43 ਰਚਨਾਵਾਂ ਦਰਜ ਹਨ। ਇਨ੍ਹਾਂ ਰਚਨਾਵਾਂ ਰਾਹੀਂ ਲੇਖਕ ਨੇ ਜਿੱਥੇ ਵਰਤਮਾਨ ਸਮੇਂ ਦੇ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪੱਖਾਂ ਨੂੰ ਸਿੱਧੇ ਤੇ ਅਸਿੱਧੇ ਰੂਪ ਵਿੱਚ ਵਿਸ਼ਾ ਬਣਾਇਆ ਹੈ, ਉੱਥੇ ਹੀ ਮਨੁੱਖ ਦੇ ਨਿੱਜੀ ਭਾਵਾਂ ਨੂੰ ਵੀ ਟੁੰਬਿਆ ਹੈ।

'ਰਾਵਣ ਹੀ ਰਾਵਣ' ਪੁਸਤਕ ਦਾ ਸਿਰਲੇਖ ਸਧਾਰਨ ਦੀ ਬਜਾਇ ਗਹਿਰੇ ਅਰਥਾਂ ਵਿੱਚ ਆਪਣੇ ਭਾਵ ਪ੍ਰਗਟਾਉਂਦਾ ਹੋਇਆ ਸਮਾਜ ਦੇ ਹਰ ਖੇਤਰ ਵਿੱਚ ਫੈਲੀ ਹੋਈ ਬੁਰਾਈ ਵੱਲ ਸੰਕੇਤ ਕਰਦਾ ਹੈ। ਰਾਵਣ, ਰਾਮਾਇਣ ਵਿੱਚ ਬੁਰਾਈ ਦਾ ਪ੍ਰਤੀਕ ਹੈ ਅਤੇ ਲੇਖਕ ਲਈ ਸਮਾਜ ਵਿੱਚ ਮੌਜੂਦ ਵੱਖ-ਵੱਖ ਬੁਰਾਈਆਂ ਦਾ ਅਧਿਕਾਰਿਕ ਰੂਪ ਹੈ। ਜਿੱਥੇ ਰਾਮਾਇਣ ਕਾਲ ਵਿੱਚ ਸਿਰਫ ਇੱਕ ਰਾਵਣ ਸੀ, ਉੱਥੇ ਆਧੁਨਿਕ ਸਮਾਜ ਦੀ ਹਰ ਨੁੱਕਰ ਵਿੱਚ ਬੁਰਾਈਆਂ ਦੇ ਰਾਵਣ ਖੜ੍ਹੇ ਹਨ। ਲੇਖਕ ਰਾਵਣ ਦੇ ਪ੍ਰਤੀਕ ਰਾਹੀਂ ਸਮਾਜ ਵਿੱਚ ਮੌਜੂਦ ਵਿਸੰਗਤੀਆਂ, ਧੋਖੇ ਅਤੇ ਅਨਿਆਂ ਆਦਿ ਦੀ ਗਹਿਰਾਈ ਨਾਲ ਪੜਤਾਲ ਕਰਦਾ ਹੋਇਆ ਸਮਾਜ ਦੇ ਕਣ-ਕਣ ਵਿੱਚ ਫੈਲੇ ਬੁਰਾਈ ਰੂਪੀ ਰਾਵਣ ਨੂੰ ਖ਼ਤਮ ਕਰਨ ਲਈ ਆਵਾਜ਼ ਬੁਲੰਦ ਕਰਦਾ ਹੋਇਆ ਕਹਿੰਦਾ ਹੈ,

ਹੋਰ ਵੀ ਬਹੁਤ ਰਾਵਣ ਫਿਰ ਰਹੇ ਚੁਫੇਰੇ
ਪੁਤਲਿਆਂ ਨੂੰ ਅੱਗ ਲਾ ਬੁਰਾਈ ਤੇ ਸੱਚਾਈ ਦਾ
ਨਾਹਰਾ ਲਾਉਣ ਨਾਲ ਹੀ ਬੁਰਾਈ ਖਤਮ ਨਾ ਹੋਵੇ
ਇਕੱਲੇ-ਇਕੱਲੇ ਰਾਵਣ ਨੂੰ ਸਬਕ ਸਿਖਾਉਣ ਦਾ
ਅੱਗ ਲਾਉਣ ਦਾ ਪ੍ਰਬੰਧ ਕਰੋ, ਪ੍ਰਬੰਧ ਕਰੋ।

ਇਸ ਪੁਸਤਕ ਵਿੱਚ ਕਈ ਕਵਿਤਾਵਾਂ ਰਾਜਨੀਤਿਕ ਹਾਲਾਤ 'ਤੇ ਤਿੱਖੇ ਤਨਜ਼ ਕਰਦੀਆਂ ਹਨ; ਜਿਵੇਂ ਕਵਿਤਾ 'ਡਾਇਨਾਸੋਰ' ਸੱਤਾ ਦੀ ਭੁੱਖ ਅਤੇ ਰਾਜਨੀਤਿਕ ਲਾਲਚ ਨੂੰ ਬੇਨਕਾਬ ਕਰਦੀ ਹੈ,

ਆਪਣੀ-ਆਪਣੀ ਕੁਰਸੀ ਦੇ ਲਾਲਚ ਵਿੱਚ,
ਇੱਕ ਦੇਸ਼ ਦੇ ਦੋ ਹਿੱਸੇ ਬਣਾਉਣ ਵਾਲੇ,
ਅਣਗਿਣਤ ਲੋਕਾਂ ਦੇ ਖ਼ੂਨ ਨਾਲ ਨਹਾਉਂਦੇ ਰਹੇ।

ਇਸੇ ਤਰ੍ਹਾਂ ਹੀ ਕਵਿਤਾ 'ਸੋਚ ਦਾ ਫ਼ਰਕ' ਅਸਲੀ ਆਗੂ ਅਤੇ ਰਾਜਸੀ ਆਗੂ ਵਿੱਚ ਫਰਕ ਕਰਦੀ ਹੋਈ ਰਾਜਨੀਤਿਕ ਲੀਡਰਾਂ ਦੁਆਰਾ ਭੋਲੇ-ਭਾਲੇ ਲੋਕਾਂ ਦੀ ਕੀਤੀ ਜਾਂਦੀ ਲੁੱਟ-ਖਸੁੱਟ 'ਤੇ ਕਰਾਰੀ ਚੋਟ ਕਰਦੀ ਹੈ ਤੇ ਰਾਜਸੀ ਆਗੂਆਂ ਵੱਲੋਂ ਵੋਟਾਂ ਵੇਲੇ ਲੋਕਾਂ ਤੱਕ ਕੀਤੀ ਜਾਂਦੀ ਰਸਾਈ 'ਤੇ ਵੀ ਵਿਅੰਗ ਕਰਦੀ ਹੈ। ਉਹ ਲਿਖਦੇ ਹਨ,

ਰਾਜਸੀ ਨੇਤਾ ਤਾਂ ਮਤਲਬ ਤੋਂ ਬਿਨਾਂ
ਕਿਸੇ ਵੀ ਝਮੇਲੇ ਵਿੱਚ ਪੈਣ ਤੋਂ ਡਰੇ
ਚੋਣਾਂ ਵੇਲੇ ਆਮ ਲੋਕਾਂ ਸਾਹਮਣੇ
ਹੱਥ ਜੋੜ, ਸੇਵਾ ਦਾ ਇੱਕ ਹੋਰ ਮੌਕਾ
ਦੀ ਫ਼ਰਿਆਦ ਕਰੇ।

ਕਵੀ ਆਪਣੀਆਂ ਕਵਿਤਾਵਾਂ ਰਾਹੀਂ ਸਮਾਜ ਵਿੱਚ ਔਰਤਾਂ ਨਾਲ ਹੁੰਦੇ ਵਿਤਕਰੇ ਨੂੰ ਵੀ ਆਪਣਾ ਵਿਸ਼ਾ ਬਣਾਉਂਦਾ ਹੈ। ਉਹ 'ਮਾਨਸਿਕ ਬਲਾਤਕਾਰ' ਕਵਿਤਾ ਰਾਹੀਂ ਬਚਪਨ ਤੋਂ ਲੈ ਕੇ ਜਵਾਨੀ ਤੱਕ ਇੱਕ ਔਰਤ ਨਾਲ, ਹਰ ਖੇਤਰ ਵਿੱਚ ਹੁੰਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਨੂੰ ਬਿਆਨਦਾ ਹੈ ਤੇ ਔਰਤ ਨੂੰ ਮਜ਼ਬੂਤ ਬਣਨ ਦੀ ਪ੍ਰੇਰਨਾ ਵੀ ਦਿੰਦਾ ਹੈ, ਜਦੋਂ ਉਹ ਕਹਿੰਦਾ ਹੈ,

ਇਹ ਸਭ ਕੁੱਝ ਔਰਤ ਦਾ
ਮਾਨਸਿਕ ਬਲਾਤਕਾਰ ਹੀ ਹੁੰਦਾ ਹੈ।
ਇਸ ਬਲਾਤਕਾਰ ਦੀ ਸਜ਼ਾ
ਕਾਨੂੰਨ ਨਹੀਂ
ਔਰਤ ਆਪ ਤੈਅ ਕਰ ਸਕਦੀ ਹੈ
ਬਸ਼ਰਤੇ ਉਸਦੀਆਂ ਬਾਹਾਂ ਵਿਚ
ਰੰਗ ਬਰੰਗੀਆਂ ਚੂੜੀਆਂ ਦੇ ਨਾਲ
ਹੱਥ, ਲੱਤ ਚਲਾਉਣ ਦੀ ਕਲਾ ਹੋਵੇ
ਸਮਾਜ ਦੀ ਸ਼ਰਮ ਨਾਲੋਂ
ਦਿਲੋ ਦਿਮਾਗ ਵਿਚ ਇੱਕ ਲਲਕਾਰ ਹੋਵੇ।




ਕਵੀ ਆਪਣੀ ਗ਼ਜ਼ਲ ਰਾਹੀਂ ਇੱਕ ਔਰਤ ਮਨ ਵਿੱਚ ਮਾਂ ਬਣਨ ਦੀ ਪਈ ਤਾਂਘ, ਮਾਂ ਦੀ ਜੀਵਨ ਵਿੱਚ ਮਹੱਤਤਾ ਅਤੇ ਔਰਤ ਦੇ ਮਤਰੇਈ ਮਾਂ ਦੇ ਕਰੂਰ ਰੂਪ ਨੂੰ ਵੀ ਆਪਣਾ ਵਿਸ਼ਾ ਬਣਾਉਂਦਾ ਹੈ, ਜਦੋਂ ਉਹ ਕਹਿੰਦਾ ਹੈ,

ਸੁੰਨੀ ਕੁੱਖ ਤੋਂ ਜਾ ਕੇ ਪੁੱਛੋ
ਬਾਲ ਦੀ ਚਾਹਤ ਕੀ ਹੁੰਦੀ ਹੈ।
ਮਤਰੇਈ ਦੇ ਵੱਸ ਪਿਆਂ ਲਈ
ਮਾਂ ਦੀ ਚਾਹਤ ਕੀ ਹੁੰਦੀ ਹੈ।

ਲੇਖਕ ਸਮਾਜ ਦੀਆਂ ਸਮੱਸਿਆਵਾਂ ਅਤੇ ਵਿਸੰਗਤੀਆਂ ਦੇ ਨਾਲ-ਨਾਲ ਮਨੁੱਖ ਦੇ ਦਿਲ ਵਿੱਚ ਪਏ ਪਿਆਰ ਭਾਵਾਂ ਨੂੰ ਵੀ ਬੜੇ ਖ਼ੂਬਸੂਰਤ ਢੰਗ ਨਾਲ ਬਿਆਨਦਾ ਹੈ, ਜਦੋਂ ਉਹ ਲਿਖਦਾ ਹੈ,

ਕਦੇ ਉਹ ਫੁੱਲ ਬਣ ਜਾਵੇ, ਕਦੇ ਖ਼ਾਰ ਬਣ ਜਾਵੇ
ਕਦੇ ਖ਼ਿਜ਼ਾ ਜਹੀ ਲੱਗਦੀ ਕਦੇ ਬਹਾਰ ਬਣ ਜਾਵੇ।
ਉਹਦੇ ਸੁਰਮੇ ਦੀ ਧਾਰੀ ਲੱਗੇ ਸਭ ਨੂੰ ਪਿਆਰੀ
ਕਦੇ ਸੂਲਾਂ ਜਹੀ ਜਾਪੇ, ਕਦੇ ਹਾਰ ਬਣ ਜਾਵੇ।

ਪੁਸਤਕ ਵਿੱਚ ਲੇਖਕ ਨੇ ਮਨੁੱਖੀ ਜੀਵਨ ਨਾਲ ਜੁੜੇ ਹਰ ਸੁਖਦ ਅਤੇ ਤਲਖ਼ ਪਲਾਂ ਤੇ ਹਾਲਾਤ ਨੂੰ ਆਪਣਾ ਵਿਸ਼ਾ ਬਣਾਇਆ ਹੈ। ਭਾਸ਼ਾ ਸਰਲ, ਪਰ ਪ੍ਰਭਾਵਸ਼ਾਲੀ ਹੈ। ਲੇਖਕ ਨੇ ਕਾਵਿ ਦੇ ਵੱਖ-ਵੱਖ ਰੂਪਾਂ- ਗੀਤ, ਗ਼ਜ਼ਲ ਅਤੇ ਕਵਿਤਾਵਾਂ ਰਾਹੀਂ ਆਪਣੇ ਵਿਚਾਰਾਂ ਨੂੰ ਮਜ਼ਬੂਤੀ ਨਾਲ ਪੇਸ਼ ਕੀਤਾ ਹੈ। ਹਰ ਰਚਨਾ ਦੇ ਸ਼ਬਦਾਂ ਦੀ ਚੋਣ ਅਤੇ ਪੇਸ਼ਕਾਰੀ ਉਨ੍ਹਾਂ ਦੀ ਲਿਖਣ ਦੀ ਸਮਝ ਅਤੇ ਕਲਾ ਨੂੰ ਦਰਸਾਉਂਦੀ ਹੈ।


ਰਵਿੰਦਰ ਸਿੰਘ ਸੋਢੀ

'ਰਾਵਣ ਹੀ ਰਾਵਣ' ਸਿਰਫ ਕਾਵਿ ਸੰਗ੍ਰਹਿ ਨਹੀਂ, ਸਗੋਂ ਸਮਾਜ ਦੇ ਵੱਖ-ਵੱਖ ਮੁੱਦਿਆਂ ਦਾ ਦਰਪਣ ਹੈ। ਲੇਖਕ ਨੇ ਆਪਣੇ ਸ਼ਬਦਾਂ ਦੇ ਜ਼ਰੀਏ ਸਮਾਜ ਦੇ ਅਸਲੀ ਚਿਹਰੇ ਨੂੰ ਬੇਨਕਾਬ ਕੀਤਾ ਹੈ। ਉਨ੍ਹਾਂ ਦੀ ਸਮਾਜਿਕ ਸੱਚਾਈ ਅਤੇ ਸੰਵੇਦਨਸ਼ੀਲਤਾ ਕਾਬਿਲ-ਏ-ਤਾਰੀਫ਼ ਹੈ। ਇਹ ਪੁਸਤਕ ਸਿਰਫ ਪਾਠਕਾਂ ਦੇ ਸੁਹਜ ਸਵਾਦ ਦੀ ਤ੍ਰਿਪਤੀ ਹੀ ਨਹੀਂ ਕਰਦੀ, ਬਲਕਿ ਉਨ੍ਹਾਂ ਨੂੰ ਸਮਾਜਕ ਬਦਲਾਅ ਲਈ ਪ੍ਰੇਰਿਤ ਵੀ ਕਰਦੀ ਹੈ।

'ਰਾਵਣ ਹੀ ਰਾਵਣ' ਜਿੱਥੇ ਪਾਠਕਾਂ ਅਤੇ ਆਲੋਚਕਾਂ ਲਈ ਮਾਣਨ ਅਤੇ ਅਧਿਐਨ ਦੀ ਪੁਸਤਕ ਹੈ, ਉੱਥੇ ਹੀ ਆਦਰਸ਼ ਸਮਾਜ ਦੀ ਨਿਰਮਾਣਕਾਰੀ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਵੀ ਹੈ। ਇਹ ਪੁਸਤਕ ਵਿਚਲੀਆਂ ਰਚਨਾਵਾਂ ਪਾਠਕਾਂ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੰਦੀਆਂ ਹੋਈਆਂ ਸੱਚ ਦੇ ਮਾਰਗ 'ਤੇ ਚੱਲਣ ਅਤੇ ਸਮਾਜ ਨੂੰ ਬਿਹਤਰ ਬਣਾਉਣ ਲਈ ਪ੍ਰੇਰਨ ਦੇ ਸਮਰੱਥ ਹਨ। ਪੁਸਤਕ 80 ਪੰਨਿਆਂ ਦੀ ਹੈ ਅਤੇ ਜੇ.ਪੀ. ਪਬਲੀਕੇਸ਼ਨ ਨੇ ਪ੍ਰਕਾਸ਼ਿਤ ਕੀਤੀ ਹੈ, ਤੇ ਕੀਮਤ 130 ਰੁਪਏ ਹੈ।

## 'ਰਾਵਣ ਹੀ ਰਾਵਣ' ਵਿੱਚੋਂ ਕੁਝ ਰਚਨਾਵਾਂ

### ਗ਼ਜ਼ਲ

ਕਦੇ ਜਿੱਤਾਂ ਦੇ ਕਦੇ ਹਾਰਾਂ ਦੇ, ਕਦੇ ਫੁੱਲਾਂ ਦੇ ਕਦੇ ਖਾਰਾਂ ਦੇ
ਚਰਚੇ ਤਾਂ ਹੁੰਦੇ ਰਹਿਣ ਸਦਾ, ਕਦੇ ਵਸਲਾਂ ਦੇ ਕਦੇ ਪਿਆਰਾਂ ਦੇ।

ਇਹ ਬੱਦਲ ਕਾਲੇ-ਕਾਲੇ ਜੋ, ਕਦੇ ਨਾਲ ਕੰਜੂਸੀ ਵਰ੍ਹਦੇ ਨੇ,
ਆਪਣੇ ਕਈ ਰੰਗ ਦਿਖਾ ਜਾਂਦੇ, ਕਦੇ ਡੋਬੂ ਬਣਨ ਕਿਆਰਾਂ ਦੇ।

ਲੰਮੀ ਜੋ ਉਡਾਰੀ ਲਾਉਣੀ ਹੈ, ਬੱਸ ਜੁੰਬਸ਼ ਹੋਣੀ ਚਾਹੀਦੀ
ਖੰਭ ਆਪੇ ਸਾਥ ਨਿਭਾਵਣਗੇ, ਅੰਬਰ ਵੱਲ ਤੇਰੀਆਂ ਮਾਰਾਂ ਦੇ।

ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ, ਰਾਹਾਂ ਵਿਚ ਰੁਕਣਾ ਵੀ ਪੈਣਾ
ਟੀਸੀ 'ਤੇ ਜਦ ਪਰਚਮ ਲਹਿਰਾਏ, ਕਿੱਸੇ ਯਾਦ ਆਉਣ ਫੇਰ ਠਾਹਰਾਂ ਦੇ।

ਕੀ ਹੋਇਆ ਖਿਜਾਂ ਹੈ ਜੇ ਆਈ, ਇਸ ਨੂੰ ਵੀ ਸਹਿਣਾ ਹੀ ਪੈਣਾ
ਦਿਲ ਦੇ ਵਿੱਚ ਯਕੀਨ ਇਹ ਰੱਖ, ਇੱਥੇ ਪੈਰ ਵੀ ਪੈਣੇ ਬਹਾਰਾਂ ਦੇ।

ਲੁਕ-ਛਿਪ ਕੇ ਜੋ ਵਾਰ ਕਰਨ, ਇਹ ਕੰਮ ਨੇ ਧੋਖੇਬਾਜ਼ਾਂ ਦੇ
ਦੁਸ਼ਮਣ ਨੂੰ ਲਲਕਾਰਦੇ ਜੋ, ਇਹ ਹੌਸਲੇ ਹੋਣ ਸਰਦਾਰਾਂ ਦੇ।

ਦੋ ਮੂੰਹਿਆਂ ਦੇ ਸਿਰ ਫੇਹਣ ਲਈ, ਲੋੜ ਨਹੀਂ ਹੈ ਜ਼ੋਰਾਂ ਦੀ
ਢੰਗ ਹੱਥ ਪਾਉਣ ਦਾ ਸਿੱਖ ਲੈ ਤੂੰ, ਵਿੱਚ ਪਹਾੜਾਂ ਦੀਆਂ ਦਰਾਰਾਂ ਦੇ।

### ਕੈਦ ਕਰੋ, ਕੈਦ ਕਰੋ

ਇਹ ਰੁੱਤਾਂ ਕਿੱਥੋਂ ਆਈਆਂ ਨੇ, ਜੋ ਆਪਣੀ ਮਰਜ਼ੀ ਬਦਲ ਦੀਆਂ
ਇਹ ਪੌਣਾਂ ਕਿਹੜੇ ਦੇਸ ਦੀਆਂ, ਜੋ ਬਿਨ ਪੁੱਛੇ ਹੀ ਰੁਮਕਦੀਆਂ
ਇਹਨਾਂ ਰੁੱਤਾਂ ਨੂੰ ਵੀ ਕੈਦ ਕਰੋ, ਇਹਨਾਂ ਪੌਣਾਂ ਨੂੰ ਵੀ ਕੈਦ ਕਰੋ
ਕੈਦ ਕਰੋ, ਕੈਦ ਕਰੋ।

ਇਹ ਰੁੱਖ ਕਿਵੇਂ ਮਸਤੀ 'ਚ ਖੜ੍ਹੇ, ਸਾਡੇ ਰਾਹਾਂ 'ਚੋਂ ਨਹੀਂ ਹਟਦੇ
ਇਹ ਬੁੱਤ ਕਿਵੇਂ ਜੋ ਤਣੇ-ਤਣੇ, ਸਾਨੂੰ ਸਲਾਮਾਂ ਨਹੀਂ ਕਰਦੇ
ਇਹਨਾਂ ਰੁੱਖਾਂ ਨੂੰ ਵੀ ਕੈਦ ਕਰੋ, ਇਹਨਾਂ ਬੁੱਤਾਂ ਨੂੰ ਵੀ ਕੈਦ ਕਰੋ
ਕੈਦ ਕਰੋ, ਕੈਦ ਕਰੋ।

ਸਾਡੀ ਬੋਹਰਾਂ ਦੀ ਬਾੜੀ ਵਿੱਚ, ਚੌਲਾਂ ਦੀ ਖਿੜੀ ਬਹਾਰ ਕਿਵੇਂ
ਰੰਗ ਬਰੰਗੀਆਂ ਤਿਤਲੀਆਂ ਦੀ, ਫੁੱਲਾਂ 'ਤੇ ਆਈ ਡਾਰ ਕਿਵੇਂ
ਇਹਨਾਂ ਫੁੱਲਾਂ ਨੂੰ ਵੀ ਕੈਦ ਕਰੋ, ਇਹਨਾਂ ਤਿਤਲੀਆਂ ਨੂੰ ਵੀ ਕੈਦ ਕਰੋ
ਕੈਦ ਕਰੋ, ਕੈਦ ਕਰੋ।

ਉਹ ਕਿਹੜੇ ਨੇ ਕਲਮਾਂ ਵਾਲੇ, ਜੋ ਸਾਡੇ 'ਤੇ ਤਨਜ਼ਾਂ ਕੱਸਦੇ
ਉਹ ਕਿਹੜੇ ਨੇ ਗੁਸਤਾਖ ਲੋਕ, ਜੋ ਸਾਡੀ ਹਰ ਗੱਲ 'ਤੇ ਹੱਸਦੇ
ਇਹ ਕਲਮਾਂ ਵਾਲੇ ਕੈਦ ਕਰੋ, ਇਹ ਹੱਸਣ ਵਾਲੇ ਕੈਦ ਕਰੋ
ਕੈਦ ਕਰੋ, ਕੈਦ ਕਰੋ।

ਜੋਬਨ ਮੱਤੀਆਂ ਮੁਟਿਆਰਾਂ ਨੇ, ਜਾਗੋ ਦੀ ਲਾਈ ਹੇਕ ਹੈ ਕਿਉਂ
ਮੁੱਛ-ਫੁੱਟ ਗੱਭਰੂ ਜਵਾਨਾਂ ਨੇ, ਨਗਾਰੇ 'ਤੇ ਲਾਈ ਚੋਟ ਹੈ ਕਿਉਂ
ਇਹਨਾਂ ਮੁਟਿਆਰਾਂ ਨੂੰ ਕੈਦ ਕਰੋ, ਇਹ ਗੱਭਰੂ ਵੀ ਕੈਦ ਕਰੋ
ਕੈਦ ਕਰੋ, ਕੈਦ ਕਰੋ।

ਹੌਸਲਾ ਬੁੱਢੇ ਬਾਬਿਆਂ ਦਾ, ਦੇਖੇ ਕੁੱਲ ਜਹਾਨ ਪਿਆ
ਕੇਸਰੀ ਚੁੰਨੀਆਂ ਵਾਲੀਆਂ ਨੇ ਵੀ, ਕੀਤਾ ਸਾਨੂੰ ਪ੍ਰੇਸ਼ਾਨ ਬੜਾ
ਇਹ ਬੁੱਢੇ ਬਾਬੇ ਕੈਦ ਕਰੋ, ਇਹ ਕੇਸਰੀ ਚੁੰਨੀਆਂ ਕੈਦ ਕਰੋ
ਕੈਦ ਕਰੋ, ਕੈਦ ਕਰੋ।

### ਗ਼ਜ਼ਲ

ਕਦੇ ਮਹਿਮਾਨ ਸੀ ਰੱਬ ਵਰਗੇ, ਹੁਣ ਇੱਕ ਵੀ ਵਾਧੂ ਲੱਗਦਾ ਹੈ
ਘਰ ਦਾ ਹਰ ਵਿਹਲਾ ਬੰਦਾ, ਹੁਣ ਸਭ ਨੂੰ ਵਾਧੂ ਲੱਗਦਾ ਹੈ।

ਘਰ ਦੇ ਬਜ਼ੁਰਗਾਂ ਨੂੰ ਕਦੇ, ਘਰ ਦਾ ਜਿੰਦਰਾ ਕਹਿੰਦੇ ਸੀ
ਹੁਣ ਤਾਂ ਘਰ ਦੇ ਹਰ ਕਮਰੇ 'ਤੇ, ਵੱਖਰਾ ਜਿੰਦਰਾ ਲੱਗਦਾ ਹੈ।

ਇੱਕ ਰੂਹ ਦੋ ਜਿਸਮ ਜਿਹਾ, ਕਦੇ ਮੀਆਂ-ਬੀਵੀ ਦਾ ਰਿਸ਼ਤਾ ਸੀ
ਹੁਣ ਤਾਂ ਦਿਨ ਵਿੱਚ ਕਈ ਬਾਰ, ਦੋਹਾਂ ਦਾ ਅਖਾੜਾ ਲੱਗਦਾ ਹੈ।

ਗਰਮੀ ਸਰਦੀ ਬੁੱਢਾ ਬਾਪੂ, ਵਿਹੜੇ ਦੇ ਵਿੱਚ ਰੁਲਦਾ ਰਹੇ
ਟਿੱਲੇ ਵਾਲੇ ਸਾਧ ਦਾ ਆਸਣ, ਘਰ ਦੇ ਅੰਦਰ ਲੱਗਦਾ ਹੈ।

ਰੱਬ ਦੇ ਘਰ ਵਿੱਚ ਚੋਰ ਉਚੱਕੇ, ਲੰਬੇ ਚੋਲ਼ੇ ਪਾਈ ਫਿਰਨ
ਤਾਂ ਹੀ ਦਾਨ ਪਾਤਰਾਂ 'ਤੇ ਹੁਣ, ਮੋਟਾ ਜਿੰਦਰਾ ਲੱਗਦਾ ਹੈ।

ਚੌਂਕ 'ਚ ਬੈਠੇ ਮਜ਼ਦੂਰਾਂ ਵਾਂਗੂ, ਨੇਤਾ ਜੀ ਵੀ ਤਿਆਰ ਖੜੇ
ਮਰੀਆਂ ਜ਼ਮੀਰਾਂ ਵਾਲਿਆਂ ਦਾ ਹੁਣ, ਦੇਖੋ ਕਦੋਂ ਮੁੱਲ ਲੱਗਦਾ ਹੈ।

ਤੋਤੇ, ਚਿੜੀਆਂ, ਗੋਲੇ ਕਬੂਤਰ, ਲੱਭਿਆਂ ਵੀ ਹੁਣ ਲੱਭਦੇ ਨਹੀਂ
ਗਊਆਂ, ਵੱਛੀਆਂ ਤੇ ਸਾਨ੍ਹਾਂ ਦਾ, ਮੇਲਾ ਸੜਕਾਂ 'ਤੇ ਲੱਗਦਾ ਹੈ।

ਵਿਦੇਸ਼ਾਂ ਵਿੱਚ ਪੱਕੇ ਹੋਣ ਲਈ, ਵਿਆਹ ਵੀ ਕੱਚੇ ਹੋ ਗਏ ਨੇ
ਇਸ਼ਤਿਹਾਰ ਕੱਚੇ ਵਿਆਹਵਾਂ ਦਾ, ਅਖ਼ਬਾਰਾਂ ਵਿੱਚ ਲੱਗਦਾ ਹੈ।

ਸ਼ਰਮ ਹਿਆ ਤਾਂ ਉਡ ਹੀ ਗਈ, ਬੇਸ਼ਰਮੀ ਦਾ ਆਲਮ ਹੈ
ਮੇਲਾ ਨੰਗੇ ਜਿਸਮਾਂ ਦਾ, ਹੁਣ ਸ਼ੱਰ੍ਹੇਆਮ ਹੀ ਲਗਦਾ ਹੈ।

ਏਕੇ ਦੇ ਵਿੱਚ ਬਰਕਤ ਭਾਰੀ, ਇਸ ਗੱਲ ਦੀ ਹੁਣ ਸਮਝ ਪਈ
ਇੱਕ ਹੀ ਬੋਤਲ ਦੇ ਵਿੱਚੋਂ, ਪੈੱਗ ਸਾਰੇ ਟੱਬਰ ਦਾ ਲੱਗਦਾ ਹੈ।

## ਦੋ ਦਿਲ, ਇੱਕ ਧੜਕਣ

ਵਾਂਗ ਚਮਕਣ ਲੱਗੇ, ਉਹ ਵਿਸ਼ਾਲ ਅੰਬਰ ਹੇਠ ਚੁੱਪਚਾਪ ਖੜ੍ਹੇ ਤਾਰਿਆਂ ਨੂੰ ਨਿਹਾਰ ਰਹੇ ਸਨ। ਡੈਨੀਅਲ ਨੇ ਧੁਰ ਅੰਦਰ ਅਜਬ ਸ਼ਾਂਤੀ ਮਹਿਸੂਸ ਕੀਤੀ, ਜਿਸ ਤੋਂ ਉਹ ਸਾਲਾਂ ਬੱਧੀ ਅਣਜਾਣ ਸੀ। ਏਲੀਯਾਹ ਦਾ ਦਿਲ ਸਿਰਫ਼ ਉਸਨੂੰ ਜ਼ਿੰਦਾ ਹੀ ਨਹੀਂ ਸੀ ਰੱਖ ਰਿਹਾ, ਇਹ ਉਸ ਦੀ ਰਾਹਨੁਮਾਈ ਵੀ ਕਰ ਰਿਹਾ ਸੀ। ਉਸ ਦੀਆਂ ਰਚਨਾਵਾਂ ਵਿਚ ਅਜਿਹੀ ਦਾਸਤਾਨ ਮਿਲ ਰਿਹਾ ਸੀ, ਜੋ ਉਹ ਇਕੱਲੇ ਕਦੇ ਵੀ ਬਿਆਨ ਨਹੀਂ ਸੀ ਕਰ ਸਕਦਾ।

---

ਕਈ ਸਾਲਾਂ ਬਾਅਦ, ਇਹ ਪਾਰਕ ਨੌਜਵਾਨ ਕਲਾਕਾਰਾਂ ਅਤੇ ਸੁਪਨਸਾਜ਼ਾਂ ਲਈ ਇੱਕ ਪਨਾਹਗਾਹ ਬਣ ਗਿਆ। ਪਾਰਕ ਦੇ ਠੀਕ ਵਿਚਕਾਰ ਇੱਕ ਕਾਲੇ ਲੜਕੇ ਦਾ ਉੱਚਾ ਬੁੱਤ ਮੌਜੂਦ ਸੀ, ਜੋ ਤਾਰਿਆਂ ਵੱਲ ਦੇਖ ਰਿਹਾ ਸੀ। ਬੁੱਤ ਦੇ ਪੈਰਾਂ ਕੋਲ ਜੜੀ ਤਖ਼ਤੀ ਉੱਤੇ ਲਿਖਿਆ ਸੀ, "ਏਲੀਯਾਹ ਬਰੂਕਸ ਦੀ ਯਾਦ ਵਿੱਚ, ਜਿਸ ਦੇ ਦਿਲ ਨੇ ਤਬਦੀਲੀ ਲਈ ਪ੍ਰੇਰਿਤ ਕੀਤਾ ਅਤੇ ਡੈਨੀਅਲ ਹਾਰਪਰ ਦੇ ਉੱਦਮ ਲਈ, ਜਿਸ ਨੇ ਇਸ ਨੂੰ ਅੱਗੇ ਵਧਾਇਆ। ਉਨ੍ਹਾਂ ਦੋਹਾਂ ਨੇ ਸਾਨੂੰ ਸਿਖਾਇਆ ਕਿ ਪਿਆਰ ਹੀ ਆਪਸੀ ਸਮਝ ਦਾ ਆਧਾਰ ਹੈ।"

ਡੈਨੀਅਲ, ਜੋ ਹੁਣ ਬੁੱਢਾ ਹੋ ਗਿਆ ਸੀ, ਪਰ ਅਜੇ ਵੀ ਕਾਰਜਸ਼ੀਲ ਸੀ, ਬੁੱਤ ਦੇ ਨੇੜੇ ਬੈਠਾ ਚਿੱਤਰ ਬਣਾ ਰਿਹਾ ਸੀ। ਇੱਕ ਬੱਚੀ ਹੱਥ ਵਿੱਚ ਸਕੈੱਚ ਬੁੱਕ ਫੜ੍ਹੀ ਉਸ ਕੋਲ ਆਈ, "ਹਾਰਪਰ ਅੰਕਲ, ਕੀ ਤੁਸੀਂ ਮੈਨੂੰ ਸਿਖਾਓਗੇ?" ਉਸ ਨੇ ਹਿਚਕਚਾਂਦੇ ਹੋਏ ਪੁੱਛਿਆ।

ਪਿਆਰ ਭਰੀ ਤੱਕਣੀ ਨਾਲ ਉਸ ਨੂੰ ਦੇਖ ਉਹ ਮੁਸਕਰਾਇਆ। "ਜ਼ਰੂਰ। ਆਓ ਦੇਖੀਏ ਤੁਸੀਂ ਕੀ ਬਣਾਇਆ ਹੈ।" ਉਹ ਬੋਲਿਆ।

ਜਿਵੇਂ ਹੀ ਉਹ ਸਕੈਚ ਦੇਖਣ ਲਈ ਝੁਕਿਆ, ਪਾਰਕ ਵਿੱਚ ਮੌਜੂਦ ਖੁਸ਼ਨੁਮਾ ਜ਼ਿੰਦਗੀ ਦੀਆਂ ਆਵਾਜ਼ਾਂ ਨਾਲ ਰਲਗੱਡ ਹਾਸੇ ਦੀ ਫੁਹਾਰ ਚਾਰੇ ਪਾਸੇ ਫੈਲ ਗਈ। ਹਨੇਰੇ ਅੰਬਰ ਵਿੱਚ ਤਾਰੇ ਟਿਮਟਿਮਾ ਰਹੇ ਸਨ, ਜਿਵੇਂ ਕਿ ਉਹ ਤਬਦੀਲੀ, ਇਤਫ਼ਾਕ ਅਤੇ ਉਮੀਦ ਦੀ ਕਹਾਣੀ ਦੇ ਖਾਮੋਸ਼ ਗਵਾਹ ਹੋਣ।

ਇਹ ਅੰਤ ਨਹੀਂ, ਸਗੋਂ ਇੱਕ ਲਗਾਤਾਰਤਾ ਸੀ। ਇੱਕ ਖੁੱਲ੍ਹੀ ਸੜਕ ਵਾਂਗ, ਜੋ ਇੱਕ ਸ਼ਾਨਦਾਰ ਤੇ ਸਾਂਝੀਵਾਲਤਾ ਵਾਲੇ ਭਵਿੱਖ ਵੱਲ ਲੈ ਜਾ ਰਹੀ ਹੋਵੇ ਅਤੇ ਇਸ ਸਭ ਦੇ ਕੇਂਦਰ ਵਿਚ, ਦੋ ਜ਼ਿੰਦਗੀਆਂ, ਇੱਕ ਧੜਕਣ ਦੀ ਸਾਂਝ, ਨਾਲ ਹਮੇਸ਼ਾ ਲਈ ਆਪਸ ਵਿੱਚ ਜੁੜੀਆਂ ਹੋਈਆਂ ਸਨ।

ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

## ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ


**19 ਜੁਲਾਈ 2025**

*(ਸ਼ਨਿਚਰਵਾਰ) ਸ਼ਾਮ 6:30 ਤੋਂ ਰਾਤ 11:00 ਵਜੇ ਤੱਕ*

**ਸਥਾਨ: Atlantis Banquets**
1273 North Rand Road,
Arlington Heights, IL 60004

ਅਸੀਂ ਸਮੂਹ ਭਾਈਚਾਰੇ ਦੇ ਸ਼ੁਭਚਿੰਤਕਾਂ, ਸਹਿਯੋਗੀਆਂ ਤੇ ਪੰਜਾਬੀ ਸੰਸਥਾਵਾਂ ਅਤੇ ਇਸ਼ਤਿਹਾਰਦਾਤਾਵਾਂ, ਲੇਖਕਾਂ ਤੇ ਪਾਠਕਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੇ ਹਾਂਪੱਖੀ ਹੁੰਗਾਰੇ ਸਦਕਾ ਅਖਬਾਰ ਦਾ ਦੂਜਾ ਸਾਲਾਨਾ ਸਮਾਗਮ ਕਰਵਾਉਣ ਲਈ ਸਬੱਬ ਬਣਿਆ ਹੈ। ਭਵਿੱਖ ਵਿੱਚ ਵੀ ਆਪ ਸਭ ਦੇ ਸਹਿਯੋਗ, ਮਦਾਦ ਅਤੇ ਸ਼ੁਭਕਾਮਨਾਵਾਂ ਦੀ ਉਮੀਦ ਤੇ ਸੁਝਾਵਾਂ ਦੀ ਉਡੀਕ ਰਹੇਗੀ...

### ਸਤਿਕਾਰਯੋਗ ਬੋਰਡ ਮੈਂਬਰ



ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ


ਬਿਕਰਮ ਸਿੰਘ ਸਿੱਧੂ



ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ